Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

REALTYONEGROUP

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 18, Issue- 816, 22 to 28 Aug., 2024, Ph: 916-320-9444, E-mail: punjabmailusa@yahoo.com, Web: punjabmailusa.com

## ਬਾਇਡਨ ਵੱਲੋਂ ਡੈਮੋਕ੍ਰੇਟਿਕ ਪਾਰਟੀ ਕਨਵੈਨਸ਼ਨ 'ਚ ਟਰੰਪ ਦੀ ਆਲੋਚਨਾ

■ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਹੋਏ ਭਾਵੁਕ



ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਸ਼ਿਕਾਗੋ ਵਿਖੇ ਡੈਮੋਕ੍ਰੇਟਿਕ ਕਨਵੈਨਸ਼ਨ ਪਾਰਟੀ ਸੰਮੇਲਨ 'ਚ ਭਾਵੁਕ ਹੋ ਗਏ ਅਤੇ ਭਰੇ ਮਨ ਨਾਲ ਹੰਝੂ ਵਹਾਏ। ਸ਼ਿਕਾਗੋ 'ਚ ਆਯੋਜਿਤ ਡੈਮੋਕ੍ਰੇਟਿਕ ਸੰਮੇਲਨ 'ਚ ਜੋਅ ਬਾਇਡਨ ਆਪਣੇ ਪਰਿਵਾਰ ਸਮੇਤ ਸ਼ਾਮਲ ਹੋਏ। ਇਸ ਮੌਕੇ ਜਦੋਂ ਉਹ ਸਟੇਜ 'ਤੇ ਆਏ, ਤਾਂ ਉਨ੍ਹਾਂ ਦੀ ਬੇਟੀ ਐਸ਼ਲੇ ਬਾਇਡਨ ਨੇ ਬਾਇਡਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਪਿਤਾ ਔਰਤਾਂ ਦੀ ਕਦਰ ਕਰਦੇ ਹਨ ਅਤੇ ਉਨ੍ਹਾਂ 'ਤੇ ਭਰੋਸਾ ਕਰਦੇ ਹਨ। ਬਾਇਡਨ ਅਚਾਨਕ ਆਪਣੀ ਧੀ ਦੇ ਸ਼ਬਦਾਂ ਤੋਂ ਪ੍ਰਭਾਵਿਤ ਹੋ ਗਏ ਅਤੇ ਹੰਝੂਆਂ ਦੀ ਝੜੀ ਲਾ ਦਿੱਤੀ ਅਤੇ ਉਹ ਝੱਟ ਹੀ ਇਕ ਪਾਸੇ ਹੋ ਗਏ। ਇਸ ਤੋਂ ਬਾਅਦ ਉਨ੍ਹਾਂ ਨੇ ਅਮਰੀਕਾ ਨੂੰ 'ਆਈ ਲਵ ਯੂ' ਕਹਿ ਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਆਪਣਾ ਭਾਸ਼ਣ ਸ਼ੁਰੂ ਕੀਤਾ। ਆਪਣੇ ਸੰਬੋਧਨ 'ਚ ਬਾਇਡਨ ਨੇ ਕਿਹਾ ਕਿ ਅਮਰੀਕੀ ਰਾਜਨੀਤੀ ਵਿਚ ਹਿੰਸਾ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਦੀ ਰੱਖਿਆ ਕਰਨਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਇਸ ਆਦੇਸ਼ ਵਿਚ ਬਾਇਡਨ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਖਤ ਪੱਧਰ 'ਤੇ ਆਲੋਚਨਾ ਕੀਤੀ ਅਤੇ ਕਿਹਾ ਕਿ ਅਮਰੀਕਾ ਦਾ ਸਨਮਾਨ ਬਹੁਤ ਮਹੱਤਵਪੂਰਨ ਹੈ। ਇਸ ਦੇਸ਼ ਵਿਚ ਨਫ਼ਰਤ ਦੀ ਕੋਈ ਥਾਂ ਨਹੀਂ ਹੈ। ਟਰੰਪ ਪ੍ਰਸ਼ਾਸਨ ਦੇ ਅਧੀਨ ਇੱਥੇ ਕੋਈ ਵੀ ਵਿਕਾਸ ਨਹੀਂ ਹੋਇਆ ਹੈ। ਜੇਕਰ ਸਾਡੇ ਕੋਲ ਵਧੀਆ ਬੁਨਿਆਦੀ ਢਾਂਚਾ ਨਹੀਂ ਹੈ, ਤਾਂ ਅਸੀਂ ਵਧੀਆ ਅਰਥਵਿਵਸਥਾ ਕਿਵੇਂ ਹੋ ਸਕਦੇ ਹਾਂ? ਟਰੰਪ ਆਪਣੇ ਰਾਸ਼ਟਰਪਤੀ ਕਾਰਜਕਾਲ ਦੌਰਾਨ ਹਰ ਹਫ਼ਤੇ ਬੁਨਿਆਦੀ ਢਾਂਚੇ ਨੂੰ ਲੈ ਕੇ ਵਾਅਦੇ ਕਰਦੇ ਰਹੇ ਹਨ। ਪਰ ਇੱਕ ਵੀ ਕੰਮ ਪੂਰਾ ਨਹੀਂ ਹੋਇਆ। ਸਾਡੀ ਸਰਕਾਰ ਦੌਰਾਨ ਅਸੀਂ ਹਵਾਈ ਅੱਡਿਆਂ, ਬੰਦਰਗਾਹਾਂ, ਰੇਲਾਂ, ਸੜਕਾਂ, ਪੁਲਾਂ ਅਤੇ ਬੱਸਾਂ ਦਾ

■ ਬਾਕੀ ਖਬਰ ਸਫਾ 19 'ਤੇ

## ਅਮਰੀਕਾ ਦੇ ਨਵੇਂ ਵੀਜ਼ਾ ਬੁਲੇਟਿਨ 'ਚ ਕੋਈ ਖਾਸ ਤਬਦੀਲੀ ਨਹੀਂ ਹੋਈ

■ ਪਰਿਵਾਰਕ ਬਿਨੈਕਾਰਾਂ 'ਚ ਪਾਇਆ ਜਾ ਰਿਹੈ ਰੋਸ




ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਆਪਣਾ ਨਵਾਂ ਵੀਜ਼ਾ ਬੁਲੇਟਿਨ ਪੇਸ਼ ਕੀਤਾ ਗਿਆ ਹੈ, ਜਿਸ ਅਨੁਸਾਰ ਪਰਿਵਾਰਕ ਵੀਜ਼ਿਆਂ ਵਿਚ ਬਿਲਕੁਲ ਮਾਮੂਲੀ ਹਿੱਲਜੁੱਲ ਹੋਈ ਹੈ। ਜਿਸ ਕਰਕੇ ਬਿਨੈਕਾਰਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਬਾਲਗ ਅਮਰੀਕੀ ਨਾਗਰਿਕਾਂ ਦੇ ਭੈਣ-ਭਰਾ F-4 ਸ਼੍ਰੇਣੀ ਅਧੀਨ ਆਉਂਦੇ ਹਨ। ਭਾਰਤੀਆਂ ਲਈ ਉਨ੍ਹਾਂ ਦਾ ਸਟੇਟਸ ਅਤੇ ਵੀਜ਼ਾ ਕੱਟ-ਆਫ ਮਿਤੀ ਪਿਛਲੇ ਮਹੀਨੇ ਵਾਂਗ 15 ਜੂਨ, 2006 ਹੀ ਦਰਸਾਈ ਗਈ ਹੈ। ਯਾਨੀ ਕਿ ਇਸ ਵਿਚ ਕੋਈ ਹਿੱਲਜੁੱਲ ਨਹੀਂ ਹੋਈ। ਇਸੇ ਤਰ੍ਹਾਂ ਅਮਰੀਕੀ ਨਾਗਰਿਕਾਂ ਦੇ ਵਿਆਹੇ ਪੁੱਤਰ ਅਤੇ ਧੀਆਂ ਦੀ ਕੱਟ-ਆਫ ਮਿਤੀ 1 ਜਨਵਰੀ, 2011 ਵਾਂਗ ਹੀ ਰਹੇਗੀ। ਪਰਿਵਾਰ ਆਧਾਰਿਤ ਤਰਜੀਹੀ ਸ਼੍ਰੇਣੀ F-2B, ਯਾਨੀ ਕਿ ਅਮਰੀਕੀ ਨਿਵਾਸੀਆਂ ਦੇ ਅਣਵਿਆਹੇ ਪੁੱਤਰ ਅਤੇ ਧੀਆਂ, ਜਿਨ੍ਹਾਂ ਦੀ ਉਮਰ 21 ਸਾਲ ਹੈ, ਉਨ੍ਹਾਂ ਲਈ ਇੰਡੀਆ ਵੀਜ਼ਾ ਕੱਟ-ਆਫ ਮਿਤੀ 1 ਜਨਵਰੀ, 2017 ਹੀ ਰਹੇਗੀ। ਇਸੇ ਤਰ੍ਹਾਂ F-2A ਪੱਕੇ ਨਿਵਾਸੀਆਂ ਦੇ ਜੀਵਨ ਸਾਥੀ ਅਤੇ ਬੱਚੇ ਲਈ ਇੰਡੀਆ ਵੀਜ਼ਾ ਕੱਟ-ਆਫ ਮਿਤੀ 15 ਜੂਨ, 2024 ਵਾਂਗ ਹੀ ਰਹੇਗੀ। ਅਮਰੀਕੀ ਨਾਗਰਿਕਾਂ ਦੇ ਅਣਵਿਆਹੇ ਪੁੱਤਰ ਅਤੇ ਧੀਆਂ F-1 ਕੈਟਾਗਿਰੀ ਅਧੀਨ ਆਉਂਦੇ ਹਨ। ਉਨ੍ਹਾਂ ਦੀ ਵੀਜ਼ਾ ਕੱਟ-ਆਫ ਮਿਤੀ 1 ਸਤੰਬਰ, 2017 ਵਾਂਗ ਹੀ ਰਹੇਗੀ। ਇਹ ਵੇਰਵਾ ਦਰਸਾਉਂਦਾ ਹੈ ਕਿ ਜੁਲਾਈ ਅਤੇ ਅਗਸਤ 2024 ਲਈ ਜਿੱਥੇ ਵੀਜ਼ਾ ਬੁਲੇਟਿਨਾਂ ਵਿਚ ਕਾਫੀ ਤੇਜ਼ੀ ਦੇਖਣ ਨੂੰ ਮਿਲੀ ਸੀ, ਉਸ ਦੇ ਉਲਟ ਸਤੰਬਰ ਵੀਜ਼ਾ ਬੁਲੇਟਿਨ ਵਿਚ ਕੋਈ ਮਹੱਤਵਪੂਰਨ ਤਬਦੀਲੀ ਨਹੀਂ ਹੋਈ ਹੈ।

## ਸੁਨੀਤਾ ਵਿਲੀਅਮਸ ਦੇ ਪੁਲਾੜ ਯਾਨ ਦੇ ਸੜਨ ਦਾ ਖਦਸ਼ਾ ਜ਼ਾਹਿਰ !

■ ਅਮਰੀਕੀ ਪੁਲਾੜ ਮਾਹਰ ਵੱਲੋਂ ਚਿਤਾਵਨੀ



ਵਾਸ਼ਿੰਗਟਨ, (ਪੰਜਾਬ ਮੇਲ)- ਨਾਸਾ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਸ ਆਪਣੇ ਸਾਥੀ ਬੁਚ ਵਿਲਮੋਰ ਨਾਲ ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ ਪੁਲਾੜ ਵਿਚ ਫਸੀ ਹੋਈ ਹੈ। ਉਹ 5 ਜੂਨ ਨੂੰ ਬੋਇੰਗ ਸਟਾਰਲਾਈਨਰ ਦੇ ਪਹਿਲੇ ਮਨੁੱਖੀ ਮਿਸ਼ਨ ਦੀ ਸ਼ੁਰੂਆਤ ਰਾਹੀਂ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈ.ਐੱਸ.ਐੱਸ.) ਪਹੁੰਚੇ ਸਨ। ਉਸ ਨੇ ਇੱਥੇ ਸਿਰਫ਼ ਅੱਠ ਦਿਨ ਹੀ ਰਹਿਣਾ ਸੀ। ਹਾਲਾਂਕਿ ਕੈਪਸੂਲ ਵਿਚ ਥਰਸਟਰਾਂ ਦੀ ਖਰਾਬੀ ਕਾਰਨ, ਉਨ੍ਹਾਂ ਦੀ ਵਾਪਸੀ ਦਾ ਸਹੀ ਸਮਾਂ ਅਜੇ ਤੈਅ ਨਹੀਂ ਹੋਇਆ ਹੈ। ਉਨ੍ਹਾਂ ਦੀ ਧਰਤੀ 'ਤੇ ਵਾਪਸੀ ਨੂੰ ਲੈ ਕੇ ਚਿੰਤਾਵਾਂ ਵਧ ਰਹੀਆਂ ਹਨ। ਇਸ ਦੇ ਨਾਲ ਹੀ ਉਨ੍ਹਾਂ ਨੂੰ ਲੈ ਕੇ ਵੱਡੇ ਖਤਰੇ ਦਾ ਖਦਸ਼ਾ ਹੈ। ਇੱਕ ਸਾਬਕਾ ਯੂ.ਐੱਸ. ਮਿਲਟਰੀ ਸਪੇਸ ਸਿਸਟਮ ਕਮਾਂਡਰ ਰੂਡੀ ਰਿਡੋਲਫੀ ਨੇ ਤਿੰਨ ਸੰਭਾਵੀ ਵਿਨਾਸ਼ਕਾਰੀ ਦ੍ਰਿਸ਼ਾਂ ਦੀ ਰੂਪਰੇਖਾ ਦਿੱਤੀ ਹੈ, ਜੋ ਉਨ੍ਹਾਂ ਦੀ ਮੌਤ ਦਾ ਕਾਰਨ ਬਣ ਸਕਦੇ ਹਨ। ਇਹ ਉਦੋਂ ਹੋ ਸਕਦਾ ਹੈ, ਜਦੋਂ ਉਹ ਖਰਾਬ ਬੋਇੰਗ ਸਟਾਰਲਾਈਨਰ ਪੁਲਾੜ ਯਾਨ ਰਾਹੀਂ ਵਾਪਸ ਜਾਣ ਦੀ ਕੋਸ਼ਿਸ਼ ਕਰਨਗੇ।

■ ਬਾਕੀ ਖਬਰ ਸਫਾ 19 'ਤੇ

## ਕੈਨੇਡਾ 'ਚ ਐਂਟਰੀ ਲੈਂਦੇ ਸਾਰ ਲੋਕਾਂ ਨੂੰ ਰਿਫਿਊਜੀ ਬਣਨ ਲਈ ਕਹਿੰਦੀ ਹੈ ਸੀ.ਬੀ.ਐੱਸ.ਏ.




ਟੋਰਾਂਟੋ, (ਪੰਜਾਬ ਮੇਲ)- ਦੂਜਾ ਪੰਜਾਬ ਕਹੇ ਜਾਣ ਵਾਲੇ ਕੈਨੇਡਾ ਦਾ ਕਰੇਜ਼ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਵਿਚ ਅਕਸਰ ਬਣਿਆ ਰਹਿੰਦਾ ਹੈ। ਪੰਜਾਬੀ ਨੌਜਵਾਨ ਲੱਖਾਂ ਰੁਪਏ ਲਾ ਕੇ ਆਪਣਾ ਘਰ-ਬਾਰ ਵੇਚ ਕੇ ਕਿਸੇ ਵੀ ਤਰੀਕੇ ਕੈਨੇਡਾ ਜਾ ਕੇ ਸੈਟਲ ਹੋਣ ਲਈ ਤਿਆਰ ਰਹਿੰਦੇ ਹਨ। ਇਸ ਲਈ ਕੋਈ ਸਟੱਡੀ ਦਾ ਸਹਾਰਾ ਲੈਂਦਾ ਹੈ, ਕੋਈ ਵਿਆਹ ਦਾ ਤੇ ਹੋਈ ਸਪਾਂਸਰਸ਼ਿੱਪ ਦਾ। ਪਰ ਹੁਣ ਕੈਨੇਡਾ ਦੀ ਸਰਹੱਦੀ ਸੁਰੱਖਿਆ ਏਜੰਸੀ ਵੱਲੋਂ ਕੈਨੇਡਾ ਵਿਚ ਦਾਖਲ ਹੋਣ ਵਾਲੇ ਲੋਕਾਂ ਨੂੰ ਕਿਹਾ ਜਾ ਰਿਹਾ ਹੈ ਕਿ ਜਾਂ ਤਾਂ ਉਹ ਰਿਫਿਊਜੀ ਬਣ ਜਾਣ ਜਾਂ ਆਪਣੇ ਦੇਸ਼ ਵਾਪਸ ਚਲੇ ਜਾਣ।

ਕੈਨੇਡਾ ਵਿਚ ਦਾਖਲ ਹੁੰਦਿਆਂ ਹੀ ਵਿਜ਼ਟਰ ਵੀਜ਼ਾ ਵਾਲੇ ਲੋਕਾਂ ਨੂੰ ਕੈਨੇਡਾ ਵਿਚ ਆਉਣ ਦਾ ਕਾਰਨ ਪੁੱਛਿਆ ਜਾਂਦਾ ਹੈ ਅਤੇ ਇਸ ਦੇ ਨਾਲ ਹੀ ਉਨ੍ਹਾਂ ਨੂੰ ਇਹ ਕਹਿ ਦਿੱਤਾ ਜਾਂਦਾ ਹੈ ਕਿ ਜਾਂ ਤਾਂ ਉਹ ਰਿਫਿਊਜੀ ਬਣ ਜਾਣ ਜਾਂ ਆਪਣੇ ਮੁਲਕ ਪਰਤ ਜਾਣ। ਇਸ ਦੌਰਾਨ ਇਹ ਵੀ ਦੱਸਿਆ ਗਿਆ ਕਿ ਜਿਨ੍ਹਾਂ ਲੋਕਾਂ ਨੂੰ ਇਸ ਬਾਰੇ ਜਾਣਕਾਰੀ ਹੁੰਦੀ ਹੈ, ਉਹ ਤਾਂ ਸਿੱਧੇ ਤੌਰ 'ਤੇ ਵਾਪਸ ਜਾਣ ਲਈ ਕਹਿ ਦਿੰਦੇ ਕੁਝ ਘੱਟ ਪੜ੍ਹੇ-ਲਿਖੇ ਲੋਕਾਂ ਜਾਂ ਇਸ ਬਾਰੇ ਨਾ ਜਾਣਕਾਰੀ ਰੱਖਣ ਵਾਲੇ ਲੋਕਾਂ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਿ ਉਹ ਕਿਸ ਤਰੀਕੇ ਨਾਲ ਇਕ ਵਿਜ਼ਟਰ ਤੋਂ ਰਫਿਊਜੀ ਦੇ ਤੌਰ 'ਤੇ ਕੈਨੇਡਾ ਵਿਚ ਫਸ ਜਾਂਦੇ ਹਨ। ਰਫਿਊਜੀ ਅਪਲਾਈ ਕਰਨ ਦੌਰਾਨ ਉਨ੍ਹਾਂ ਨੂੰ ਇਕ ਅਜਿਹੇ ਫਾਰਮ 'ਤੇ ਦਸਤਖ਼ਤ ਕਰਵਾਏ ਜਾਂਦੇ ਹਨ, ਜਿਸ 'ਤੇ ਇਹ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਉਸ ਨੂੰ ਉਸ ਦੇ ਦੇਸ਼ ਵਿਚ ਖਤਰਾ ਹੈ। ਇਸ ਦੌਰਾਨ ਉਸ ਦਾ ਪਾਸਪੋਰਟ ਸੀ.ਬੀ.ਐੱਸ.ਏ. ਵੱਲੋਂ ਰੱਖ ਲਿਆ ਜਾਂਦਾ ਹੈ। ਇਸ ਦੌਰਾਨ ਇਕ ਵਿਜ਼ਟਰ ਵੀਜ਼ਾ ਧਾਰਕ ਨਾ ਚਾਹੁੰਦਿਆਂ ਹੋਇਆ ਵੀ ਕੈਨੇਡਾ ਵਿਚ ਫਸ ਜਾਂਦਾ ਹੈ।

ਕੈਨੇਡਾ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬ ਦੇ ਰਹਿਣ ਵਾਲੇ ਭਾਰਤੀਆਂ ਨੂੰ ਸਿਆਸੀ ਸ਼ਰਨ ਦੇ ਰਿਹਾ ਹੈ। ਇਕ ਵੈੱਬਸਾਈਟ ਮੁਤਾਬਕ 2024

■ ਬਾਕੀ ਖਬਰ ਸਫਾ 19 'ਤੇ

## ਪੰਜਾਬ ਸਰਕਾਰ ਵੱਲੋਂ 4 ਸਾਬਕਾ ਵਜ਼ੀਰਾਂ ਖ਼ਿਲਾਫ਼ ਕੇਸ ਚਲਾਉਣ ਦੀ ਸਿਫਾਰਿਸ਼ ਨੂੰ ਹਰੀ ਝੰਡੀ



ਭਾਰਤ ਭੂਸ਼ਨ ਆਸ਼ੂ, ਓਪੀ ਸੋਨੀ, ਸੁੰਦਰ ਸ਼ਾਮ ਅਰੋੜਾ ਅਤੇ ਸਾਧੂ ਸਿੰਘ ਧਰਮਸੋਤ।

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਕੈਬਨਿਟ ਵੱਲੋਂ ਚਾਰ ਕਾਂਗਰਸੀ ਮੰਤਰੀਆਂ ਖ਼ਿਲਾਫ਼ ਵਿਜੀਲੈਂਸ ਕੇਸਾਂ ਦੀ ਅਦਾਲਤੀ ਕਾਰਵਾਈ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ ਅਤੇ 23 ਅਗਸਤ ਨੂੰ ਆਖ਼ਰੀ ਪ੍ਰਵਾਨਗੀ ਲਈ ਕੇਸ ਰਾਜਪਾਲ ਨੂੰ ਭੇਜਿਆ ਜਾਵੇਗਾ। ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਤਿੰਨ ਵਿਧਾਇਕਾਂ, ਸਾਬਕਾ ਵਿਧਾਇਕਾਂ ਖ਼ਿਲਾਫ਼ ਅਦਾਲਤੀ ਕਾਰਵਾਈ ਲਈ ਪਹਿਲਾਂ ਹੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ, ਜਦੋਂਕਿ ਚਾਰ ਸਾਬਕਾ ਮੰਤਰੀਆਂ ਖ਼ਿਲਾਫ਼ ਅਦਾਲਤਾਂ ਵਿਚ ਟਰਾਇਲ ਸ਼ੁਰੂ ਕਰਨ ਲਈ ਪ੍ਰਵਾਨਗੀ ਲਟਕੀ ਹੋਈ ਸੀ। ਵਿਜੀਲੈਂਸ ਬਿਊਰੋ ਨੇ ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ, ਸੁੰਦਰ ਸ਼ਾਮ ਅਰੋੜਾ, ਸਾਧੂ ਸਿੰਘ ਧਰਮਸੋਤ ਅਤੇ ਓਪੀ ਸੋਨੀ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤੇ ਹਨ। ਇਨ੍ਹਾਂ ਚਾਰੋਂ ਸਾਬਕਾ ਵਜ਼ੀਰਾਂ ਖ਼ਿਲਾਫ਼ ਅਦਾਲਤਾਂ ਵਿਚ ਵਿਜੀਲੈਂਸ ਨੇ ਚਲਾਨ ਪੇਸ਼ ਕਰ ਦਿੱਤੇ ਹਨ ਪ੍ਰੰਤੂ ਅਦਾਲਤ ਵਿਚ ਟਰਾਇਲ ਉਦੋਂ ਹੀ ਸ਼ੁਰੂ ਹੋਵੇਗਾ, ਜਦੋਂ ਰਾਜਪਾਲ ਕੈਬਨਿਟ ਦੀ ਸਿਫ਼ਾਰਸ਼ 'ਤੇ ਇਨ੍ਹਾਂ ਸਾਬਕਾ ਮੰਤਰੀਆਂ ਖ਼ਿਲਾਫ਼

■ ਬਾਕੀ ਖਬਰ ਸਫਾ 19 'ਤੇ

## ਭਾਰਤੀ ਮੂਲ ਦੇ ਸਾਬਕਾ ਪੁਲਿਸ ਅਧਿਕਾਰੀ ਅਮਿਤੋਜ ਨੂੰ 15 ਸਾਲ ਦੀ ਸਜ਼ਾ

■ ਦੁਰਘਟਨਾ 'ਚ ਦੋ ਯਾਤਰੀਆਂ ਦੀ ਹੋਈ ਸੀ ਮੌਤ
■ ਅਗਸਤ 2023 ਵਿਚ ਹੋਇਆ ਸੀ ਹਾਦਸਾ



ਨਿਊਜਰਸੀ, (ਪੰਜਾਬ ਮੇਲ)- ਨਿਊਜਰਸੀ ਦੇ ਸ਼ਹਿਰ ਐਡੀਸਨ ਟਾਊਨਸ਼ਿਪ ਵਿਖੇ ਭਾਰਤੀ ਮੂਲ ਦੇ ਸਾਬਕਾ ਪੁਲਿਸ ਅਧਿਕਾਰ 31 ਸਾਲਾ ਅਮਿਤੋਜ ਓਬਰਾਏ ਨੂੰ ਸ਼ਰਾਬੀ ਹਾਲਤ 'ਚ ਤੇਜ਼ ਰਫਤਾਰ ਕਾਰ ਚਲਾਉਣ ਕਾਰਨ ਹੋਏ ਹਾਦਸੇ ਲਈ ਅਦਾਲਤ ਵੱਲੋਂ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਇਸ ਦੁਰਘਟਨਾ 'ਚ ਦੋ ਯਾਤਰੀਆਂ ਦੀ ਮੌਤ ਹੋ ਗਈ ਸੀ। ਹਾਦਸਾ ਅਗਸਤ 2023 ਵਿਚ ਹੋਇਆ ਸੀ।

ਸਮਰਸੈਟ ਕਾਊਂਟੀ ਸੁਪੀਰੀਅਰ ਕੋਰਟ ਦੇ ਜੱਜ ਨੇ ਅਮਿਤੋਜ ਓਬਰਾਏ ਨੂੰ ਹਾਦਸੇ ਲਈ ਜ਼ਿੰਮੇਵਾਰ ਠਹਿਰਾਉਂਦੇ ਹੋਏ ਫਸਟ ਡਿਗਰੀ ਦੇ ਹੱਤਿਆ ਦੇ ਦੋਸ਼ ਤਹਿਤ 15 ਸਾਲਾਂ ਦੀ ਸਜ਼ਾ ਸੁਣਾਈ ਹੈ। ਇਸ ਸਜ਼ਾ ਦੌਰਾਨ ਓਬਰਾਏ ਨੂੰ 85 ਫੀਸਦੀ ਦਾ ਸਮਾਂ ਜੇਲ੍ਹ ਵਿਚ ਰਹਿਣਾ ਪਵੇਗਾ।

ਅਮਿਤੋਜ ਓਬਰਾਏ ਹਾਦਸੇ ਮੌਕੇ ਔਡੀ ਕਿਊ 7 ਚਲਾ ਰਿਹਾ ਸੀ। ਉਸ ਦੀ ਕਾਰ ਦੀ ਰਫਤਾਰ ਕਾਫੀ ਤੇਜ਼ ਸੀ। ਹਾਦਸੇ ਦੌਰਾਨ ਉਸ ਤੋਂ ਬਰੇਕ ਨਹੀਂ ਲੱਗੀ ਤੇ ਕਾਰ ਦਰੱਖਤਾਂ, ਖੰਭਿਆਂ ਆਦਿ ਵਿਚ ਟਕਰਾ ਕੇ ਸੜਕ 'ਤੇ ਉਲਟ ਗਈ।

ਓਬਰਾਏ ਦੇ ਖ਼ੂਨ ਵਿਚ ਅਲਕੋਹਲ ਦੀ ਮਾਤਰਾ ਕਾਨੂੰਨੀ ਸੀਮਾ ਤੋਂ ਕਿਤੇ ਵੱਧ ਸੀ। ਇਸ ਦੌਰਾਨ ਉਹ ਖੁਦ ਵੀ ਜ਼ਖਮੀ ਹੋ ਗਿਆ ਸੀ ਅਤੇ ਉਸ ਨੂੰ ਟਰੋਮਾ ਸੈਂਟਰ ਲਿਜਾਇਆ ਗਿਆ। ਪੁਲਿਸ ਵਿਭਾਗ ਅਨੁਸਾਰ ਉਸ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ। 18 ਜੂਨ, 2024 ਨੂੰ ਓਬਰਾਏ ਨੇ ਆਪਣੇ 'ਤੇ ਲੱਗੇ ਦੋਸ਼ ਕਬੂਲ ਲਏ ਸਨ।

ਜ਼ਿਕਰਯੋਗ ਹੈ ਕਿ ਇਸ ਹਾਦਸੇ ਦੌਰਾਨ ਪੇਰੇਜ਼ ਗੈਟਨ ਅਤੇ ਕੈਬਰੇਗਾ ਫਰਾਂਸਿਸਕੋ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ, ਜਦਕਿ ਇਕ ਹੋਰ ਯਾਤਰੀ ਇਸ ਮੌਕੇ ਜ਼ਖਮੀ ਹੋਇਆ ਸੀ।

# ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਤੀਜੀ ਅੰਤਰਰਾਸ਼ਟਰੀ ਕਾਨਫ਼ਰੰਸ ਸਫ਼ਲਤਾਪੂਰਵਕ ਬਰੈਂਪਟਨ ਵਿਖੇ ਹੋਈ ਸੰਪੰਨ

## ■ ਵਿਸ਼ਵ ਪੰਜਾਬੀ ਸਭਾ ਕੈਨੇਡਾ ਨਵੀਂ ਪੀੜ੍ਹੀ ਨੂੰ ਪੰਜਾਬੀ ਅਤੇ ਪੰਜਾਬੀਅਤ ਨਾਲ ਜੋੜਨ ਲਈ ਨਵੀਆਂ ਪਿਰਤਾਂ ਪਾ ਰਹੀ ਹੈ : ਡਿਪਟੀ ਮੇਅਰ ਬਰੈਂਪਟਨ

## ■ ਮਾਂ ਬੋਲੀ ਲਈ ਮਾਹਿਰਾਂ ਦਾ ਸਿਰਜੋੜ ਕੇ ਯਤਨ ਕਰਨਾ ਭਵਿੱਖ ਲਈ ਸ਼ੁੱਭ ਸੰਕੇਤ : ਡਾ. ਕਥੂਰੀਆ

**ਪੰਜਾਬ ਮੇਲ ਯੂ.ਐੱਸ.ਏ. ਵੱਲੋਂ ਵਿਸ਼ੇਸ਼ ਰਿਪੋਰਟ**



Photo: Gurjatinder S. Randhawa (Punjab Mail USA)

ਪੰਜਾਬੀ ਸਭਾ ਕੈਨੇਡਾ ਦੀ ਤਿੰਨ ਰੋਜ਼ਾ ਤੀਸਰੀ ਸੰਸਾਰ ਵਿਆਪੀ ਕਾਨਫ਼ਰੰਸ ਬਰੈਂਪਟਨ ਵਿਖੇ 16, 17, 18 ਅਗਸਤ ਨੂੰ ਹੋਈ। ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪਸਾਰ ਲਈ ਵੱਡੇ ਉਪਰਾਲਿਆਂ ਨੂੰ ਸਮਰਪਿਤ ਇਸ ਪ੍ਰੋਗਰਾਮ ਵਿਚ ਸੰਸਾਰ ਭਰ ਤੋਂ ਪੰਜਾਬੀ ਭਾਸ਼ਾ ਦੇ ਮਾਹਿਰਾਂ ਨੇ ਹਿੱਸਾ ਲਿਆ।

ਸਮਾਗਮ ਦਾ ਸ਼ੁਭ ਆਰੰਭ ਸਕੂਲੀ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਅਤੇ ਕੈਨੇਡਾ ਦੇ ਰਾਸ਼ਟਰੀ ਗੀਤ ਨਾਲ ਕੀਤਾ ਗਿਆ। ਇਸ ਮੌਕੇ 'ਤੇ ਮੈਡਮ ਰੂਪ ਕਾਹਲੋਂ (ਪ੍ਰਧਾਨ ਇਸਤਰੀ ਵਿੰਗ ਕੈਨੇਡਾ) ਅਤੇ ਕਾਹਲੋਂ ਸੀਨੀਅਰ ਸਿਟੀਜਨ ਕਲੱਬ ਦੀ ਟੀਮ ਵੱਲੋਂ "ਜੀ ਆਇਆਂ ਨੂੰ" ਗੀਤ ਰਾਹੀਂ ਸ਼ਾਨਦਾਰ ਪੇਸ਼ਕਾਰੀ ਦਿੱਤੀ ਗਈ। ਸ਼ਮਾਂ ਰੋਸ਼ਨ ਦੀ ਰਸਮ ਸ. ਸੁਬੇਗ ਸਿੰਘ ਕਥੂਰੀਆ, ਸ. ਹਰਕਿਰਤ ਸਿੰਘ ਸੰਧੂ (ਡਿਪਟੀ ਮੇਅਰ, ਬਰੈਂਪਟਨ), ਡਾ. ਆਤਮਜੀਤ ਸਿੰਘ, ਡਾ. ਇੰਦਰਜੀਤ ਸਿੰਘ ਬੱਲ, ਡਾ. ਬਲਵਿੰਦਰ ਸਿੰਘ, ਡਾ. ਸੁੱਚਾ ਸਿੰਘ, ਸ਼੍ਰੀਮਤੀ ਹਰਜਿੰਦਰ ਕੌਰ (ਸਾਬਕਾ ਡਿਪਟੀ ਮੇਅਰ, ਚੰਡੀਗੜ੍ਹ) ਅਤੇ ਸਰਦਾਰਨੀ ਪ੍ਰੀਤਮ ਕੌਰ ਕਥੂਰੀਆ ਨੇ ਕੀਤੀ।

ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਦੀ ਅਗਵਾਈ ਵਿਚ ਹੋਈ ਕਾਨਫਰੰਸ ਵਿਚ ਨਾਟਕਕਾਰ ਡਾ. ਆਤਮਜੀਤ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦੋਂਕਿ ਭਾਸ਼ਾ ਮਾਹਿਰ ਡਾ. ਜੋਗਾ ਸਿੰਘ ਵਿਰਕ, ਡਾ. ਸੁੱਚਾ ਸਿੰਘ ਗਿੱਲ ਅਤੇ ਹੋਰਾਂ ਨੇ ਪ੍ਰਧਾਨਗੀ ਮੰਡਲ ਵਿਚ ਹਾਜ਼ਰੀ ਲਗਵਾਈ। ਕਾਨਫ਼ਰੰਸ ਦੇ ਪਹਿਲੇ ਦਿਨ ਸੰਸਾਰ ਭਰ ਤੋਂ ਆਏ ਮਾਹਿਰਾਂ ਨੇ ਖੋਜ ਪੱਤਰ ਪੇਸ਼ ਕੀਤੇ। ਇਸ ਦੌਰਾਨ ਪੰਜਾਬੀ ਦੀਆਂ ਤਰੁੱਟੀਆਂ, ਭਾਸ਼ਾਈ ਮਿਆਰ ਤੇ ਅਜੋਕੀ ਨੌਜਵਾਨੀ ਪੀੜ੍ਹੀ ਵਿਚ ਭਾਸ਼ਾ ਪ੍ਰਤੀ ਪ੍ਰੇਮ ਲਈ ਉਪਰਾਲਿਆਂ 'ਤੇ ਵਿਚਾਰਾਂ ਕੀਤੀਆਂ ਗਈਆਂ। ਪ੍ਰੋਗਰਾਮ ਦੌਰਾਨ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਪੰਜਾਬੀ ਭਾਸ਼ਾ ਪ੍ਰਤੀ ਨਵੀਆਂ ਸਾਹਿਤਕ ਲੀਹਾਂ ਪਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਮਾਂ ਬੋਲੀ ਲਈ ਐਨੇ ਵੱਡੇ ਮਾਹਿਰਾਂ ਦਾ ਸਾਂਝੇ ਯਤਨ ਕਰਨਾ ਭਵਿੱਖ ਲਈ ਸ਼ੁੱਭ ਸੰਕੇਤ ਹੈ। ਆਪਣੇ ਭਾਸ਼ਣ ਦੌਰਾਨ ਮੁੱਖ ਮਹਿਮਾਨ ਡਾ. ਆਤਮਜੀਤ ਸਿੰਘ ਨੇ ਕਿਹਾ ਕਿ ਜਦੋਂ ਵੀ ਭਾਸ਼ਾ ਜਾਂ ਬੋਲੀ ਦੀ ਗੱਲ ਹੁੰਦੀ ਹੈ, ਤਾਂ ਭਾਵੁਕ ਤਕਰੀਰਾਂ ਤੋਂ ਇਲਾਵਾ ਸੁਹਜ ਵਾਲੀ ਵਿਚਾਰ-ਚਰਚਾ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕਾਨਫ਼ਰੰਸ ਦੌਰਾਨ ਭਾਵੇਂ ਭਾਵੁਕਤਾ ਵਾਲੀਆਂ ਗੱਲਾਂ ਕੀਤੀਆਂ, ਜੋ ਕਿ ਮਾਂ ਨਾਲ ਜੁੜੀਆਂ ਗੱਲਾਂ 'ਚ ਦਲੀਲਾਂ ਨਹੀਂ ਚੱਲਦੀਆਂ ਤੇ ਜਦੋਂ ਮਾਂ ਬੋਲੀ ਦੀ ਗੱਲ ਹੁੰਦਾ ਹੈ, ਤਾਂ ਭਾਵੁਕਤਾ ਹੋਣਾ ਸੁਭਾਵਕ ਹੈ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਮਸਲੇ ਨਜਿੱਠਣੇ ਹੋਣ, ਤਾਂ ਸਾਨੂੰ ਗਿਆਨ ਸੁਹਜਮਈ ਚਿੰਤਨ ਦੀ ਲੋੜ ਪੈਂਦੀ ਹੈ। ਉਨ੍ਹਾਂ ਕਿਹਾ ਕਿ ਕਾਨਫ਼ਰੰਸ ਦੌਰਾਨ ਸੁਹਜਮਈ ਚਿੰਤਨ ਦੀ ਗੱਲ ਹੋਈ ਹੈ। ਇਹ ਕਾਨਫ਼ਰੰਸ ਅੰਤਰਰਾਸ਼ਟਰੀ ਪੱਧਰ ਦੀ ਛਾਪ ਛੱਡ ਗਈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਕਰੋੜਾਂ ਪੰਜਾਬੀ ਸ਼ਾਹਮੁੱਖੀ 'ਚ ਪੰਜਾਬੀ ਪੜ੍ਹਦੇ ਹਨ ਤੇ ਚੜ੍ਹਦੇ ਪੰਜਾਬ ਵਾਲੇ ਗੁਰਮੁੱਖੀ ਵਿਚ ਇਸ ਤਰ੍ਹਾਂ ਦੋਵੇਂ ਮੁਲਕਾਂ ਦੇ ਪੰਜਾਬੀ ਕ੍ਰਮਵਾਰ ਗੁਰਮੁੱਖੀ ਤੇ ਸ਼ਾਹਮੁੱਖੀ 'ਚ ਲਿਖੇ ਸਾਹਿਤ ਨਾਲੋਂ ਟੁੱਟ ਹੋਏ ਹਨ। ਇਸ ਤੋਂ ਅਗਾਂਹ ਸਾਡੀ ਨਵੀਂ ਪੀੜ੍ਹੀ ਹੁਣ ਸੋਸ਼ਲ ਮੀਡੀਆ 'ਤੇ ਰੋਮਨ ਲਿਪੀ ਵਿਚ ਵੀ ਪੰਜਾਬੀ ਲਿਖਦੀ ਹੈ, ਇਹ ਸਾਰੇ ਮਸਲੇ ਸਵੈ-ਵਿਰੋਧ ਵਾਲੇ ਪਾਸੇ ਵਧਾਉਂਦੇ ਹਨ, ਜਿਨ੍ਹਾਂ ਨੂੰ ਹੱਲ ਕਰਨ ਦੀ ਲੋੜ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਕਹਿਣਾ ਵੀ ਗ਼ਲਤ ਹੈ ਕਿ ਪੰਜਾਬੀ ਬੋਲਣ ਜਾਂ ਆਪਣੀ ਭਾਸ਼ਾ ਨਾਲ ਤਕਨੀਕੀ ਜਾਂ ਵਿਗਿਆਨਕ ਤੌਰ 'ਤੇ ਸਾਡੀ ਤਰੱਕੀ ਨਹੀਂ ਹੁੰਦੀ, ਬਲਕਿ ਸਾਡੇ ਸਾਰੇ ਨੋਬੇਲ ਵਿਜੇਤਾ ਆਪਣੀ ਭਾਸ਼ਾ ਬੋਲਦੇ ਸਨ। ਇਸ ਲਈ ਮਾਂ-ਬੋਲੀ ਮਨੁੱਖੀ ਵਿਕਾਸ ਤੇ ਤਕਨੀਕ ਦਾ ਮੁੱਢ ਹੈ। ਇਸ ਮੌਕੇ 'ਤੇ ਡਾ. ਦਲਬੀਰ ਸਿੰਘ ਕਥੂਰੀਆ ਨੇ ਸਵਾਗਤੀ ਸ਼ਬਦ ਆਖੇ ਅਤੇ ਡਾ. ਇੰਦਰਜੀਤ ਸਿੰਘ ਬੱਲ ਨੇ ਕੁੰਜੀਵਤ ਭਾਸ਼ਣ ਪੇਸ਼ ਕੀਤਾ।

ਡਿਪਟੀ ਮੇਅਰ ਬਰੈਂਪਟਨ ਸ. ਹਰਕਿਰਤ ਸਿੰਘ ਨੇ ਕੈਨੇਡਾ ਵਿਚ ਵਿਸ਼ਵ ਪੰਜਾਬੀ ਸਭਾ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸਭਾ ਨਵੀਂ ਪੀੜ੍ਹੀ ਨੂੰ ਪੰਜਾਬੀ ਅਤੇ ਪੰਜਾਬੀਅਤ ਨਾਲ ਜੋੜਨ ਲਈ ਨਵੀਆਂ ਪਿਰਤਾਂ ਪਾ ਰਹੀ ਹੈ। ਕਾਨਫਰੰਸ ਦੇ ਪਹਿਲੇ ਦੋ ਦਿਨਾਂ ਦੌਰਾਨ ਡਾ. ਦਲਬੀਰ ਸਿੰਘ ਕਥੂਰੀਆ, ਡਾ. ਆਤਮਜੀਤ ਸਿੰਘ ਸੰਧੂ, ਡਾ. ਜੋਗਾ ਸਿੰਘ ਵਿਰਕ, ਸ. ਹਰਕਿਰਤ ਸਿੰਘ, ਡਾ. ਬਲਵਿੰਦਰ ਸਿੰਘ, ਇੰਦਰਜੀਤ ਸਿੰਘ ਬੱਲ, ਸ਼੍ਰੀਮਤੀ ਹਰਜਿੰਦਰ ਕੌਰ (ਭਾਰਤ), ਸ. ਗੁਰਜਤਿੰਦਰ ਸਿੰਘ ਰੰਧਾਵਾ (ਅਮਰੀਕਾ), ਪ੍ਰਿੰਸੀਪਲ ਸਰਵਣ ਸਿੰਘ, ਡਾ. ਕਿਰਪਾਲ ਸਿੰਘ ਪੰਨੂੰ, ਨਬੀਲਾ ਰਹਿਮਾਨ (ਪਾਕਿਸਤਾਨ), ਸ਼੍ਰੀ ਮੋਹਿੰਦਰ ਲੂਥਰਾ (ਕੈਨੇਡਾ) ਅਤੇ ਸ. ਸੁਖਦੇਵ ਸਿੰਘ ਝੰਡ ਅਤੇ ਮੈਡਮ ਕੁਲਦੀਪ ਕੌਰ ਪਾਹਵਾ, ਤਾਹੀਰਾ ਸਰਾ (ਪਾਕਿਸਤਾਨ) ਜਿਹੇ ਵਿਦਵਾਨਾਂ ਅਤੇ ਬੁੱਧੀਜੀਵੀਆਂ ਦੀ ਪ੍ਰਧਾਨਗੀ ਹੇਠਾਂ ਵਿਚਾਰ-ਚਰਚਾ ਅਤੇ ਖੋਜ ਪਰਚੇ ਪੜ੍ਹੇ ਗਏ। ਭਾਸ਼ਾ ਵਿਗਿਆਨੀ ਡਾ. ਜੋਗਾ ਸਿੰਘ ਵਿਰਕ (ਭਾਰਤ) ਨੇ 'ਪੰਜਾਬੀ ਭਾਖਿਆ ਦਾ ਕੱਲ੍ਹ, ਅੱਜ ਅਤੇ ਭਲਕ' (ਮੁੱਖ ਸੁਰ ਭਾਸ਼ਣ) ਵਿਸ਼ੇ 'ਤੇ ਆਪਣੀ ਖੋਜ ਪੇਸ਼ ਕੀਤੀ। ਇਸ ਤੋਂ ਇਲਾਵਾ ਡਾ. ਜਗਤਾਰ ਸਿੰਘ ਧੀਮਾਨ (ਭਾਰਤ), ਡਾ. ਪ੍ਰਗਟ ਸਿੰਘ ਬੱਗਾ (ਕੈਨੇਡਾ), ਡਾ. ਜਗਦੀਪ ਕੌਰ ਆਹੂਜਾ (ਭਾਰਤ), ਡਾ. ਪਿੰਦਰਜੀਤ ਕੌਰ ਗਿੱਲ (ਅਮਰੀਕਾ), ਡਾ. ਦਰਸ਼ਨਬੀਰ ਸਿੰਘ ਅਰੋੜਾ (ਇੰਗਲੈਂਡ), ਡਾ. ਸੁੱਚਾ ਸਿੰਘ ਗਿੱਲ, ਡਾ. ਨਿਹਾਰਿਕਾ ਸ਼ਰਮਾ (ਭਾਰਤ), ਡਾ. ਬਲਵਿੰਦਰ ਸਿੰਘ, ਡਾ. ਨਬੀਲਾ ਰਹਿਮਾਨ (ਪਾਕਿਸਤਾਨ), ਡਾ. ਆਤਮਜੀਤ ਸਿੰਘ (ਭਾਰਤ), ਡਾ. ਡੀ.ਪੀ. ਸਿੰਘ ਨੇ ਆਰਟੀਫਿਸ਼ਲ ਇੰਟੈਲੀਜੈਂਸ ਵਿਸ਼ੇ ਸੰਬੰਧੀ ਖੋਜ ਪੱਤਰ ਪੜ੍ਹਿਆ ਅਤੇ ਹੋਰਨਾਂ ਨੇ ਪੰਜਾਬੀ ਭਾਸ਼ਾ ਦੇ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਚਾਰ ਤੇ ਪਸਾਰ ਕਰਨ ਸੰਬੰਧੀ ਵਿਸ਼ਿਆਂ 'ਤੇ ਆਪਣੇ ਪਰਚੇ ਪੜ੍ਹੇ। ਪਹੁੰਚੇ ਹੋਏ ਵਿਦਵਾਨਾਂ ਅਤੇ ਪੰਜਾਬੀ ਦੇ ਸ਼ੁਭ ਚਿੰਤਕਾਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਪੰਜਾਬੀ ਭਾਸ਼ਾ ਨੂੰ ਸਮੇਂ ਦੀ ਹਾਣੀ ਬਣਾਉਣ ਲਈ ਵੱਧ ਤੋਂ ਵੱਧ ਉਪਰਾਲੇ ਕਰਨ ਲਈ ਇੱਕਜੁੱਟ ਹੋ ਕੇ ਕੰਮ ਕਰਨ ਦਾ ਪ੍ਰਣ ਲਿਆ ਗਿਆ, ਤਾਂ ਕਿ ਪੰਜਾਬੀ ਭਾਸ਼ਾ ਦੇ ਅਲੋਪ ਹੋਣ ਦੇ ਖ਼ਦਸ਼ਿਆਂ ਨਾਲ ਨਜਿੱਠਿਆ ਜਾ ਸਕੇ। ਨਵੀਂ ਪੀੜ੍ਹੀ ਨੂੰ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨਾਲ ਜੋੜਨ ਲਈ ਕਾਰਜਸ਼ੀਲ ਸੰਸਥਾਵਾਂ ਨੂੰ ਹੋਰ ਵਧੇਰੇ ਉਪਰਾਲੇ ਕਰਨੇ ਚਾਹੀਦੇ ਹਨ। ਇਸੇ ਮਕਸਦ ਨੂੰ ਪੂਰਾ ਕਰਨ ਲਈ ਇੱਕ ਵਿਸ਼ੇਸ਼ ਸੈਸ਼ਨ ਨੌਜਵਾਨ ਪੀੜ੍ਹੀ ਲਈ ਵੀ ਰੱਖਿਆ ਗਿਆ, ਜਿਸ ਵਿਚ ਕੈਨੇਡਾ ਦੇ ਪ੍ਰਵਾਸੀ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਬਾਰੇ ਵਿਚਾਰ-ਚਰਚਾ ਕੀਤੀ ਗਈ ਅਤੇ ਉਨ੍ਹਾਂ ਦੇ ਹੱਲ ਕੱਢਣ ਲਈ ਉਪਰਾਲੇ ਕਰਨਾ ਸਮੇਂ ਦੀ ਮੰਗ ਅਤੇ ਜ਼ਰੂਰਤ ਸਮਝਿਆ ਜਾਵੇ, ਤਾਂ ਜੋ ਵਿਦਿਆਰਥੀ ਆਪਣੇ ਜੀਵਨ ਮਕਸਦ ਤੋਂ ਭਟਕ ਕੇ ਕੁਰਾਹੇ ਨਾ ਪੈ ਸਕਣ।

ਇਸ ਤੋਂ ਇਲਾਵਾ ਤਿੰਨੋਂ ਦਿਨ ਕਵੀ ਦਰਬਾਰ ਅਤੇ ਮੁਸ਼ਾਇਰਾ ਕਰਵਾਇਆ ਗਿਆ, ਜਿਸ ਵਿਚ ਵੱਖ-ਵੱਖ ਦੇਸ਼ਾਂ ਤੋਂ ਸ਼ਾਮਲ ਕਵੀਆਂ ਅਤੇ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਕਾਨਫਰੰਸ ਦੇ ਦੂਸਰੇ ਦਿਨ ਪੰਜਾਬੀ ਆਰਟ ਐਸੋਸੀਏਸ਼ਨ ਵੱਲੋਂ ਆਰ.ਏ.ਸੀ. ਟਿਕਟ ਪੰਜਾਬੀ ਡਰਾਮਾ ਖੇਡਿਆ ਗਿਆ, ਜਿਸ ਰਾਹੀਂ ਮਾਪਿਆਂ ਦਾ ਆਪਣੇ ਬੱਚਿਆਂ ਦੀਆਂ ਇੱਛਾਵਾਂ ਅਤੇ ਭਾਵਨਾਵਾਂ ਨੂੰ ਨਜ਼ਰਅੰਦਾਜ਼ ਕਰ ਦੇਣਾ ਅਤੇ ਬੱਚਿਆਂ ਦਾ ਗ਼ਲਤ ਰਸਤੇ ਵੱਲ ਪੈ ਜਾਣਾ, ਕਿਸ ਹੱਦ ਤੱਕ ਬੱਚਿਆਂ ਦੇ ਜੀਵਨ ਨੂੰ ਤਬਾਹ ਕਰ ਸਕਦਾ ਹੈ। ਇਸ ਨਾਟਕ ਦੀ ਮੁੱਖ ਪਾਤਰ ਨੇ ਆਪਣੇ ਅਭਿਨੈ ਨਾਲ ਦਰਸ਼ਕਾਂ ਦੇ ਦਿਲਾਂ ਨੂੰ ਪਸੀਜ ਦਿੱਤਾ ਅਤੇ ਸਾਰਿਆਂ ਨੂੰ ਧੁਰ ਅੰਦਰ ਤੱਕ ਹਿਲਾ ਦਿੱਤਾ। ਇਸ ਨਾਟਕ ਦੇ ਕਲਾਕਾਰਾਂ ਨੇ ਆਪਣੀ ਅਦਾਕਾਰੀ ਰਾਹੀਂ ਸਾਰਿਆਂ ਦੀਆਂ ਅੱਖਾਂ ਨਮ ਕਰ ਦਿੱਤੀਆਂ ਅਤੇ ਆਪਣਾ ਸੁਨੇਹਾ ਪਹੁੰਚਾਉਣ ਵਿਚ ਕਾਮਯਾਬ ਹੋਇਆ।

ਕਾਨਫਰੰਸ ਦੇ ਤੀਸਰੇ ਦਿਨ ਪਵਨ ਕੁਮਾਰ ਕੈਲੇ, ਸ. ਤਰਲੋਕ ਸਿੰਘ ਨਡਾਲਾ, ਸ. ਗੁਰਜਤਿੰਦਰ ਸਿੰਘ ਰੰਧਾਵਾ ਅਮਰੀਕਾ ਵੱਲੋਂ ਆਪਣੇ ਵਿਚਾਰਾਂ ਦੀ ਸਾਂਝ ਦਰਸ਼ਕਾਂ ਨਾਲ ਪਾਈ ਗਈ। ਇਸ ਤੋਂ ਇਲਾਵਾ ਪੰਜਾਬੀ ਭਾਸ਼ਾ ਦੀ ਮੌਜੂਦਾ ਸਥਿਤੀ ਅਤੇ ਭਵਿੱਖ ਸੰਬੰਧੀ ਪੜ੍ਹੇ ਗਏ ਖੋਜ ਪਰਚਿਆਂ ਦਾ ਮੁਲਾਂਕਣ ਪ੍ਰੋ. ਜੰਗੀਰ ਸਿੰਘ ਕਾਹਲੋਂ, ਡਾ. ਕਿਰਪਾਲ ਸਿੰਘ ਪੰਨੂੰ, ਡਾ. ਆਤਮਜੀਤ ਸਿੰਘ ਅਤੇ ਡਾ. ਜੋਗਾ ਸਿੰਘ ਵਿਰਕ ਵੱਲੋਂ ਬਾਖ਼ੂਬੀ ਕੀਤਾ ਗਿਆ। ਪ੍ਰੋ. ਕਾਹਲੋਂ ਵੱਲੋਂ ਪੰਜਾਬੀ ਭਾਸ਼ਾ ਦੇ ਚੰਗੇਰੇ ਭਵਿੱਖ ਅਤੇ ਵਿਕਾਸ ਲਈ 6 ਮਤੇ ਪੇਸ਼ ਕੀਤੇ ਗਏ, ਜਿਸਦੀ ਹਮਾਇਤ ਡਾ. ਦਲਬੀਰ ਸਿੰਘ ਕਥੂਰੀਆ ਅਤੇ ਡਾ. ਆਤਮਜੀਤ ਸਿੰਘ ਅਤੇ ਸਮੂਹ ਹਾਜ਼ਰੀਨ ਵੱਲੋਂ ਸਹਿਮਤੀ ਪ੍ਰਗਟ ਕਰਕੇ ਦਿੱਤੀ। ਇਸ ਤੋਂ ਇਲਾਵਾ ਪੰਜਾਬੀ ਗਿੱਧਾ, ਭੰਗੜਾ ਕਾਹਲੋਂ ਸੀਨੀਅਰ ਸਿਟੀਜਨ ਕਲੱਬ ਦੇ ਮੈਂਬਰਾਂ ਵੱਲੋਂ ਪੇਸ਼ ਕੀਤਾ ਗਿਆ। ਵਿਸ਼ਵ ਪੰਜਾਬੀ ਸਭਾ ਵੱਲੋਂ ਸੰਪਾਦਿਤ ਪੁਸਤਕਾਂ, ਸਿਮਰਤੀ ਪੋਥੀ (ਸੋਵੀਨਰ) ਅਤੇ ਹੋਰ ਲੇਖਕਾਂ ਦੀਆਂ ਕਿਤਾਬਾਂ ਲੋਕ ਅਰਪਣ ਕੀਤੀਆਂ। ਹੀਰਾ ਧਾਲੀਵਾਲ ਦਾ ਪੰਜਾਬੀ ਮਾਂ ਬੋਲੀ ਗੀਤ ਦਾ ਪੋਸਟਰ ਜਾਰੀ ਕੀਤਾ ਗਿਆ। ਪੰਜਾਬੀ ਲੋਕ ਗਾਇਕੀ ਕਵਿਸ਼ਰੀ ਪੇਸ਼ ਕੀਤੀ ਗਈ। ਗਾਇਕਾਂ ਵੱਲੋਂ ਆਪਣੀ ਗਾਇਕੀ ਦੇ ਵੱਖ-ਵੱਖ ਰੰਗ ਪੇਸ਼ ਕੀਤੇ ਗਏ।

ਇਸ ਕਾਨਫਰੰਸ ਵਿਚ ਬਰੈਂਪਟਨ ਵੈਸਟ ਤੋਂ ਐੱਮ.ਪੀ.ਪੀ. ਅਮਰਜੋਤ ਸਿੰਘ ਸੰਧੂ, ਬਰੈਂਪਟਨ ਸੈਂਟਰ ਤੋਂ ਐੱਮ.ਪੀ. ਸੋਨੀਆ ਸਿੱਧੂ ਮੰਤਰੀ, ਉੱਤਰੀ ਬਰੈਂਪਟਨ ਤੋਂ ਐੱਮ.ਪੀ. ਰੂਬੀ ਸਹੋਤਾ, ਐੱਮ.ਪੀ. ਸ਼ੌਕਤ ਅਲੀ ਖਾਨ, ਮਿਸੀਸਾਗਾ ਤੋਂ ਐੱਮ.ਪੀ. ਇਕਰਾ ਖ਼ਾਲਿਦ ਅਤੇ ਸ. ਸਤਪਾਲ ਸਿੰਘ ਜੌਹਲ ਡਿਪਟੀ ਚੇਅਰ ਪੀਲ ਐਜੂਕੇਸ਼ਨ ਬੋਰਡ ਵੱਲੋਂ ਡਾ. ਦਲਬੀਰ ਸਿੰਘ ਕਥੂਰੀਆ ਜੀ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਕਾਨਫ਼ਰੰਸ ਵਿਚ ਪਹੁੰਚੇ ਮੁੱਖ ਮਹਿਮਾਨ ਅਤੇ ਮਹਿਮਾਨ ਪ੍ਰਵਕਤਾ, ਬੁਲਾਰਿਆਂ ਨੂੰ ਸਨਮਾਨ ਚਿੰਨ੍ਹ, ਸਰਟੀਫਿਕੇਟ ਅਤੇ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਹਰਜੀ ਬਾਜਵਾ, ਸੋਹਣ ਸਿੰਘ ਪਰਮਾਰ, ਸ. ਪ੍ਰਿਤਪਾਲ ਸਿੰਘ ਚੱਗੜ, ਸ. ਪਰਮਜੀਤ ਸਿੰਘ ਬਿਰਦੀ, ਪ੍ਰੋ. ਜੰਗੀਰ ਸਿੰਘ ਕਾਹਲੋਂ, ਮੇਜਰ ਨਾਗਰਾ, ਡਾ. ਦਵਿੰਦਰ ਸਿੰਘ ਲੱਧੜ, ਹਰਦਿਆਲ ਸਿੰਘ ਝੀਤਾ, ਪੂਰਨ ਸਿੰਘ ਪਾਂਧੀ, ਕਿਰਨ ਸੰਧੂ, ਮਹਿਮੂਦ ਚੋਧਰੀ, ਸੋਹਣ ਸਿੰਘ ਗੈਦੂ ਹੈਦਰਾਬਾਦ, ਸੁੰਦਰ ਪਾਲ ਰਾਜਾਸਾਂਸੀ, ਮੀਨੂ ਕਾਹਲੋਂ, ਮੈਡਮ ਗੋਸਲ, ਸੁਜਾਨ ਸਿੰਘ ਸੁਜਾਨ, ਸੁਖਵੀਰ ਸਿੰਘ, ਜਸਪਾਲ ਸਿੰਘ ਕਾਹਲੋਂ, ਸੁਖਿੰਦਰ, ਰੋਬਨਦੀਪ ਕੌਰ ਸੈਣੀ, ਸੁਖਦੇਵ ਸਿੰਘ ਝੰਡ, ਸਤੀਸ਼ ਗੁਲਾਟੀ, ਹਰਜੀਤ ਬਾਜਵਾ ਅਤੇ ਸਾਹਿਤਕ ਸੰਸਥਾਵਾਂ ਵਿਚੋਂ ਪੰਜਾਬੀ ਸਾਹਿਤ ਸਭਾ, ਕੈਨੇਡੀਅਨ ਪੰਜਾਬੀ ਸਾਹਿਤ ਸਭਾ, ਓ.ਐੱਫ.ਸੀ., ਆਰ.ਐੱਸ.ਐੱਫ.ਓ., ਪੰਜਾਬ ਪੈਵੀਲੀਅਨ, ਕਲਮਾਂ ਦਾ ਕਾਫ਼ਲਾ ਅਤੇ ਵੱਡੀ ਗਿਣਤੀ ਵਿਚ ਦਰਸ਼ਕਾਂ ਨੇ ਹਾਜ਼ਰੀ ਭਰੀ। ਇਸ ਮੌਕੇ ਵੱਖ-ਵੱਖ ਮੀਡੀਆ ਅਦਾਰਿਆਂ ਵਿਚੋਂ ਪ੍ਰਾਇਮ ਏਸ਼ੀਆ ਟੀ.ਵੀ., ਪੰਜਾਬ ਮੇਲ ਯੂ.ਐੱਸ.ਏ. ਟੀ.ਵੀ., ਜਸ ਟੀ.ਵੀ., ਆਈ.ਸੀ.ਏ. ਟੀ.ਵੀ., ਓਮਨੀ ਟੀ.ਵੀ., ਅਜੀਤ ਅਖ਼ਬਾਰ, ਪ੍ਰਵਾਸੀ ਮੀਡੀਆ ਗਰੁੱਪ ਵੱਲੋਂ ਕਾਨਫਰੰਸ ਦਾ ਸਿੱਧਾ ਪ੍ਰਸਾਰਣ ਅਤੇ ਕਵਰੇਜ ਕਰਨ ਵਿਚ ਵਿਸ਼ੇਸ਼ ਸਹਿਯੋਗ ਦਿੱਤਾ। ਅਖ਼ੀਰ ਵਿਚ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਵੱਲੋਂ ਕਾਨਫਰੰਸ ਵਿਚ ਸ਼ਾਮਲ ਹੋਣ ਅਤੇ ਸੰਪੂਰਨ ਸਹਿਯੋਗ ਦੇਣ ਲਈ ਸਮੁੱਚੀ ਟੀਮ ਅਤੇ ਹਾਜ਼ਰੀਨ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਅਤੇ 20, 21, 22 ਜੂਨ 2025 ਵਿਚ ਅਗਲੀ ਕਾਨਫਰੰਸ ਕਰਵਾਉਣ ਲਈ ਤਾਰੀਖਾਂ ਦੀ ਘੋਸ਼ਣਾ ਵੀ ਕੀਤੀ।

**ਜਾਰੀ ਕਰਤਾ: ਬਲਬੀਰ ਕੌਰ ਰਾਏਕੋਟੀ**
**ਕੌਮੀ ਪ੍ਰਧਾਨ (ਭਾਰਤ)**
**ਵਿਸ਼ਵ ਪੰਜਾਬੀ ਸਭਾ ਕੈਨੇਡਾ**

■ ਬਾਕੀ ਫੋਟੋਆਂ ਅਗਲੇ ਸਫੇ 'ਤੇ ਦੇਖੋ

# ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਤੀਜੀ ਅੰਤਰਰਾਸ਼ਟਰੀ ਕਾਨਫ਼ਰੰਸ ਸਫ਼ਲਤਾਪੂਰਵਕ ਬਰੈਂਪਟਨ ਵਿਖੇ ਹੋਈ ਸੰਪੰਨ

Photos : Gurjatinder S. Randhawa (Punjab Mail USA)












































■ ਬਾਕੀ ਫੋਟੋਆਂ ਅਗਲੇ ਸਫੇ 'ਤੇ ਦੇਖੋ

# ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਤੀਜੀ ਅੰਤਰਰਾਸ਼ਟਰੀ ਕਾਨਫ਼ਰੰਸ ਸਫ਼ਲਤਾਪੂਰਵਕ ਬਰੈਂਪਟਨ ਵਿਖੇ ਹੋਈ ਸੰਪੰਨ

Photos : Gurjatinder S. Randhawa (Punjab Mail USA)


















# ਉੱਤਰੀ ਕੈਰੋਲੀਨਾ 'ਚ ਗੁਜਰਾਤੀ ਸਟੋਰ ਮਾਲਕ ਦੀ ਗੋਲੀ ਮਾਰ ਕੇ ਹੱਤਿਆ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**-ਅਮਰੀਕਾ ਵਿਚ ਇੱਕ ਹੋਰ ਗੁਜਰਾਤੀ ਦੀ ਬੀਤੇ ਦਿਨੀਂ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਸੂਬੇ ਉੱਤਰੀ ਕੈਰੋਲੀਨਾ ਦੇ ਨਿਵਾਸੀ ਮਾਨਕ ਪਟੇਲ ਨੂੰ ਉਸ ਦੇ ਸਟੋਰ ਲੁੱਟਣ ਦੌਰਾਨ ਇਕ ਨਾਬਾਲਗ ਨੇ ਗੋਲੀ ਮਾਰ ਦਿੱਤੀ ਸੀ। ਮਾਣਕ ਪਟੇਲ ਏਅਰਪੋਰਟ ਰੋਡ ਸਥਿਤ ਤੰਬਾਕੂ ਹਾਊਸ ਦਾ ਮਾਲਕ ਸੀ। ਪੁਲਿਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ, ਪਰ ਉਸ ਦਾ ਨਾਂ ਜਾਰੀ ਨਹੀਂ ਕੀਤਾ ਗਿਆ ਕਿਉਂਕਿ ਉਹ ਨਾਬਾਲਗ ਹੈ। ਮਾਣਕ ਪਟੇਲ ਦੀ ਪੰਜ ਸਾਲ ਦੀ ਇਕ ਬੇਟੀ ਹੈ। ਗੁਜਰਾਤੀ ਮੂਲ ਦੇ ਮਾਣਕ ਪਟੇਲ ਦੀ ਮੌਤ ਨਾਲ ਪਰਿਵਾਰ ਵਿਚ ਸੋਗ ਦੀ ਲਹਿਰ ਦੌੜ ਗਈ ਹੈ। ਮਾਣਕ ਪਟੇਲ ਨੂੰ ਉਸ ਦੇ ਉੱਚੇ ਅਤੇ ਬੋਲਣ ਵਾਲੇ ਸੁਭਾਅ ਕਾਰਨ ਸਥਾਨਕ ਲੋਕਾਂ ਦੁਆਰਾ ਮਾਈਕ ਦਾ ਉਪਨਾਮ ਦਿੱਤਾ ਗਿਆ ਸੀ। ਰੋਵਨ ਕਾਊਂਟੀ ਸ਼ੈਰਿਫ ਦੇ ਦਫਤਰ ਦੇ ਪਬਲਿਕ ਇਨਫਾਰਮੇਸ਼ਨ ਅਫਸਰ ਕੈਪਟਨ ਮਾਰਕ ਮੈਕਡੈਨੀਅਲ ਨੇ ਕਿਹਾ, 'ਡਿਪਟੀਜ਼ ਨੂੰ ਤੰਬਾਕੂ ਹਾਊਸ ਸਟੋਰ ਤੋਂ 911 ਕਾਲ ਮਿਲੀ। ਜਦੋਂ ਉਹ ਮੌਕੇ 'ਤੇ ਪਹੁੰਚੇ, ਤਾਂ ਮਾਣਕ ਪਟੇਲ ਨੂੰ ਕਈ ਗੋਲੀਆਂ ਲੱਗੀਆਂ ਸਨ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਪਰ ਉਹ ਬਚ ਨਹੀਂ ਸਕਿਆ ਅਤੇ ਉਸ ਦੀ ਮੌਤ ਹੋ ਗਈ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗੋਲੀ ਲੁੱਟਣ ਦੇ ਇਰਾਦੇ ਨਾਲ ਚਲਾਈ ਗਈ ਸੀ। ਸੁਰੱਖਿਆ ਵੀਡੀਓ 'ਚ ਵਿਅਕਤੀ ਨੂੰ ਸਟੋਰ ਪਾਰਕਿੰਗ 'ਚ ਦੌੜਦੇ ਦੇਖਿਆ ਜਾ ਸਕਦਾ ਹੈ। ਉਸਨੇ ਕਾਲੇ ਸ਼ਾਟ, ਕਾਲੇ ਹੂਡੀ, ਕਾਲੇ ਸਕੀ ਮਾਸਕ ਅਤੇ ਚਿੱਟੇ ਨਾਈਕੀ ਟੈਨਿਸ ਜੁੱਤੇ ਪਾਏ ਹੋਏ ਸਨ। ਉਸਦੇ ਹੱਥ ਵਿਚ ਇੱਕ ਕਾਲੇ ਰੰਗ ਦੀ ਬੰਦੂਕ ਹੈ।

# ਟਰੰਪ ਨੇ ਹੈਰਿਸ ਨੂੰ ਹਰਾਉਣ ਲਈ ਹਿੰਦੂ-ਅਮਰੀਕੀ ਨੇਤਾ ਤੁਲਸੀ ਗਬਾਰਡ ਤੋਂ ਮੰਗੀ ਮਦਦ



**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਾਲੇ ਰਾਸ਼ਟਰਪਤੀ ਚੋਣ ਨੂੰ ਲੈ ਕੇ ਬਹਿਸ ਹੋਣ ਜਾ ਰਹੀ ਹੈ। ਜਿਸ ਲਈ ਟਰੰਪ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਸੂਤਰਾਂ ਮੁਤਾਬਕ ਟਰੰਪ ਨੇ ਬਹਿਸ ਭਾਸ਼ਨ ਵਿਚ ਆਪਣੀ ਪਾਰਟੀ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਾਬਕਾ ਡੈਮੋਕ੍ਰੇਟਿਕ ਕਾਂਗਰਸ ਵੂਮੈਨ ਅਤੇ ਹਿੰਦੂ-ਅਮਰੀਕੀ ਨੇਤਾ ਤੁਲਸੀ ਗਬਾਰਡ ਦੀ ਮਦਦ ਮੰਗੀ ਹੈ। ਡੋਨਾਲਡ ਟਰੰਪ ਅਤੇ ਭਾਰਤੀ ਮੂਲ ਦੀ ਨੇਤਾ ਕਮਲਾ ਹੈਰਿਸ 10 ਸਤੰਬਰ ਨੂੰ ਮੀਡੀਆ ਸਾਹਮਣੇ ਇੱਕ ਦੂਜੇ ਨਾਲ ਬਹਿਸ ਕਰਨਗੇ।

ਤੁਲਸੀ ਗਬਾਰਡ ਦਾ ਜਨਮ ਅਮਰੀਕਾ ਦੇ ਹਵਾਈ ਰਾਜ ਵਿਚ ਅਮਰੀਕੀ ਸਮੋਅਨ ਮੂਲ ਦੇ ਇੱਕ ਪਰਿਵਾਰ ਵਿਚ ਹੋਇਆ ਸੀ। ਉਸ ਦੇ ਪਿਤਾ ਇੱਕ ਕੈਥੋਲਿਕ ਸਨ ਅਤੇ ਉਸ ਦੀ ਮਾਤਾ ਹਿੰਦੂ ਧਰਮ ਦੀ ਪੈਰੋਕਾਰ ਸੀ। ਤੁਲਸੀ ਗਬਾਰਡ ਨੇ ਵੀ ਹਿੰਦੂ ਧਰਮ ਨੂੰ ਅਪਣਾ ਲਿਆ ਸੀ। ਉਹ ਭਾਰਤ ਅਤੇ ਅਮਰੀਕਾ ਦਰਮਿਆਨ ਚੰਗੇ ਸਬੰਧਾਂ ਦੀ ਵੀ ਵਕਾਲਤ ਕਰਦੀ ਰਹੀ ਹੈ। ਟਰੰਪ ਅਤੇ ਕਮਲਾ ਹੈਰਿਸ ਵਿਰੁੱਧ ਪਹਿਲੀ ਰਾਸ਼ਟਰਪਤੀ ਬਹਿਸ ਨੂੰ ਲੋਕ ਬਹੁਤ ਗੰਭੀਰਤਾ ਨਾਲ ਲੈ ਰਹੇ ਹਨ। ਟਰੰਪ ਉਸੇ ਬਹਿਸ ਵਿਚ ਕਮਲਾ ਹੈਰਿਸ ਨੂੰ ਹਰਾ ਕੇ ਵੋਟਰਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕਰਨਾ ਚਾਹੁੰਦੇ ਹਨ, ਜਿਸ ਤਰ੍ਹਾਂ ਉਨ੍ਹਾਂ ਨੇ ਪਹਿਲੀ ਬਹਿਸ ਵਿਚ ਜੋਅ ਬਾਇਡਨ ਨੂੰ ਹਰਾਇਆ ਸੀ। ਇਹੀ ਕਾਰਨ ਹੈ ਕਿ ਟਰੰਪ ਬਹਿਸ ਦੀ ਤਿਆਰੀ ਵਿਚ ਕੋਈ ਕਸਰ ਨਹੀਂ ਛੱਡਣਾ ਚਾਹੁੰਦੇ ਹਨ।

ਅਮਰੀਕੀ ਮੀਡੀਆ ਦੀਆਂ ਰਿਪੋਰਟਾਂ ਮੁਤਾਬਕ ਸਾਬਕਾ ਡੈਮੋਕ੍ਰੇਟ ਸੰਸਦ ਮੈਂਬਰ ਤੁਲਸੀ ਗਬਾਰਡ ਇਸ ਕੰਮ 'ਚ ਟਰੰਪ ਦੀ ਪੂਰੀ ਮਦਦ ਕਰ ਰਹੀ ਹੈ। ਇਸ ਤੋਂ ਪਹਿਲੇ ਤੁਲਸੀ ਨੇ ਸੰਨ 2019 ਵਿਚ ਇੱਕ ਬਹਿਸ ਵਿਚ ਕਮਲਾ ਹੈਰਿਸ ਨੂੰ ਹਰਾਇਆ ਸੀ। ਇਸ ਲਈ ਡੋਨਾਲਡ ਟਰੰਪ ਨੂੰ ਬਹਿਸ ਲਈ ਤਿਆਰ ਕਰਨ ਲਈ ਤੁਲਸੀ ਗਬਾਰਡ ਨੂੰ ਚੁਣਿਆ ਗਿਆ ਹੈ।

ਤੁਲਸੀ ਗਬਾਰਡ ਨੇ 2020 ਵਿਚ ਡੈਮੋਕ੍ਰੇਟਿਕ ਪਾਰਟੀ ਛੱਡ ਦਿੱਤੀ ਸੀ ਅਤੇ ਹੁਣ ਉਸ ਨੂੰ ਟਰੰਪ ਸਮਰਥਕ ਮੰਨਿਆ ਜਾਂਦਾ ਹੈ। 2019 ਵਿਚ, ਤੁਲਸੀ ਗਬਾਰਡ ਨੇ ਇੱਕ ਬਹਿਸ ਦੌਰਾਨ ਕਮਲਾ ਹੈਰਿਸ ਨੂੰ ਕਈ ਮੁੱਦਿਆਂ 'ਤੇ ਬੇਵਕੂਫ਼ ਬਣਾ ਕੇ ਛੱਡ ਦਿੱਤਾ ਸੀ। ਤੁਲਸੀ ਗਬਾਰਡ ਅਤੇ ਕਮਲਾ ਹੈਰਿਸ 2020 ਵਿਚ ਅਮਰੀਕੀ ਰਾਸ਼ਟਰਪਤੀ ਦੇ ਦਾਅਵੇਦਾਰਾਂ ਵਿਚ ਸ਼ਾਮਲ ਸਨ। ਇਸ ਕਾਰਨ 2019 'ਚ ਡੈਮੋਕ੍ਰੇਟ ਪ੍ਰਾਇਮਰੀ ਚੋਣਾਂ ਦੌਰਾਨ ਦੋਵਾਂ ਵਿਚਾਲੇ ਵੀ ਬਹਿਸ ਹੋਈ ਸੀ।

# ਟੈਨੇਸੀ ਸੂਬੇ 'ਚ ਭਾਰਤੀ ਗੁਜਰਾਤੀ ਸਟੋਰ ਮਾਲਕ ਬਲਾਤਕਾਰ ਦੇ ਮਾਮਲੇ 'ਚ ਗ੍ਰਿਫਤਾਰ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਟੈਨੇਸੀ ਰਾਜ ਦੇ ਇਕ ਭਾਰਤੀ ਗੁਜਰਾਤੀ ਅੰਕਿਤ ਪਟੇਲ ਨੂੰ ਪੁਲਿਸ ਨੇ ਬਲਾਤਕਾਰ ਦੇ ਇੱਕ ਮਾਮਲੇ ਵਿਚ ਗ੍ਰਿਫਤਾਰ ਕੀਤਾ ਹੈ। ਅੰਕਿਤ ਉੱਤੇ ਉਸ ਦੇ ਸਟੋਰ ਵਿਚ ਕੰਮ ਕਰਨ ਵਾਲੀ ਇੱਕ ਨਾਬਾਲਗ ਲੜਕੀ ਨਾਲ ਸਰੀਰਕ ਸਬੰਧ ਬਣਾਉਣ ਦਾ ਦੋਸ਼ ਹੈ। ਅਮਰੀਕੀ ਮੀਡੀਆ ਦੀਆਂ ਰਿਪੋਰਟਾਂ ਮੁਤਾਬਕ ਅੰਕਿਤ ਪਟੇਲ ਪੁਟਨਮ ਕਾਊਂਟੀ ਦੇ ਮੋਂਟੇਰੀ ਟਾਊਨ 'ਚ ਆਪਣਾ ਸਟੋਰ ਚਲਾਉਂਦਾ ਹੈ, ਜਿੱਥੇ ਉਸ ਦੇ ਸਟੋਰ 'ਚ ਇਕ ਨਾਬਾਲਗ ਲੜਕੀ ਵੀ ਕੰਮ ਕਰਦੀ ਸੀ, ਜਿਸ ਨਾਲ ਕਥਿਤ ਤੌਰ 'ਤੇ ਦੋਸ਼ੀ ਪਟੇਲ ਦਾ ਸਬੰਧ ਸੀ। ਪੁਲਿਸ ਜਾਂਚ ਦੌਰਾਨ ਇਹ ਵੀ ਪਤਾ ਲੱਗਾ ਕਿ ਅੰਕਿਤ ਪਟੇਲ ਦਾ ਲੜਕੀ ਨਾਲ ਪਿਛਲੇ ਤਿੰਨ ਮਹੀਨਿਆਂ ਤੋਂ ਪ੍ਰੇਮ ਸਬੰਧ ਚੱਲ ਰਿਹਾ ਸੀ, ਬੀਤੀ 16 ਅਗਸਤ ਨੂੰ ਪੁਲਿਸ ਵੱਲੋਂ ਅੰਕਿਤ ਤੋਂ ਪੁੱਛਗਿੱਛ ਕੀਤੀ ਗਈ, ਜਿਸ 'ਚ ਉਸ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਕਬੂਲ ਕੀਤਾ। ਉਸ ਨੇ ਮੰਨਿਆ ਕਿ ਸਟੋਰ 'ਤੇ ਕੰਮ ਕਰਨ ਵਾਲੀ ਲੜਕੀ ਨਾਲ ਉਸ ਦੇ ਸਬੰਧ ਸਨ। ਉਸ ਦੇ ਖਿਲਾਫ ਜਾਂਚ ਸ਼ੁਰੂ ਕਰਨ ਤੋਂ ਬਾਅਦ ਅੰਕਿਤ ਪਟੇਲ ਨੂੰ 16 ਅਗਸਤ ਨੂੰ ਗ੍ਰਿਫਤਾਰ ਕਰਕੇ ਪੁਟਨਮ ਕਾਊਂਟੀ ਜੇਲ੍ਹ ਭੇਜ ਦਿੱਤਾ ਗਿਆ ਹੈ। ਅੰਕਿਤ ਪਟੇਲ 'ਤੇ ਨਾਬਾਲਗ ਲੜਕੀ ਨਾਲ ਬਲਾਤਕਾਰ ਤੋਂ ਇਲਾਵਾ ਦੋ ਹੋਰ ਦੋਸ਼ ਵੀ ਲੱਗੇ ਹਨ। ਇਨ੍ਹਾਂ ਤਿੰਨ ਦੋਸ਼ਾਂ 'ਚ ਅੰਕਿਤ ਪਟੇਲ 'ਤੇ ਕੁੱਲ 1 ਲੱਖ 10 ਹਜ਼ਾਰ ਡਾਲਰ ਦਾ ਬਾਂਡ ਰੱਖਿਆ ਗਿਆ ਹੈ, ਜਿਸ 'ਚ ਬਲਾਤਕਾਰ ਦੇ ਮਾਮਲੇ 'ਚ 20 ਹਜ਼ਾਰ ਡਾਲਰ ਅਤੇ ਹੋਰ ਦੋ ਦੋਸ਼ਾਂ 'ਚ 45-45 ਹਜ਼ਾਰ ਡਾਲਰ ਦਾ ਬਾਂਡ ਸ਼ਾਮਲ ਹੈ। ਅੰਕਿਤ ਪਟੇਲ ਨੂੰ ਹੁਣ 23 ਸਤੰਬਰ 2024 ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਦੋਸ਼ੀ ਦੇ ਖਿਲਾਫ ਦੋਸ਼ ਕਲਾਸ ਈ ਸੰਗੀਨ ਦੀ ਸ਼੍ਰੇਣੀ ਵਿਚ ਆਉਂਦਾ ਹੈ, ਜਿਸ ਵਿਚ ਦੋਸ਼ੀ ਪਾਏ ਜਾਣ 'ਤੇ ਉਸ ਨੂੰ ਇੱਕ ਤੋਂ ਛੇ ਸਾਲ ਦੀ ਸਜ਼ਾ ਅਤੇ ਤਿੰਨ ਹਜ਼ਾਰ ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ।

## ਭਾਰਤ ਦਾ ਅਮਰੀਕੀ ਸਕਿਓਰਿਟੀਜ਼ 'ਚ ਨਿਵੇਸ਼ ਜੂਨ 'ਚ ਵਧ ਕੇ 241.6 ਅਰਬ ਡਾਲਰ ਦੇ ਉੱਚੇ ਪੱਧਰ 'ਤੇ ਪਹੁੰਚਿਆ

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ ਦਾ ਅਮਰੀਕੀ ਸਰਕਾਰੀ ਸਕਿਓਰਿਟੀਜ਼ 'ਚ ਨਿਵੇਸ਼ ਜੂਨ 'ਚ ਵਧ ਕੇ ਕੁਲ 241.9 ਅਰਬ ਡਾਲਰ ਦੇ ਉੱਚੇ ਪੱਧਰ 'ਤੇ ਪਹੁੰਚ ਗਿਆ। ਇਹ ਲਗਾਤਾਰ ਤੀਜਾ ਮਹੀਨਾ ਹੈ, ਜਦੋਂ ਭਾਰਤ ਨੇ ਅਮਰੀਕੀ ਸਕਿਓਰਿਟੀਜ਼ 'ਚ ਨਿਵੇਸ਼ ਵਧਾਇਆ ਹੈ। ਅਮਰੀਕੀ ਟਰੈਜਰੀ ਵਿਭਾਗ ਦੇ ਤਾਜ਼ਾ ਅੰਕੜਿਆਂ ਅਨੁਸਾਰ ਜਾਪਾਨ ਜੂਨ 'ਚ 1,110 ਅਰਬ ਡਾਲਰ ਤੋਂ ਜ਼ਿਆਦਾ ਮੁੱਲ ਦੀਆਂ ਸਕਿਓਰਿਟੀਜ਼ ਦੇ ਨਾਲ ਟਾਪ 'ਤੇ ਰਿਹਾ। ਉਥੇ ਹੀ ਚੀਨ 780.2 ਅਰਬ ਡਾਲਰ ਮੁੱਲ ਦੀਆਂ ਸਕਿਓਰਿਟੀਜ਼ ਨਾਲ ਦੂਜੇ ਸਥਾਨ 'ਤੇ ਹੈ। ਬ੍ਰਿਟੇਨ 741.5 ਅਰਬ ਡਾਲਰ ਦੇ ਨਿਵੇਸ਼ ਨਾਲ ਤੀਜੇ ਅਤੇ 384.2 ਅਰਬ ਡਾਲਰ ਦੀਆਂ ਸਕਿਓਰਿਟੀਜ਼ ਦੇ ਨਾਲ ਲਕਜਮਬਰਗ ਚੌਥੇ ਸਥਾਨ 'ਤੇ ਰਿਹਾ। ਦੇਸ਼ਾਂ ਅਤੇ ਹੋਰ ਖੇਤਰਾਂ 'ਚ ਭਾਰਤ ਜੂਨ 'ਚ 241.9 ਅਰਬ ਡਾਲਰ ਮੁੱਲ ਦੀ ਅਮਰੀਕੀ ਸਰਕਾਰੀ ਸਕਿਓਰਿਟੀਜ਼ ਨਾਲ 12ਵੇਂ ਸਥਾਨ 'ਤੇ ਰਿਹਾ। ਇਹ ਮਈ 'ਚ 237.8 ਅਰਬ ਡਾਲਰ ਸੀ। ਅੰਕੜਿਆਂ ਮੁਤਾਬਕ, ਭਾਰਤ ਕੋਲ ਅਮਰੀਕੀ ਸਕਿਓਰਿਟੀਜ਼ ਪਿਛਲੇ ਇਕ ਸਾਲ 'ਚ ਸਭ ਤੋਂ ਜ਼ਿਆਦਾ ਹਨ।

## ਟੈਕਸਾਸ 'ਚ ਸੜਕ ਹਾਦਸੇ ਦੌਰਾਨ ਭਾਰਤੀ ਮੂਲ ਦੇ ਪਰਿਵਾਰ ਦੇ 3 ਜੀਆਂ ਦੀ ਮੌਤ

**ਹਿਊਸਟਨ, (ਪੰਜਾਬ ਮੇਲ)**- ਅਮਰੀਕਾ ਦੇ ਟੈਕਸਾਸ ਸੂਬੇ ਵਿਚ ਵਾਪਰੇ ਇੱਕ ਸੜਕ ਹਾਦਸੇ ਦੌਰਾਨ ਭਾਰਤੀ ਮੂਲ ਦੇ ਪਰਿਵਾਰ ਦੇ ਤਿੰਨ ਜੀਆਂ ਦੀ ਮੌਤ ਹੋ ਗਈ। ਮੀਡੀਆ ਰਿਪੋਰਟਾਂ ਅਨੁਸਾਰ ਇਹ ਹਾਦਸਾ ਟੈਕਸਾਸ ਦੇ ਲੈਂਪਾਸਾਸ ਕਾਊਂਟੀ ਨੇੜੇ ਵਾਪਰਿਆ। ਆਸਟਿਨ ਅਮੈਰੀਕਨ ਸਟੇਟਸਮੈਨ ਦੀ ਰਿਪੋਰਟ ਅਨੁਸਾਰ ਕਾਰ ਹਾਦਸੇ ਦੌਰਾਨ ਅਰਵਿੰਦ ਮਨੀ (45), ਉਸ ਦੀ ਪਤਨੀ ਪ੍ਰਦੀਪਾ ਅਰਵਿੰਦ (40) ਅਤੇ ਉਨ੍ਹਾਂ ਦੀ 17 ਸਾਲਾ ਧੀ ਐਂਡਰਿਲ ਅਰਵਿੰਦ ਵਾਸੀ ਲਿਏਂਡਰ ਦੀ ਮੌਤ ਹੋ ਗਈ। ਪਰਿਵਾਰ ਵਿਚ ਇਕਲੌਤਾ 14 ਸਾਲਾ ਪੁੱਤਰ ਆਦਿਰਿਅਨ ਬਚਿਆ ਹੈ, ਜੋ ਹਾਦਸੇ ਸਮੇਂ ਗੱਡੀ ਵਿਚ ਉਨ੍ਹਾਂ ਨਾਲ ਨਹੀਂ ਬੈਠਾ ਸੀ।


For Sale & Purchase of Any Kind of Property
Agriculture land, Commercial Land, Home

ਮਡੇਰਾ ਕਾਉਂਟੀ ਵਿਚ 783 ਏਕੜ ਖੇਤੀਬਾੜੀ ਦੀ ਜਮੀਨ ਵਿਕਾਊ ਹੈ

1. 783.3 Acres of well taken care good producing Almonds and all drip system, under $19,992.34 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.



783.3 Acres of well taken care good producing Almonds and all drip system, under $19,992.34 per Acre.



ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:

Gurnek S. Nagra (Realtor)
DRE Lic# 01488551
RE/MAX Gold
1948 High St, Suite #106
Selma, Ca 93662
Cell# 559-288-2780
E-Mail: gurneknagra@yahoo.com
Web Page: gurneknagra.com


# ਗੈਰ-ਕਾਨੂੰਨੀ ਤਰੀਕੇ ਨਾਲ ਕੈਨੇਡੀਅਨ ਸਰਹੱਦ ਪਾਰ ਕਰਨ ਵਾਲਿਆਂ ਨੂੰ ਅਮਰੀਕਾ ਨਹੀਂ ਦੇਵੇਗਾ 'ਐਂਟਰੀ'



**ਨਿਊਯਾਰਕ, (ਪੰਜਾਬ ਮੇਲ)**- ਮੈਕਸੀਕੋ ਤੋਂ ਬਾਅਦ ਹੁਣ ਕੈਨੇਡਾ ਦੇ ਬਾਰਡਰ ਪਾਰ ਕਰਨ ਵਾਲਿਆਂ ਨੂੰ ਅਮਰੀਕਾ ਐਂਟਰੀ ਨਹੀਂ ਦੇਵੇਗਾ। ਪਿਛਲੇ ਢਾਈ ਮਹੀਨਿਆਂ ਤੋਂ ਗੈਰ-ਕਾਨੂੰਨੀ ਢੰਗ ਨਾਲ ਕੈਨੇਡਾ ਦੀ ਸਰਹੱਦ ਪਾਰ ਕਰਕੇ ਅਮਰੀਕਾ ਆਉਣ ਤੋਂ ਬਾਅਦ ਸ਼ਰਨ ਮੰਗਣ ਵਾਲਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਹੁਣ ਅਮਰੀਕਾ ਨੇ ਕੈਨੇਡਾ ਦੀ ਸਰਹੱਦ 'ਤੇ ਸ਼ਰਨ ਲੈਣ ਵਾਲਿਆਂ ਪ੍ਰਤੀ ਪ੍ਰਕਿਰਿਆ ਤੇਜ਼ ਕਰਨ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ, ਜਿਸ ਦਾ ਮੁੱਖ ਮਕਸਦ ਪ੍ਰਵਾਸੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਨ ਤੋਂ ਰੋਕਣਾ ਹੈ।

ਗ੍ਰਹਿ ਸੁਰੱਖਿਆ ਵਿਭਾਗ ਦੇ ਅੰਦਰੂਨੀ ਦਸਤਾਵੇਜ਼ਾਂ ਅਨੁਸਾਰ ਅਮਰੀਕਾ 14 ਅਗਸਤ ਤੋਂ ਆਪਣੀ ਨੀਤੀ ਵਿਚ 'ਦੋ ਮਹੱਤਵਪੂਰਨ ਬਦਲਾਅ' ਲਾਗੂ ਕਰਨਾ ਸ਼ੁਰੂ ਕੀਤੇ ਹਨ। ਮੈਕਸੀਕੋ ਨਾਲ ਲੱਗਦੀ ਲਾਈਨ ਲਗਭਗ ਬੰਦ ਹੋਣ ਕਾਰਨ ਭਾਰਤ ਦੇ ਏਜੰਟਾਂ ਨੇ ਕੈਨੇਡਾ ਨਾਲ ਲੱਗਦੀ ਲਾਈਨ ਰਾਹੀਂ ਆਪਣੇ ਯਾਤਰੀ ਅਮਰੀਕਾ ਭੇਜਣੇ ਸ਼ੁਰੂ ਕਰ ਦਿੱਤੇ ਹਨ, ਹਾਲਾਂਕਿ ਪਿਛਲੇ ਕੁਝ ਸਮੇਂ ਤੋਂ ਅਮਰੀਕੀ ਸਰਕਾਰ ਸਖ਼ਤ ਹੋ ਗਈ ਹੈ ਕਿਉਂਕਿ ਕੈਨੇਡਾ ਦੀ ਸਰਹੱਦ 'ਤੇ ਗੈਰ-ਕਾਨੂੰਨੀ ਕਰਾਸਿੰਗ ਵੀ ਕਾਫੀ ਵਧ ਗਈ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਇਨ੍ਹੀਂ ਦਿਨੀਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਜਾਣ ਵਾਲੇ ਕਈ ਲੋਕਾਂ ਨੂੰ ਏਅਰਪੋਰਟ ਤੋਂ ਵਾਪਸ ਭੇਜਿਆ ਜਾ ਰਿਹਾ ਹੈ।

ਅਮਰੀਕਾ ਲਈ ਕੈਨੇਡਾ ਦੀ ਮੈਕਸੀਕੋ ਨਾਲ ਲੱਗਦੀ ਪੂਰੀ ਸਰਹੱਦ ਨੂੰ ਸੀਲ ਕਰਨਾ ਲਗਭਗ ਅਸੰਭਵ ਹੈ, ਪਰ ਅਮਰੀਕਾ ਹੁਣ ਉਨ੍ਹਾਂ ਲੋਕਾਂ 'ਤੇ ਸ਼ਿਕੰਜਾ ਕੱਸਣਾ ਚਾਹੁੰਦੀ ਹੈ, ਜੋ ਆਤਮ ਸਮਰਪਣ ਕਰਨ ਅਤੇ ਸਰਹੱਦ ਪਾਰ ਕਰਨ ਤੋਂ ਬਾਅਦ ਸ਼ਰਨ ਮੰਗ ਰਹੇ ਹਨ। ਅਮਰੀਕੀ ਨਿਊਜ਼ ਚੈਨਲ ਸੀ.ਬੀ.ਐੱਸ. ਨੇ ਹੋਮਲੈਂਡ ਸਕਿਓਰਿਟੀ ਦੇ ਕੁਝ ਅੰਦਰੂਨੀ ਦਸਤਾਵੇਜ਼ਾਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਆਪਣੀ ਇਕ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਹੁਣ ਸਰਕਾਰ ਕੈਨੇਡਾ ਦੀ ਸਰਹੱਦ ਤੋਂ ਗੈਰ-ਕਾਨੂੰਨੀ ਕਰਾਸਿੰਗ ਨੂੰ ਰੋਕਣ ਲਈ ਹਰਕਤ ਵਿਚ ਆ ਗਈ ਹੈ। ਅਮਰੀਕਾ ਦਾ ਕੈਨੇਡਾ ਨਾਲ 'ਸੁਰੱਖਿਅਤ ਤੀਜਾ ਦੇਸ਼' ਸ਼ਰਨ ਸਮਝੌਤਾ ਹੈ, ਜਿਸ 'ਤੇ 2002 'ਚ ਦਸਤਖ਼ਤ ਕੀਤੇ ਗਏ ਸਨ ਅਤੇ ਪਿਛਲੇ ਸਾਲ ਹੀ ਇਸ ਦਾ ਵਿਸਥਾਰ ਕੀਤਾ ਗਿਆ ਸੀ।

# ਕਮਲਾ ਹੈਰਿਸ ਵੱਲੋਂ ਐਲਾਨ; ਜੇ ਮੈਂ ਜਿੱਤੀ ਤਾਂ ਗਰੀਬਾਂ ਦੇ ਆਉਣਗੇ 'ਅੱਛੇ ਦਿਨ'

**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕਾ 'ਚ 5 ਨਵੰਬਰ ਨੂੰ ਰਾਸ਼ਟਰਪਤੀ ਦੀ ਚੋਣ ਹੋਣ ਜਾ ਰਹੀ ਹੈ। ਹੁਣ ਇਸ ਚੋਣ ਵਿਚ ਲੋਭੀ ਵਾਅਦਿਆਂ ਦਾ ਪ੍ਰਵੇਸ਼ ਹੋ ਗਿਆ ਹੈ। ਉਪ-ਰਾਸ਼ਟਰਪਤੀ ਅਤੇ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਨੇ ਉੱਤਰੀ ਕੈਰੋਲੀਨਾ ਵਿਚ ਇੱਕ ਰੈਲੀ ਵਿਚ ਐਲਾਨ ਕੀਤਾ ਹੈ ਕਿ ਜੇਕਰ ਉਹ ਰਾਸ਼ਟਰਪਤੀ ਬਣ ਜਾਂਦੀ ਹੈ ਤਾਂ ਉਹ ਆਰਥਿਕਤਾ ਨੂੰ ਮਜ਼ਬੂਤ ਕਰੇਗੀ। ਉਨ੍ਹਾਂ ਕਿਹਾ ਕਿ ਜੇਕਰ ਮੈਂ ਜਿੱਤ ਗਈ ਤਾਂ ਗਰੀਬਾਂ ਦੇ ਅੱਛੇ ਦਿਨ ਆਉਣਗੇ। ਜੇਕਰ ਟਰੰਪ ਆਉਂਦਾ ਹੈ ਤਾਂ ਉਹ ਨੁਕਸਾਨ ਕਰੇਗਾ।

ਇਸ ਦੇ ਨਾਲ ਹੀ ਕਮਲਾ ਹੈਰਿਸ ਨੇ ਰੈਲੀ 'ਚ ਵਾਅਦਾ ਕੀਤਾ ਕਿ

### ■ ਕਿਹਾ: ਜੇ ਟਰੰਪ ਜਿੱਤਿਆ, ਤਾਂ ਕਰੇਗਾ ਵੱਡਾ ਨੁਕਸਾਨ

ਜੇਕਰ ਉਹ ਰਾਸ਼ਟਰਪਤੀ ਬਣਦੀ ਹੈ, ਤਾਂ ਉਹ 30 ਲੱਖ ਤੋਂ ਵੱਧ ਘਰ ਬਣਾਵੇਗੀ। ਇਨ੍ਹਾਂ ਵਿਚੋਂ ਜ਼ਿਆਦਾਤਰ ਘਰ ਘੱਟ ਆਮਦਨ ਵਾਲੇ ਲੋਕਾਂ ਨੂੰ ਦਿੱਤੇ ਜਾਣਗੇ। ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ 20 ਲੱਖ ਰੁਪਏ ਤੋਂ ਵੱਧ ਦੀ ਸਹਾਇਤਾ ਵੀ ਦਿੱਤੀ ਜਾਵੇਗੀ। ਕਮਲਾ ਹੈਰਿਸ ਨੇ ਆਪਣੀ ਰੈਲੀ 'ਚ ਇਹ ਵੀ ਵਾਅਦਾ ਕੀਤਾ ਹੈ ਕਿ ਜੇਕਰ ਉਹ ਜਿੱਤਦੀ ਹੈ, ਤਾਂ ਪਹਿਲੇ ਬੱਚੇ ਦੇ ਜਨਮ 'ਤੇ 5 ਲੱਖ ਰੁਪਏ ਦੀ ਸਬਸਿਡੀ ਦਿੱਤੀ ਜਾਵੇਗੀ। ਡੈਮੋਕ੍ਰੇਟਿਕ ਉਮੀਦਵਾਰ ਕਮਲਾ ਹੈਰਿਸ ਅਤੇ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਹੁਣ 10 ਸਤੰਬਰ ਦੀ ਬਹਿਸ ਦੀ ਤਿਆਰੀ ਵਿਚ ਰੁੱਝੇ ਹੋਏ ਹਨ।

ਇਸ ਦੌਰਾਨ ਟਰੰਪ ਨੇ ਕਮਲਾ ਨੂੰ ਬਹਿਸ ਵਿਚ ਹਰਾਉਣ ਲਈ ਤੁਲਸੀ ਗਬਾਰਡ ਦੀ ਮਦਦ ਮੰਗੀ ਹੈ। ਤੁਲਸੀ ਵੀ ਇਸ ਗੱਲ ਨਾਲ ਸਹਿਮਤ ਹੈ। ਉਹ ਜਲਦੀ ਹੀ ਟਰੰਪ ਦੀ ਮੁਹਿੰਮ ਟੀਮ ਵਿਚ ਸ਼ਾਮਲ ਹੋਵੇਗੀ। ਟਰੰਪ ਪਹਿਲੀ ਅਤੇ ਇਕੋ-ਇਕ ਰਾਸ਼ਟਰਪਤੀ ਬਹਿਸ ਵਿਚ ਕਮਲਾ ਖ਼ਿਲਾਫ਼ ਕਮਜ਼ੋਰ ਨਜ਼ਰ ਆਉਣ ਦਾ ਜ਼ੋਖਮ ਨਹੀਂ ਲੈਣਾ ਚਾਹੁੰਦੇ। ਟਰੰਪ ਕਮਲਾ ਨੂੰ ਉਸੇ ਤਰ੍ਹਾਂ ਹਰਾਉਣਾ ਚਾਹੁੰਦੇ ਹਨ, ਜਿਸ ਤਰ੍ਹਾਂ ਉਨ੍ਹਾਂ ਨੇ ਪਹਿਲੀ ਬਹਿਸ ਵਿਚ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਹਰਾਇਆ ਸੀ।

# ਅਮਰੀਕਾ 'ਚ ਪੰਜਾਬੀ ਨੌਜਵਾਨ ਦੀ ਪੂਲ 'ਚ ਡੁੱਬਣ ਕਾਰਨ ਮੌਤ

**ਫਲੋਰਿਡਾ/ਹੁਸ਼ਿਆਰਪੁਰ, (ਪੰਜਾਬ ਮੇਲ)**- ਅਮਰੀਕਾ ਦੇ ਫਲੋਰਿਡਾ 'ਚ ਪੰਜਾਬੀ ਨੌਜਵਾਨ ਦੀ ਸਵਿਮਿੰਗ ਪੂਲ 'ਚ ਡੁੱਬਣ ਕਾਰਨ ਮੌਤ ਹੋ ਜਾਣ ਦਾ ਦੁੱਖਦ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਨੌਜਵਾਨ ਦੀ ਪਛਾਣ ਅਮਨਦੀਪ ਸਿੰਘ ਸੋਖਲਾ (23) ਵਜੋਂ ਹੋਈ ਹੈ। ਉਹ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਗੜ੍ਹਦੀਵਾਲਾ ਨਾਲ ਸੰਬੰਧਤ ਸੀ। ਜਾਣਕਾਰੀ ਮੁਤਾਬਕ ਅਮਨਦੀਪ ਸਿੰਘ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ, ਜੋ ਕਿ ਪੰਜ ਸਾਲ ਪਹਿਲਾਂ ਫਲੋਰਿਡਾ (ਯੂ.ਐੱਸ.ਏ.) ਗਿਆ ਸੀ। ਉੱਥੇ ਉਸ ਦਾ ਗਰੀਨ ਕਾਰਡ ਵੀ ਬਣ ਚੁੱਕਾ ਸੀ ਤੇ ਉਹ ਤਿੰਨ ਮਹੀਨਿਆਂ ਤੱਕ ਘਰ ਵਾਪਸ ਆਉਣ ਦੀ ਤਿਆਰੀ ਕਰ ਰਿਹਾ ਸੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਉਸ ਦੇ ਚਾਚੇ ਜਸਵਿੰਦਰ ਕੁਮਾਰ ਤੇ ਉਸ ਦੀ ਭੈਣ ਅਕਾਂਕਸ਼ਾ ਨੇ ਦੱਸਿਆ ਕਿ ਬੀਤੀ ਦੇਰ ਰਾਤ ਉਨ੍ਹਾਂ ਨੂੰ ਅਮਰੀਕਾ ਤੋਂ ਫੋਨ ਆਇਆ ਕਿ ਅਮਨਦੀਪ ਸਿੰਘ ਸੋਖਲਾ



ਦੀ ਸਵਿਮਿੰਗ ਪੂਲ 'ਚ ਡੁੱਬਣ ਕਾਰਨ ਮੌਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਉੱਥੋਂ ਦੀ ਪੁਲਿਸ ਵੱਲੋਂ ਸਹੀ ਜਾਣਕਾਰੀ ਇਕੱਤਰ ਕਰਨ ਲਈ ਅਜੇ ਤੱਕ ਛਾਣਬੀਨ ਕੀਤੀ ਜਾ ਰਹੀ ਹੈ। ਇਸ ਮੰਦਭਾਗੀ ਖ਼ਬਰ ਕਾਰਨ ਪਿੰਡ ਤੋਂ ਇਲਾਵਾ ਆਸ-ਪਾਸ ਦੇ ਇਲਾਕੇ 'ਚ ਵੀ ਸੋਗ ਦੀ ਲਹਿਰ ਦੌੜ ਗਈ ਹੈ। ਉਸ ਦੇ ਪਿਤਾ ਲਗਭਗ ਪੰਜ ਮਹੀਨੇ ਪਹਿਲਾਂ ਸਾਊਦੀ ਅਰਬ ਗਏ ਸੀ, ਜਿਨ੍ਹਾਂ ਨੂੰ ਪੁੱਤਰ ਦੀ ਮੌਤ ਦਾ ਪਤਾ ਲੱਗਣ 'ਤੇ ਉਹ ਭਲਕੇ ਵਾਪਸ ਆ ਰਹੇ ਹਨ। ਉਨ੍ਹਾਂ ਸਰਕਾਰ ਤੇ ਪ੍ਰਸ਼ਾਸਨ ਤੋਂ ਅਮਨਦੀਪ ਸਿੰਘ ਦੀ ਮ੍ਰਿਤਕ ਦੇਹ ਗੜ੍ਹਦੀਵਾਲਾ (ਪੰਜਾਬ) ਲਿਆਉਣ ਦੀ ਮੰਗ ਕੀਤੀ, ਤਾਂ ਜੋ ਮ੍ਰਿਤਕ ਨੌਜਵਾਨ ਦਾ ਪਰਿਵਾਰ ਆਪਣੇ ਇਕੌਲਤੇ ਪੁੱਤਰ ਦਾ ਆਖ਼ਰੀ ਵਾਰ ਮੂੰਹ ਵੇਖ ਸਕੇ।

# ਫਰਿਜ਼ਨੋ 'ਚ ਸੜਕ ਹਾਦਸੇ ਦੌਰਾਨ ਪੰਜਾਬੀ ਨੌਜਵਾਨ ਦੀ ਮੌਤ

**ਫਰਿਜ਼ਨੋ/ਮਾਛੀਵਾੜਾ, (ਪੰਜਾਬ ਮੇਲ)**- ਅਮਰੀਕਾ 'ਚ ਸੜਕ ਹਾਦਸੇ ਦੌਰਾਨ ਪੰਜਾਬੀ ਨੌਜਵਾਨ ਦੀ ਮੌਤ ਹੋ



ਗਈ। ਮ੍ਰਿਤਕ ਦੀ ਪਛਾਣ ਵਿਸ਼ਵਦੀਪ ਸਿੰਘ (19) ਪੁੱਤਰ ਸਤਨਾਮ ਸਿੰਘ ਵਜੋਂ ਹੋਈ, ਜਿਸ ਦਾ ਪਿਛੋਕੜ ਪੰਜਾਬ ਦੇ ਮਾਛੀਵਾੜਾ ਨਾਲ ਸੰਬੰਧਤ ਹੈ। ਜਾਣਕਾਰੀ ਅਨੁਸਾਰ ਵਿਸ਼ਵਦੀਪ ਸਿੰਘ ਕਰੀਬ 2 ਸਾਲ ਪਹਿਲਾਂ ਅਮਰੀਕਾ ਗਿਆ ਸੀ ਤੇ ਉਥੇ ਫਰਿਜ਼ਨੋ ਸ਼ਹਿਰ ਵਿਚ ਰਹਿੰਦਾ ਸੀ ਤੇ ਸਟੋਰ 'ਤੇ ਨੌਕਰੀ ਕਰਦਾ ਸੀ। ਉਹ ਜਦੋਂ ਕਿਧਰੇ ਜਾ ਰਿਹਾ ਸੀ, ਤਾਂ ਸਾਹਮਣੇ ਤੋਂ ਆ ਰਹੀ ਇੱਕ ਕਾਰ ਦੀ ਉਸ ਦੀ ਕਾਰ ਨਾਲ ਜ਼ਬਰਦਸਤ ਟੱਕਰ ਹੋ ਗਈ ਅਤੇ ਇਸ ਹਾਦਸੇ 'ਚ ਵਿਸ਼ਵਦੀਪ ਸਿੰਘ ਦੀ ਮੌਤ ਹੋ ਗਈ। ਹਾਦਸੇ ਬਾਰੇ ਮਾਪਿਆਂ ਨੂੰ ਪਤਾ ਲੱਗਣ 'ਤੇ ਉਥੇ ਰਹਿੰਦੇ ਰਿਸ਼ਤੇਦਾਰਾਂ ਨੇ ਲਾਸ਼ ਭਾਰਤ ਲਿਆਉਣ ਲਈ ਯਤਨ ਸ਼ੁਰੂ ਕਰ ਦਿੱਤੇ ਹਨ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :**
**www.punjabmailusa.com**

# ਟਰੰਪ ਦੇ ਮੁਕਾਬਲੇ ਕਮਲਾ ਹੈਰਿਸ ਦੀ ਮਕਬੂਲੀਅਤ 'ਚ ਹੋਇਆ ਵਾਧਾ

**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕੀ ਚੋਣਾਂ 'ਚ ਜਿੱਥੇ ਕਮਲਾ ਹੈਰਿਸ ਅਤੇ ਡੋਨਾਲਡ ਟਰੰਪ ਇਕ-ਦੂਜੇ 'ਤੇ ਇਲਜ਼ਾਮ ਲਗਾ ਰਹੇ ਹਨ, ਉਥੇ ਹੀ ਟਰੰਪ ਅਹਿਮ ਸੂਬਿਆਂ 'ਚ ਪਿੱਛੇ ਚੱਲ ਰਹੇ ਹਨ ਅਤੇ ਕਮਲਾ ਹੈਰਿਸ ਅੱਗੇ ਚੱਲ ਰਹੀ ਹੈ। ਪੋਲ ਮੁਤਾਬਕ ਕਮਲਾ ਹੈਰਿਸ 49 ਫੀਸਦੀ ਦੇ ਨਾਲ ਅੱਗੇ ਹੈ। ਜਦਕਿ ਟਰੰਪ ਨੂੰ 45 ਫੀਸਦੀ ਰੇਟਿੰਗ ਮਿਲੀ ਹੈ। ਡੈਮੋਕ੍ਰੇਟਿਕ ਨੈਸ਼ਨਲ ਕਨਵੈਨਸ਼ਨ ਦੌਰਾਨ ਹੈਰਿਸ ਅਧਿਕਾਰਤ ਤੌਰ 'ਤੇ ਨਾਮਜ਼ਦਗੀ ਸਵੀਕਾਰ ਕਰਨਗੇ। ਇਸ ਦੌਰਾਨ ਟਰੰਪ ਲਗਾਤਾਰ ਵਿਵਾਦਿਤ ਬਿਆਨ ਦੇ ਰਹੇ ਹਨ।

ਹੈਰਿਸ ਲਈ ਇਹ ਇੱਕ ਜਿੱਤ ਪ੍ਰਾਪਤੀ ਹੈ। ਅਮਰੀਕੀ ਚੋਣਾਂ ਵਿਚ ਕਮਲਾ ਹੈਰਿਸ ਦੀ ਸਥਿਤੀ ਮਜ਼ਬੂਤ ਹੁੰਦੀ ਜਾ ਰਹੀ ਹੈ। ਅਮਰੀਕੀ ਚੋਣਾਂ 'ਚ ਜਿਵੇਂ-ਜਿਵੇਂ ਵੋਟਿੰਗ ਦੇ ਦਿਨ ਨੇੜੇ ਆ ਰਹੇ ਹਨ, ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਨੇ ਰਿਪਬਲਿਕਨ ਪਾਰਟੀ ਦੇ ਨੇਤਾ ਡੋਨਾਲਡ ਟਰੰਪ ਨੂੰ ਪਛਾੜ ਦਿੱਤਾ ਹੈ। ਤਾਜ਼ਾ ਸਰਵੇਖਣ ਮੁਤਾਬਕ ਕਮਲਾ ਹੈਰਿਸ 49 ਫੀਸਦੀ ਨਾਲ ਅੱਗੇ ਹੈ, ਜਦਕਿ ਟਰੰਪ ਨੂੰ 45 ਫੀਸਦੀ ਰੇਟਿੰਗ ਮਿਲੀ ਹੈ। ਕਮਲਾ ਹੈਰਿਸ ਕੋਲ ਚਾਰ ਅੰਕਾਂ ਦੀ ਬੜ੍ਹਤ ਹੈ ਪਰ ਇਹ ਅੱਗੇ ਲਈ ਮਹੱਤਵਪੂਰਨ ਸਾਬਤ ਹੋ ਸਕਦੀ ਹੈ। ਇਹ ਕਮਲਾ ਹੈਰਿਸ ਲਈ ਇੱਕ ਮਹੱਤਵਪੂਰਨ ਪ੍ਰਾਪਤੀ ਹੈ।

ਜੁਲਾਈ ਵਿਚ, ਟਰੰਪ 43 ਪ੍ਰਤੀਸ਼ਤ ਅਤੇ ਬਾਇਡਨ 42 ਪ੍ਰਤੀਸ਼ਤ ਰੇਟਿੰਗ ਦੇ ਨਾਲ ਅੱਗੇ ਰਹੇ, ਜਦੋਂਕਿ ਕੈਨੇਡੀ ਨੂੰ 9 ਪ੍ਰਤੀਸ਼ਤ ਰੇਟਿੰਗ ਮਿਲੀ। ਅਮਰੀਕਾ ਵਿਚ ਨਵੰਬਰ ਮਹੀਨੇ ਵੋਟਿੰਗ ਹੋਣੀ ਹੈ। ਅਮਰੀਕਾ ਦੇ ਸਵਿੰਗ ਰਾਜ ਮੰਨੇ ਜਾਂਦੇ ਮਿਸ਼ੀਗਨ, ਪੈਨਸਿਲਵੇਨੀਆ, ਵਿਸਕਾਨਸਿਨ, ਉੱਤਰੀ ਕੈਰੋਲੀਨਾ, ਜਾਰਜੀਆ, ਐਰੀਜ਼ੋਨਾ ਅਤੇ ਨੇਵਾਡਾ 'ਤੇ ਨਜ਼ਰ ਰੱਖੀ ਜਾਵੇਗੀ। ਕਿਉਂਕਿ ਕਿਸੇ ਵੀ ਉਮੀਦਵਾਰ ਦੀ ਸਫਲਤਾ ਇਨ੍ਹਾਂ ਰਾਜਾਂ 'ਤੇ ਬਹੁਤ ਹੀ ਨਿਰਭਰ ਕਰੇਗੀ। ਪਰ ਹੋਰ ਜਨਤਕ ਪੋਲ ਦਿਖਾਉਂਦੇ ਹਨ ਕਿ ਬਾਇਡਨ ਵਲੋਂ ਰਾਸ਼ਟਰਪਤੀ ਦੌੜ ਛੱਡਣ ਤੋਂ ਬਾਅਦ ਲਗਭਗ ਸਾਰੇ ਸਵਿੰਗ ਰਾਜਾਂ ਵਿਚ ਕਮਲਾ ਹੈਰਿਸ ਦਾ ਆਧਾਰ ਮਜ਼ਬੂਤ ਹੁੰਦਾ ਜਾ ਰਿਹਾ ਹੈ।

ਇਸ ਦੌਰਾਨ ਕਮਲਾ ਹੈਰਿਸ ਅਤੇ ਡੋਨਾਲਡ ਟਰੰਪ ਇਕ-ਦੂਜੇ 'ਤੇ ਹਮਲੇ ਕਰ ਰਹੇ ਹਨ ਅਤੇ ਵੋਟਰਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਹੈਰਿਸ ਨੇ ਦਾਅਵਾ ਕੀਤਾ ਹੈ ਕਿ ਅਮਰੀਕਾ ਆਪਣੀ ਪਹਿਲੀ ਗੈਰ ਗੋਰੀ ਮਹਿਲਾ ਰਾਸ਼ਟਰਪਤੀ ਚੁਣਨ ਲਈ ਤਿਆਰ ਹੈ। ਅਮਰੀਕਾ ਦੇ ਇਤਿਹਾਸ ਵਿਚ ਕਦੇ ਵੀ ਕੋਈ ਵੀ ਗੈਰ ਗੋਰੀ ਔਰਤ ਰਾਸ਼ਟਰਪਤੀ ਨਹੀਂ ਚੁਣੀ ਗਈ ਹੈ। ਦੂਜੇ ਪਾਸੇ, ਟਰੰਪ ਅਕਸਰ ਆਪਣੀ ਚੋਣ ਮੁਹਿੰਮ ਵਿਚ ਓਵਰਬੋਰਡ ਜਾਂਦੇ ਹਨ। ਹਾਲ ਹੀ 'ਚ ਇਕ ਰੈਲੀ 'ਚ ਉਨ੍ਹਾਂ ਨੇ ਕਿਹਾ ਕਿ ਮੈਂ ਕਮਲਾ ਹੈਰਿਸ ਤੋਂ ਬਿਹਤਰ ਦਿਖਾਈ ਦੇ ਰਿਹਾ ਹਾਂ।



ਰਾਸ਼ਟਰਪਤੀ ਚੋਣਾਂ ਲਈ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਪੈਨਸਿਲਵੇਨੀਆ 'ਚ ਆਪਣੇ ਹਮਾਇਤੀਆਂ ਨੂੰ ਮਿਲਦੀ ਹੋਈ।





IAPW
INTERNATIONAL ASSOCIATION of PUNJABI WOMEN
26TH ANNUAL
ONE N ONE ONLY
YUBA CITY
HARMANDEEP KAUR
GUEST APPEARANCE
SURLEENA SINGH
AND TEAM SANGEET BY
SAKHIYAN FROM CANADA
GUEST APPEARANCE
SHIPRA GOYAL
TEEYAN DA Mela
TIME: 11AM TO 7PM
YUBA SUTTER FAIR GROUNDS
442 FRANKLIN AVEYUBA CITY, CA 95991
SEPT 1ST 2024
(SUNDAY BEFORE LABORDAY)
JOT RANJIT KAUR (HOST)
PARM TAKHAR (HOST)
$10 MANDATORY RAFFLE ENTRY TICKET AT THE GATE ENDS AT 3:45 PM
3:45PM TO 5PM ENTRACE TICKET IS $20/PERSON
GATES CLOSE AT 5PM ( NO ENTRY AFTER 5 PM )
FOR PARTICIPATION, BOOTH BOOKINGS
N SPONSORSHIP, PLEASE CONTACT
CALL : (530) 845-4800
PINNU BRAR
MANINDER MAAN
NAVI GILL
HARDEEP BINNING
DALBIR RAI
JASWANT DHILLON
BAL K SINDAL
SANDEEP DEOL
MANDEEP KAUR
KEERAT TAKHAR
SUKHI JHUTTY
SITAL GORAYA
BAKHSHO VISLA
SHIVPREET BIHALA
NEETU HUNDAL
RAJINDER KAUR
( OWNER MEHFIL )
Space sponsored by
Gurjatinder S. Randhawa
(REALTOR) CA DRE licence # 01490567
916-320-9444

# ਟਰੰਪ ਵੱਲੋਂ ਹੈਰਿਸ ’ਤੇ ਨਿੱਜੀ ਹਮਲੇ ਜਾਰੀ: ‘ਦਿੱਖ’ ਨੂੰ ਲੈ ਕੇ ਦਿੱਤਾ ਅਜੀਬ ਬਿਆਨ

ਵਾਸ਼ਿੰਗਟਨ, (ਪੰਜਾਬ ਮੇਲ)- ਰਿਪਬਲਿਕਨ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਨੇ ਆਪਣੀ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਦੀ ਕਮਲਾ ਹੈਰਿਸ ’ਤੇ ਨਿੱਜੀ ਹਮਲਾ ਕਰਦੇ ਹੋਏ ਕਿਹਾ ਕਿ ਉਹ “ਉਸ ਤੋਂ ਬਹੁਤ ਵਧੀਆ ਦਿਖਦੇ ਹਨ।” ਸਾਬਕਾ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਪੈਨਸਿਲਵੇਨੀਆ ਵਿਚ ਸ਼ਨੀਵਾਰ ਨੂੰ ਇਕ ਰੈਲੀ ’ਚ ਇਹ ਟਿੱਪਣੀ ਕੀਤੀ। ਟਰੰਪ ਨੇ ‘ਟਾਈਮ’ ਮੈਗਜ਼ੀਨ ਦੇ ਹਾਲ ਹੀ ਦੇ ਕਵਰ ਦਾ ਹਵਾਲਾ ਦਿੱਤਾ, ਜਿਸ ਵਿਚ ਉਪ ਰਾਸ਼ਟਰਪਤੀ ਹੈਰਿਸ ਨੂੰ ਦਿਖਾਇਆ ਗਿਆ ਹੈ। ਟਰੰਪ (78) ਨੇ ਹੈਰਿਸ ਦੇ ਪੋਰਟਰੇਟ ਨਾਲ “ਬਹੁਤ ਜ਼ਿਆਦਾ ਉਦਾਰਤਾ” ਦਿਖਾਉਣ ਲਈ ਟਾਈਮ ਮੈਗਜ਼ੀਨ ਦੇ ਚਿੱਤਰਕਾਰ




ਦੀ ਆਲੋਚਨਾ ਕਰਦੇ ਹੋਏ ਕਿਹਾ, “ਮੈਂ ਉਸ ਤੋਂ ਬਹੁਤ ਵਧੀਆ ਦਿਖਦਾ ਹਾਂ।”

ਸਾਬਕਾ ਰਾਸ਼ਟਰਪਤੀ ਨੇ ਕਿਹਾ, “ਟਾਈਮ ਮੈਗਜ਼ੀਨ ਕੋਲ ਉਸ (ਹੈਰਿਸ) ਦੀ ਕੋਈ ਤਸਵੀਰ ਨਹੀਂ ਹੈ। ਉਨ੍ਹਾਂ ਕੋਲ ਇੱਕ ਸ਼ਾਨਦਾਰ ਕਲਾਕਾਰ ਹੈ, ਜੋ ਉਨ੍ਹਾਂ ਦੇ ਚਿੱਤਰ ਬਣਾ ਰਿਹਾ ਹੈ, ਉਸਨੇ ਬਹੁਤ ਸਾਰੀਆਂ ਤਸਵੀਰਾਂ ਖਿੱਚੀਆਂ ਜੋ ਕੰਮ ਨਹੀਂ ਆਈਆਂ, ਇਸ ਲਈ ਉਸਨੇ ਇੱਕ ਸਕੈਚ ਕਲਾਕਾਰ ਨੂੰ ਨਿਯੁਕਤ ਕੀਤਾ।” ਟਰੰਪ ਨੇ ਆਰਥਿਕ ਨੀਤੀ ਨੂੰ ਲੈ ਕੇ ਉਪ ਰਾਸ਼ਟਰਪਤੀ ਹੈਰਿਸ ’ਤੇ ਵੀ ਨਿਸ਼ਾਨਾ ਸਾਧਿਆ। ਉਸਨੇ ਪਿਛਲੇ ਹਫਤੇ ਕਿਹਾ ਸੀ ਕਿ ਉਸਨੂੰ ਹੈਰਿਸ ’ਤੇ ਨਿੱਜੀ ਤੌਰ ’ਤੇ ਹਮਲਾ ਕਰਨ ਦਾ “ਅਧਿਕਾਰ” ਹੈ ਕਿਉਂਕਿ ਉਹ “ਉਸ ਲਈ ਬਹੁਤ ਜ਼ਿਆਦਾ ਸਤਿਕਾਰ ਨਹੀਂ ਰੱਖਦਾ ਹੈ।” ਟਰੰਪ ਨੇ ਪੈਨਸਿਲਵੇਨੀਆ ਵਿਚ ਇੱਕ ਰੈਲੀ ਦੌਰਾਨ ਰਾਸ਼ਟਰਪਤੀ ਜੋਅ ਬਾਇਡਨ ’ਤੇ ਵੀ ਹਮਲਾ ਕੀਤਾ ਸੀ।

ਪੈਨਸਿਲਵੇਨੀਆ 5 ਨਵੰਬਰ ਨੂੰ ਹੋਣ ਵਾਲੀ ਅਮਰੀਕੀ ਰਾਸ਼ਟਰਪਤੀ ਚੋਣ ਵਿਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਏਗਾ ਕਿਉਂਕਿ ਟਰੰਪ ਨੇ 2016 ਵਿਚ ਇੱਕ ਛੋਟੇ ਫਰਕ ਨਾਲ ਰਾਜ ਜਿੱਤਿਆ ਸੀ, ਪਰ ਫਿਰ ਇਸਨੂੰ 2020 ਵਿਚ ਬਾਇਡਨ ਤੋਂ ਥੋੜ੍ਹੇ ਫਰਕ ਨਾਲ ਹਾਰ ਗਿਆ ਸੀ। ਉਸਨੇ ਕਿਹਾ, “ਬਾਇਡਨ ਨੂੰ ਕੀ ਹੋਇਆ?” ਮੈਂ ਬਾਈਡੇਨ ਖ਼ਿਲਾਫ਼ ਚੋਣ ਲੜ ਰਿਹਾ ਸੀ ਅਤੇ ਹੁਣ ਮੈਂ ਕਿਸੇ ਹੋਰ ਦੇ ਖ਼ਿਲਾਫ਼ ਚੋਣ ਲੜ ਰਿਹਾ ਹਾਂ।” ਸਾਬਕਾ ਰਾਸ਼ਟਰਪਤੀ ਨੇ ਹੈਰਿਸ ਦੀ ਆਰਥਿਕ ਯੋਜਨਾ ’ਤੇ ਵੀ ਸਵਾਲ ਉਠਾਏ, ਜੋ ਉਸਨੇ ਸ਼ੁੱਕਰਵਾਰ ਨੂੰ ਪੇਸ਼ ਕੀਤੀ। ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਕੀਮਤਾਂ ਘਟਾ ਸਕਦਾ ਹੈ, ਪਰ ਉਸ ਨੇ ਅਮਰੀਕੀ ਤੇਲ ਉਤਪਾਦਨ ਵਧਾਉਣ ਦੇ ਯਤਨਾਂ ਤੋਂ ਇਲਾਵਾ ਹੋਰ ਕੋਈ ਹੋਰ ਵੇਰਵੇ ਨਹੀਂ ਦਿੱਤੇ।

# ਅਮਰੀਕਾ ਦੀ ਭਵਿੱਖੀ ਰਾਸ਼ਟਰਪਤੀ ਹੋਵੇਗੀ ਕਮਲਾ ਹੈਰਿਸ : ਬਰਾਕ ਓਬਾਮਾ

## ਕਿਹਾ: ਇੱਕ ਨਵਾਂ ਅਧਿਆਏ ਸ਼ੁਰੂ ਕਰਨ ਜਾ ਰਹੀ ਹੈ ਕਮਲਾ ਹੈਰਿਸ



ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਚੋਣਾਂ ਦਾ ਰੋਮਾਂਚ ਜਾਰੀ ਹੈ। ਇਸ ਪਿਛੋਕੜ ਵਿਚ ਹੈ ਕਿ ਅਮਰੀਕਾ ਹੁਣ ਕਮਲਾ ਹੈਰਿਸ ਲਈ ਤਿਆਰ ਹੈ, ਜੋ ਡੈਮੋਕ੍ਰੇਟਿਕ ਪਾਰਟੀ ਦੀ ਤਰਫੋਂ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜ ਰਹੀ ਹੈ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਜ਼ਿੰਦਗੀ ਭਰ ਲੋਕਾਂ ਲਈ ਕੰਮ ਕਰਨ ਵਾਲੇ ਵਿਅਕਤੀ ਨੂੰ ਹੀ ਚੁਣਿਆ ਗਿਆ ਹੈ। ਉਹ ਅਮਰੀਕਾ ਦੀ ਭਵਿੱਖੀ ਰਾਸ਼ਟਰਪਤੀ ਹੋਵੇਗੀ। ਓਬਾਮਾ ਨੇ ਇਸ ਮੌਕੇ ਟਿੱਪਣੀ ਕੀਤੀ ਕਿ ਜੋਅ ਬਾਇਡਨ ਦੇਸ਼ ਦੇ ਇਤਿਹਾਸ ਵਿਚ ਇੱਕ ਮਹਾਨ ਰਾਸ਼ਟਰਪਤੀ ਦੇ ਰੂਪ ਵਿਚ ਦੇਖੇ ਜਾਂਦੇ ਹਨ। ਇਸ ਦੌਰਾਨ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਸ਼ਿਕਾਗੋ ਵਿਚ ਡੈਮੋਕ੍ਰੇਟਿਕ ਪਾਰਟੀ ਦੇ ਨੈਸ਼ਨਲ ਕਨਵੈਨਸ਼ਨ ਦੇ ਹਿੱਸੇ ਵਜੋਂ ਬੋਲਿਆ ਅਤੇ ਬਰਾਕ ਓਬਾਮਾ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਅਮਰੀਕੀਆਂ ਨੂੰ ਆਪਣੇ ਭਵਿੱਖ ਲਈ ਵੋਟ ਦੇਣਾ ਚਾਹੀਦਾ ਹੈ। ਰਿਪਬਲਿਕਨ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਕਮਲਾ ਹੈਰਿਸ ਤੋਂ ਹਾਰਨ ਤੋਂ ਡਰਦੇ ਹਨ। ਨਾਲ ਹੀ ਉਨ੍ਹਾਂ ਦੀ ਪਤਨੀ ਮਿਸ਼ੇਲ ਓਬਾਮਾ ਨੇ ਵੀ ਕਮਲਾ ਹੈਰਿਸ ਦੇ ਸਮਰਥਨ ’ਚ ਭਾਸ਼ਣ ਦਿੱਤਾ ਸੀ।

## ਜੇ ਅੱਜ ਚੋਣਾਂ ਹੋਣ ਤਾਂ ਕਮਲਾ ਹੈਰਿਸ ਹੋਵੇਗੀ ਲੋਕਾਂ ਦੀ ਪਹਿਲੀ ਪਸੰਦ ਹੋਵੇਗੀ: ਵਾਸ਼ਿੰਗਟਨ ਪੋਸਟ

**ਵਾਸ਼ਿੰਗਟਨ, (ਪੰਜਾਬ ਮੇਲ)-** ‘ਵਾਸ਼ਿੰਗਟਨ ਪੋਸਟ’ ਨੇ ਆਪਣੇ ਸਰਵੇਖਣ ਦੇ ਨਤੀਜਿਆਂ ਦੇ ਆਧਾਰ ’ਤੇ ਜਾਣਕਾਰੀ ਦਿੱਤੀ ਹੈ ਕਿ ਜੇ ਅੱਜ ਅਮਰੀਕਾ ’ਚ ਚੋਣਾਂ ਹੁੰਦੀਆਂ ਹਨ, ਤਾਂ ਡੈਮੋਕ੍ਰੇਟਿਕ ਪਾਰਟੀ ਦੀ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਅਤੇ ਮੌਜੂਦਾ ਉਪ ਰਾਸ਼ਟਰਪਤੀ ਕਮਲਾ ਹੈਰਿਸ ਲੋਕਾਂ ਦੀ ਪਹਿਲੀ ਪਸੰਦ ਹੋਵੇਗੀ। ਅਮਰੀਕਾ ਦੇ ਰੋਜ਼ਾਨਾ ਅਖ਼ਬਾਰ ਵਾਸ਼ਿੰਗਟਨ ਪੋਸਟ ਨੇ ਅੱਜ ਕਿਹਾ, ‘ਬਾਇਡਨ ਨੇ ਚੋਣਾਂ ਤੋਂ ਆਪਣਾ ਨਾਂ ਵਾਪਸ ਲੈਣ ਤੋਂ ਬਾਅਦ ਹੈਰਿਸ ਨੇ ਮਕਬੂਲੀਅਤ ਪੱਖੋਂ ਉਨ੍ਹਾਂ ਰਾਸ਼ਟਰੀ ਪੱਧਰ ’ਤੇ ਦੋ ਫੀਸਦੀ ਹੋਰ ਅੰਕ ਪ੍ਰਾਪਤ ਕੀਤੇ ਹਨ ਅਤੇ ਐਤਵਾਰ ਤੱਕ ਉਹ ਅੱਗੇ ਦਿਖਾਈ ਦੇ ਰਹੀ ਹੈ।’ ਰਿਪੋਰਟ ’ਚ ਕਿਹਾ ਗਿਆ ਹੈ, ‘ਜੇ ਅੱਜ ਰਾਸ਼ਟਰਪਤੀ ਚੋਣਾਂ ਹੁੰਦੀਆਂ ਹਨ, ਤਾਂ ਸਾਡੇ ਪੋਲ ਮੁਤਾਬਕ ਹੈਰਿਸ ਸਭ ਤੋਂ ਪਸੰਦੀਦਾ ਉਮੀਦਵਾਰ ਹੋਵੇਗੀ।’ ਅਖਬਾਰ ਮੁਤਾਬਕ ਹੈਰਿਸ ਨੇ ਵਿਸਕਾਨਸਿਨ ਅਤੇ ਪੈਨਸਿਲਵੇਨੀਆ ’ਚ ਲੀਡ ਹਾਸਲ ਕੀਤੀ ਹੈ ਅਤੇ ਮਿਸ਼ੀਗਨ ’ਚ ਡੋਨਾਲਡ ਟਰੰਪ ਉਨ੍ਹਾਂ ਤੋਂ ਇਕ ਫੀਸਦੀ ਤੋਂ ਵੀ ਘੱਟ ਫ਼ਰਕ ਨਾਲ ਅੱਗੇ ਹਨ।

# ਅਣਪਛਾਤੇ ਹਮਲਾਵਰਾਂ ਵੱਲੋਂ ਕੀਤੀ ਫਾਈਰਿੰਗ ’ਚ ਵਾਲ-ਵਾਲ ਬਚਿਆ ਨਿੱਝਰ ਦਾ ਕਰੀਬੀ

ਸੈਕਰਾਮੈਂਟੋ, (ਪੰਜਾਬ ਮੇਲ)- ਕੈਨੇਡਾ ਤੋਂ ਲੈ ਕੇ ਅਮਰੀਕਾ ਤੱਕ ਹੁਣ ਖਾਲਿਸਤਾਨੀ ਅਣਪਛਾਤੇ ਹਮਲਾਵਰਾਂ ਦੇ ਨਿਸ਼ਾਨੇ ’ਤੇ ਹਨ। ਬੀਤੇ ਸਾਲ ਕੈਨੇਡਾ ਦੇ ਸਰੀ ’ਚ ਮਾਰੇ ਗਏ ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦਾ ਕਰੀਬੀ ਸਾਥੀ ਵੀ ਅਮਰੀਕਾ ’ਚ ਤਾਬੜਤੋੜ ਫਾਈਰਿੰਗ ’ਚ ਵਾਲ-ਵਾਲ ਬਚਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ 11 ਅਗਸਤ ਨੂੰ ਨਿੱਝਰ ਦਾ ਕਰੀਬੀ ਸਤਿੰਦਰਪਾਲ ਸਿੰਘ ਰਾਜੂ ਅਮਰੀਕਾ ’ਚ ਪਿਕਅੱਪ ਟਰੱਕ ਰਾਹੀਂ ਕੈਲੀਫੋਰਨੀਆ ’ਚ ਇਕ ਨੈਸ਼ਨਲ ਹਾਈਵੇਅ ਤੋਂ ਲੰਘ ਰਿਹਾ ਸੀ ਤਾਂ ਉਸ ’ਤੇ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਚਲਾ ਦਿੱਤੀਆਂ। ਹਾਲਾਂਕਿ ਇਸ ਹਮਲੇ ’ਚ ਉਸ ਦੀ ਜਾਨ ਬਚ ਗਈ। ਰਾਜੂ ਹਾਲ ਹੀ ’ਚ ਕੈਲਗਰੀ ’ਚ ਅਖੌਤੀ ਖਾਲਿਸਤਾਨ ਰਾਏਸ਼ੁਮਾਰੀ ਦੇ ਮੁੱਖ ਪ੍ਰਬੰਧਕਾਂ ’ਚੋਂ ਇਕ ਸੀ।

ਸਿੱਖਸ ਫਾਰ ਜਸਟਿਸ (ਐੱਸ.ਐੱਫ.ਜੇ.) ਦੇ ਮੁਖੀ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਨੇ ਰਾਜੂ ਨੂੰ ਨਿੱਝਰ ਦਾ




ਕਰੀਬੀ ਸਾਥੀ ਅਤੇ ਖਾਲਿਸਤਾਨ ਰਾਏਸ਼ੁਮਾਰੀ ਦਾ ਸਰਗਰਮ ਪ੍ਰਬੰਧਕ ਦੱਸਿਆ ਹੈ। ਪੰਨੂ ਨੇ ਕਿਹਾ ਕਿ ਰਾਜੂ ਨੂੰ ਜਾਨਲੇਵਾ ਹਮਲੇ ’ਚ ਮਾਰਨ ਦੀ ਕੋਸ਼ਿਸ਼ ਕੀਤੀ ਗਈ ਪਰ ਉਹ ਬਚ ਗਿਆ। ਮੀਡੀਆ ਰਿਪੋਰਟਾਂ ’ਚ ਕਿਹਾ ਗਿਆ ਹੈ ਕਿ ਰਾਜੂ ਦਾ ਟਰੱਕ ਯੋਲੋ ਕਾਉਂਟੀ ਦੇ ਵੁੱਡਲੈਂਡ ’ਚ ਸੀ, ਜਦੋਂ ਉਸ ’ਤੇ 4-5 ਰਾਊਂਡ ਗੋਲੀਆਂ ਚਲਾਈਆਂ ਗਈਆਂ। ਪੰਨੂ ਮੁਤਾਬਕ ਪਿਛਲੇ ਸਾਲ 18 ਜੂਨ ਨੂੰ ਕੈਨੇਡਾ ਦੇ ਸਰੀ ’ਚ ਨਿੱਝਰ ਦੀ ਹੱਤਿਆ ਤੋਂ ਬਾਅਦ ਰਾਜੂ ਸਰੀ ’ਚ ਰਹਿ ਰਿਹਾ ਸੀ। ਇਸ ਸਾਲ ਉਸ ਨੇ 28 ਜੁਲਾਈ ਨੂੰ ਕੈਲਗਰੀ, ਅਲਬਰਟਾ ’ਚ ਆਯੋਜਿਤ ਰਾਏਸ਼ੁਮਾਰੀ ਨੂੰ ਕਰਵਾਉਣ ’ਚ ਮਦਦ ਕੀਤੀ ਸੀ। ਪੰਨੂ ਨੇ ਭਾਰਤ ਸਰਕਾਰ ’ਤੇ ਰਾਜੂ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼ ਲਾਇਆ ਹੈ। ਪੰਨੂ ਨੇ ਕਿਹਾ ਕਿ ਭਾਰਤ ਆਲਮੀ ਖਾਲਿਸਤਾਨ ਰਾਏਸ਼ੁਮਾਰੀ ਮੁਹਿੰਮ ਨੂੰ ਹਿੰਸਕ ਢੰਗ ਨਾਲ ਦਬਾ ਰਿਹਾ ਹੈ। ਫਿਲਹਾਲ ਅਮਰੀਕੀ ਪੁਲਿਸ ਵੱਲੋਂ ਘਟਨਾ ਦੇ ਸਬੰਧ ’ਚ ਕਿਸੇ ਵੀ ਗ੍ਰਿਫਤਾਰੀ ਦਾ ਐਲਾਨ ਨਹੀਂ ਕੀਤਾ ਹੈ ਅਤੇ ਨਾ ਹੀ ਕਿਸੇ ਮਕਸਦ ਦਾ ਪਤਾ ਲਾਇਆ ਗਿਆ ਹੈ।

ਇਸ ਤੋਂ ਪਹਿਲਾਂ 10 ਅਗਸਤ ਨੂੰ ਸਰੀ ਸਥਿਤ ਗੁਰਦੁਆਰਾ ਸਾਹਿਬ ਦੇ ਸਾਬਕਾ ਪ੍ਰਧਾਨ ਰਘਬੀਰ ਨਿੱਝਰ ਦੇ ਘਰ ’ਤੇ ਕਈ ਵਾਰ ਗੋਲੀਬਾਰੀ ਕੀਤੀ ਗਈ। ਹਾਲਾਂਕਿ ਪੁਲਿਸ ਨੇ ਘਰ ਦੇ ਮਾਲਕ ਦੀ ਪਛਾਣ ਨਹੀਂ ਦੱਸੀ ਹੈ ਪਰ 13 ਅਗਸਤ ਨੂੰ ਇਕ ਬਿਆਨ ’ਚ ਰਾਇਲ ਕੈਨੇਡੀਅਨ ਮਾਉਂਟਿਡ ਪੁਲਿਸ ਨੇ ਕਿਹਾ ਕਿ ਇਹ ਘਟਨਾ ਸਵੇਰੇ 3:10 ਵਜੇ ਦੇ ਕਰੀਬ ਵਾਪਰੀ ਸੀ। ਬਿਆਨ ’ਚ ਕਿਹਾ ਗਿਆ ਹੈ ਕਿ ਮੌਕੇ ਤੋਂ ਗੋਲੀਬਾਰੀ ਅਤੇ ਸਾੜ-ਫੂਕ ਦੀ ਕੋਸ਼ਿਸ਼ ਨਾਲ ਜੁੜੇ ਸਬੂਤ ਮਿਲੇ ਹਨ।



# ਕਮਲਾ ਹੈਰਿਸ ਵੱਲੋਂ 'ਇਮੀਗ੍ਰੇਸ਼ਨ ਨਜ਼ਰਬੰਦੀ ਕੇਂਦਰ' ਬੰਦ ਕਰਨ ਦਾ ਵਾਅਦਾ

**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕਾ 'ਚ ਇਸ ਸਾਲ ਨਵੰਬਰ 'ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ 'ਚ ਗੈਰ-ਕਾਨੂੰਨੀ ਪਰਵਾਸ ਇਕ ਅਹਿਮ ਮੁੱਦਾ ਬਣਿਆ ਹੋਇਆ ਹੈ। ਡੋਨਾਲਡ ਟਰੰਪ ਵੀ ਇਸ ਮੁੱਦੇ ਨੂੰ ਲੈ ਕੇ ਕਮਲਾ ਹੈਰਿਸ ਦੀ ਆਲੋਚਨਾ ਕਰ ਰਹੇ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਇਸ ਮੁੱਦੇ 'ਤੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਵੀ ਘੇਰਿਆ ਸੀ। ਕਮਲਾ ਹੈਰਿਸ ਦੀ ਗੈਰ-ਕਾਨੂੰਨੀ ਇਮੀਗ੍ਰੇਸ਼ਨ 'ਤੇ ਉਸ ਦੇ ਉਦਾਰ ਰੁਖ ਲਈ ਵੀ ਕਾਫ਼ੀ ਆਲੋਚਨਾ ਹੋਈ ਹੈ।



ਹੁਣ ਕਮਲਾ ਹੈਰਿਸ ਨੇ ਅਤੀਤ ਵਿਚ ਨਿੱਜੀ ਤੌਰ 'ਤੇ ਚਲਾਏ ਜਾ ਰਹੇ ਸਾਰੇ ਇਮੀਗ੍ਰੇਸ਼ਨ ਨਜ਼ਰਬੰਦੀ ਕੇਂਦਰਾਂ ਨੂੰ "ਬਿਲਕੁਲ" ਬੰਦ ਕਰਨ ਦਾ ਵਾਅਦਾ ਕੀਤਾ ਹੈ। ਦੱਸ ਦਈਏ ਕਿ ਆਈਸ ਨਜ਼ਰਬੰਦੀ ਕੇਂਦਰਾਂ ਵਿਚ 37,000 ਪ੍ਰਵਾਸੀਆਂ ਵਿਚੋਂ 75 ਫੀਸਦੀ ਤੋਂ ਵੱਧ ਨਿੱਜੀ ਤੌਰ 'ਤੇ ਸੰਚਾਲਿਤ ਨਜ਼ਰਬੰਦੀ ਕੇਂਦਰਾਂ ਵਿਚ ਰੱਖੇ ਗਏ ਹਨ। 10,000 ਤੋਂ ਵੱਧ ਪ੍ਰਵਾਸੀ ਅਪਰਾਧੀ ਦੋਸ਼ੀ ਹਨ ਅਤੇ 4,000 'ਤੇ ਅਪਰਾਧਿਕ ਦੋਸ਼ ਲੰਬਿਤ ਹਨ। ਅੰਕੜਿਆਂ ਅਨੁਸਾਰ ਘੱਟੋ-ਘੱਟ 7,000 ਦੋਸ਼ੀ ਨਿਜੀ ਨਜ਼ਰਬੰਦੀ ਕੇਂਦਰਾਂ ਵਿਚ ਹਨ। ਮਾਰਚ 2021 ਵਿਚ, ਬਾਇਡਨ ਪ੍ਰਸ਼ਾਸਨ ਨੇ ਮੱਧ ਅਮਰੀਕਾ ਤੋਂ ਗੈਰ-ਕਾਨੂੰਨੀ ਪ੍ਰਵਾਸ 'ਤੇ ਧਿਆਨ ਕੇਂਦਰਿਤ ਕਰਨ ਲਈ ਕਮਲਾ ਹੈਰਿਸ ਨੂੰ 'ਬਾਰਡਰ ਜ਼ਾਰ' ਨਿਯੁਕਤ ਕੀਤਾ। ਕਮਲਾ ਹੈਰਿਸ ਨੇ ਕਿਹਾ ਕਿ ਸੱਤਾ ਮਿਲਣ 'ਤੇ ਮੈਂ ਆਈਸ ਦੀ ਨਿੱਜੀ ਜੇਲ੍ਹ ਨੂੰ ਬੰਦ ਕਰਨਾ ਚਾਹੁੰਦੀ ਹਾਂ। ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਦਾ ਗੈਰ-ਕਾਨੂੰਨੀ ਇਮੀਗ੍ਰੇਸ਼ਨ 'ਤੇ ਸਖਤ ਰੁਖ ਹੈ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਪ੍ਰਵਾਸੀਆਂ 'ਤੇ ਆਪਣੇ ਪਿਛਲੇ ਬਿਆਨਾਂ ਲਈ ਡੋਨਾਲਡ ਟਰੰਪ ਅਤੇ ਉਨ੍ਹਾਂ ਦੀ ਪਾਰਟੀ ਦੀ ਕਾਫ਼ੀ ਨਿੰਦਾ ਵੀ ਕੀਤੀ ਗਈ ਹੈ।

ਕਮਲਾ ਹੈਰਿਸ ਦੇ ਵਾਅਦੇ ਦਾ ਮਕਸਦ ਲਗਭਗ 29,000 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕੀ ਭਾਈਚਾਰਿਆਂ ਵਿਚ ਰਿਹਾਅ ਕਰਨਾ ਹੋ ਸਕਦਾ ਹੈ, ਜਿਸ ਵਿਚ ਲਗਭਗ 7,000 ਦੋਸ਼ੀ ਠਹਿਰਾਏ ਗਏ ਹਨ, ਜੋ ਅਪਰਾਧ ਵਿਚ ਵੀ ਸ਼ਾਮਲ ਹਨ। ਤਤਕਾਲੀ ਸੈਨੇਟਰ ਕਮਲਾ ਹੈਰਿਸ ਨੇ ਆਇਓਵਾ ਸਿਟੀ ਦੇ ਇੱਕ ਅਕਤੂਬਰ 2019 ਦੇ ਟਾਊਨ ਹਾਲ ਵਿਚ ਇੱਕ ਸਵਾਲ ਦੇ ਜਵਾਬ ਵਿਚ ਵ੍ਹਾਈਟ ਹਾਊਸ ਵਿਚ 'ਪਹਿਲੇ ਦਿਨ' ਤੋਂ ਨਜ਼ਰਬੰਦੀ ਕੇਂਦਰਾਂ ਨੂੰ ਬੰਦ ਕਰਨ ਦਾ ਵਾਅਦਾ ਕੀਤਾ ਸੀ। ਕਮਲਾ ਹੈਰਿਸ ਉਦੋਂ 2020 ਦੀ ਰਾਸ਼ਟਰਪਤੀ ਦੀ ਦੌੜ ਵਿਚ ਸ਼ਾਮਲ ਸੀ। ਉਸ ਟਾਊਨ ਹਾਲ ਵਿਚ ਹਾਜ਼ਰ ਲੋਕਾਂ ਵਿਚੋਂ ਇਕ ਨੇ ਸਵਾਲ ਪੁੱਛਿਆ, ਮੈਂ ਜਾਣਨਾ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਰਾਸ਼ਟਰਪਤੀ ਬਣ ਜਾਂਦੇ ਹੋ, ਤਾਂ ਕੀ ਤੁਸੀਂ ਇਮੀਗ੍ਰੇਸ਼ਨ ਨਜ਼ਰਬੰਦੀ ਕੇਂਦਰਾਂ ਨੂੰ ਬੰਦ ਕਰਨ ਦਾ ਵਾਅਦਾ ਕਰੋਗੇ? ਜਵਾਬ ਵਿਚ ਹੈਰਿਸ ਨੇ ਕਿਹਾ, "ਬਿਲਕੁਲ।" ਮੈਂ ਪਹਿਲੇ ਦਿਨ ਤੋਂ ਅਜਿਹਾ ਕਰਾਂਗੀ।

ਹੈਰਿਸ ਨੇ 2019 ਵਿਚ ਠੇਕੇ ਦੀਆਂ ਸਹੂਲਤਾਂ ਬਾਰੇ ਕਿਹਾ ਕਿ ਉਨ੍ਹਾਂ ਦਾ ਕਾਰੋਬਾਰੀ ਮਾਡਲ ਇਹ ਹੈ ਕਿ ਲੋਕ ਦੂਜੇ ਮਨੁੱਖਾਂ ਦੀ ਕੈਦ ਤੋਂ ਲਾਭ ਉਠਾ ਰਹੇ ਹਨ। ਮੈਂ ਇਸਨੂੰ ਪਹਿਲੇ ਦਿਨ ਤੋਂ ਬੰਦ ਕਰ ਦਿੱਤਾ ਹੁੰਦਾ। ਇਸ ਤਰ੍ਹਾਂ ਨਹੀਂ ਹੈ ਕਿ ਸਾਡੇ ਟੈਕਸ ਦਾਤਾਵਾਂ ਦੇ ਡਾਲਰ ਖਰਚ ਕੀਤੇ ਜਾਣ। ਜਨਤਕ ਤੌਰ 'ਤੇ ਵਪਾਰ ਕਰਨ ਵਾਲੀਆਂ ਸੁਰੱਖਿਆ ਕੰਪਨੀਆਂ ਜਿਵੇਂ ਕਿ ਜੀ.ਈ.ਓ. ਗਰੁੱਪ ਅਤੇ **CoreCivic** ਅਕਸਰ ਨਿੱਜੀ ਨਜ਼ਰਬੰਦੀ ਕੇਂਦਰਾਂ ਦੀਆਂ ਮਾਲਕ ਜਾਂ ਸੰਚਾਲਿਤ ਹੁੰਦੀਆਂ ਹਨ। ਹਾਲਾਂਕਿ ਇਹ ਸਪੱਸ਼ਟ ਨਹੀਂ ਹੈ ਕਿ ਕਮਲਾ ਹੈਰਿਸ ਅਜੇ ਵੀ ਨਿੱਜੀ ਨਜ਼ਰਬੰਦੀ ਕੇਂਦਰਾਂ ਨੂੰ ਤੁਰੰਤ ਬੰਦ ਕਰਨ ਦੀ ਨੀਤੀ ਦਾ ਸਮਰਥਨ ਕਰਦੀ ਹੈ ਜਾਂ ਨਹੀਂ। ਹਾਲਾਂਕਿ ਹੈਰਿਸ 2024 ਡੈਮੋਕ੍ਰੇਟਿਕ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਹਨ, ਪਰ ਉਸਨੇ ਅਧਿਕਾਰਤ ਤੌਰ 'ਤੇ ਆਪਣੇ ਨੀਤੀ ਏਜੰਡੇ ਦਾ ਐਲਾਨ ਨਹੀਂ ਕੀਤਾ ਹੈ। ਨਿਊਯਾਰਕ ਪੋਸਟ ਦੁਆਰਾ ਕਮਲਾ ਹੈਰਿਸ ਦੇ ਬੁਲਾਰੇ ਨਾਲ ਸੰਪਰਕ ਕੀਤਾ ਗਿਆ ਸੀ ਪਰ ਅਜੇ ਤੱਕ ਕੋਈ ਜਵਾਬ ਨਹੀਂ ਮਿਲਿਆ ਹੈ।

ਜਦੋਂ ਤੋਂ ਹੈਰਿਸ ਨੇ 'ਸਰਹੱਦੀ ਜ਼ਾਰ' ਦੀ ਭੂਮਿਕਾ ਨਿਭਾਈ ਹੈ, ਉਦੋਂ ਤੋਂ ਰਿਕਾਰਡ ਗੈਰ-ਕਾਨੂੰਨੀ ਇਮੀਗ੍ਰੇਸ਼ਨ ਉਸ ਦੇ ਵਿਰੋਧੀ, ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਆਲੋਚਨਾ ਦਾ ਕੇਂਦਰ ਬਣ ਗਿਆ ਹੈ। 2018 ਵਿਚ ਹੈਰਿਸ ਨੇ ਸੰਸਦ ਮੈਂਬਰਾਂ ਨੂੰ ਆਈ.ਸੀ.ਈ. ਦੀ "ਆਲੋਚਨਾਤਮਕ ਤੌਰ 'ਤੇ ਮੁੜ ਜਾਂਚ" ਕਰਨ ਲਈ ਕਿਹਾ। 2024 ਦੀ ਮੁਹਿੰਮ ਦੇ ਟ੍ਰੇਲ 'ਤੇ, ਹੈਰਿਸ (59) ਨੇ ਆਪਣੀ ਨਿਗਰਾਨੀ ਹੇਠ ਰਿਕਾਰਡ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਸੰਬੋਧਿਤ ਕੀਤੇ ਬਿਨਾਂ ਸਰਹੱਦੀ ਮੁੱਦੇ 'ਤੇ ਸਖਤ ਦਿਖਾਈ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਕ ਪਾਸੇ ਗੈਰ-ਕਾਨੂੰਨੀ ਪਰਵਾਸ ਨੂੰ ਲੈ ਕੇ ਜੋਅ ਬਾਇਡਨ ਅਤੇ ਕਮਲਾ ਹੈਰਿਸ ਦਾ ਰਵੱਈਆ ਲੋਕਾਂ ਦੀ ਆਲੋਚਨਾ ਦਾ ਕੇਂਦਰ ਬਣਿਆ ਹੋਇਆ ਹੈ। ਦੂਜੇ ਪਾਸੇ ਡੋਨਾਲਡ ਟਰੰਪ ਅਤੇ ਉਨ੍ਹਾਂ ਦੀ ਟੀਮ ਨੇ ਇਸੇ ਮੁੱਦੇ 'ਤੇ ਜੋਅ ਬਾਇਡਨ 'ਤੇ ਹਮਲਾ ਬੋਲਿਆ। ਫਿਲਹਾਲ ਉਹ ਕਮਲਾ ਹੈਰਿਸ ਦੀ ਆਲੋਚਨਾ ਕਰ ਰਹੇ ਹਨ। ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਲੈ ਕੇ ਡੋਨਾਲਡ ਟਰੰਪ ਦਾ ਰਵੱਈਆ ਬਹੁਤ ਹੀ ਜਨਤਕ ਹੈ ਅਤੇ ਉਨ੍ਹਾਂ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਜਨਤਕ ਤੌਰ 'ਤੇ ਨਾ ਬੁਲਾਉਣ ਦੀ ਗੱਲ ਵੀ ਕਹੀ ਹੈ। ਉਸਨੇ ਇਹ ਵੀ ਵਾਅਦਾ ਕੀਤਾ ਹੈ ਕਿ ਜੇ ਉਹ ਰਾਸ਼ਟਰਪਤੀ ਬਣ ਜਾਂਦਾ ਹੈ, ਤਾਂ ਅਮਰੀਕਾ ਵਿਚ ਸਮੂਹਿਕ ਦੇਸ਼ ਨਿਕਾਲੇ ਸ਼ੁਰੂ ਕਰ ਦੇਵੇਗਾ। ਉਨ੍ਹਾਂ ਦੇ ਚੱਲ ਰਹੇ ਸਾਥੀ ਅਤੇ ਉਪ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜੇਡੀ ਵੈਨਸ ਨੇ ਵੀ ਟਰੰਪ ਦੇ ਬਿਆਨ ਦਾ ਸਮਰਥਨ ਕੀਤਾ ਹੈ। ਜਦੋਂ ਹਾਲ ਹੀ ਵਿਚ ਪੁੱਛਿਆ ਗਿਆ ਕਿ ਉਹ 20 ਮਿਲੀਅਨ ਲੋਕਾਂ ਨੂੰ ਕਿਵੇਂ ਦੇਸ਼ ਨਿਕਾਲਾ ਦੇਵੇਗਾ, ਤਾਂ ਵੈਂਸ ਨੇ ਜਵਾਬ ਦਿੱਤਾ ਕਿ ਉਹ ਇੱਕ ਮਿਲੀਅਨ ਨਾਲ ਸ਼ੁਰੂਆਤ ਕਰੇਗਾ। ਇਸ ਲਈ ਹੁਣ 5 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ ਵਿਚ ਪਰਵਾਸ ਸਭ ਤੋਂ ਵੱਡਾ ਮੁੱਦਾ ਬਣ ਗਿਆ ਹੈ।

# ਨਿਊਯਾਰਕ 'ਚ ਇੰਡੀਆ ਡੇਅ ਪਰੇਡ ਵਿਚ ਰਾਮ ਮੰਦਰ ਦੀ ਝਾਕੀ ਖਿਲਾਫ਼ ਮੁਸਲਿਮ ਜਥੇਬੰਦੀਆਂ ਵੱਲੋਂ ਵਿਰੋਧ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਭਾਰਤ ਦਾ ਸੁਤੰਤਰਤਾ ਦਿਵਸ ਨਿਊਯਾਰਕ ਸਿਟੀ ਵਿਚ ਇੰਡੀਆ-ਡੇਅ ਪਰੇਡ ਕੱਢ ਕੇ ਮਨਾਇਆ ਜਾਂਦਾ ਹੈ ਅਤੇ ਇਸ ਸਾਲ ਇਸ ਪਰੇਡ ਵਿਚ ਅਯੁੱਧਿਆ ਦੇ ਰਾਮ ਮੰਦਿਰ ਦੀ ਝਾਕੀ ਦਾ ਮੁਸਲਿਮ ਸੰਗਠਨਾਂ ਨੇ ਵਿਰੋਧ ਕੀਤਾ ਹੈ। ਕਈ ਸੰਗਠਨਾਂ ਨੇ ਇਸ ਨੂੰ ਮੁਸਲਿਮ ਵਿਰੋਧੀ ਕਰਾਰ ਦਿੱਤਾ ਹੈ। ਕੌਂਸਲ ਆਫ ਅਮਰੀਕਨ-ਇਸਲਾਮਿਕ ਰਿਲੇਸ਼ਨਜ਼, ਇੰਡੀਅਨ ਅਮਰੀਕਨ ਮੁਸਲਿਮ ਕੌਂਸਲ ਅਤੇ ਹਿੰਦੂਜ਼ ਫਾਰ ਹਿਊਮਨ ਰਾਈਟਸ ਨੇ ਨਿਊਯਾਰਕ ਸਿਟੀ ਕੌਂਸਲ ਦੇ ਮੇਅਰ ਐਰਿਕ ਐਡਮਜ਼ ਨੂੰ ਇੱਕ ਪੱਤਰ ਲਿਖ ਕੇ ਝਾਂਕੀ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਮਸਜ਼ਿਦ ਨੂੰ ਢਾਹੇ ਜਾਣ ਦੀ ਵਡਿਆਈ ਕਰਦਾ ਹੈ। ਭਾਰਤ ਇੱਕ ਧਰਮ ਨਿਰਪੱਖ ਦੇਸ਼ ਹੈ, ਪਰ ਇਹ ਹਿੰਦੂ ਸੋਚ ਨੂੰ ਦਰਸਾਉਂਦਾ ਹੈ। ਹਾਲਾਂਕਿ, ਆਯੋਜਕ ਹਿੰਦੂ ਅਮਰੀਕਨ ਐਸੋਸੀਏਸ਼ਨ ਨੇ ਝਾਂਕੀ ਨੂੰ ਹਟਾਉਣ ਦੀ ਮੰਗ ਨੂੰ ਰੱਦ ਕਰ ਦਿੱਤਾ ਅਤੇ ਕਿਹਾ ਕਿ ਝਾਂਕੀ ਲੱਖਾਂ ਹਿੰਦੂਆਂ ਲਈ ਇੱਕ ਮਹੱਤਵਪੂਰਨ ਪਵਿੱਤਰ ਸਥਾਨ ਨੂੰ ਦਰਸਾਉਂਦੀ ਹੈ ਅਤੇ ਅਸੀਂ ਹਿੰਸਾ ਅਤੇ ਨਫ਼ਰਤ ਦੇ ਦੋਸ਼ਾਂ ਨੂੰ ਰੱਦ ਕਰਦੇ ਹਾਂ। ਇਹ ਮੰਦਰ ਕਿਸੇ ਧਾਰਮਿਕ ਸਥਾਨ ਨੂੰ ਹਟਾ ਕੇ ਨਹੀਂ ਬਣਾਇਆ ਗਿਆ ਹੈ, ਸਗੋਂ ਪਹਿਲਾਂ ਇਹ ਹਿੰਦੂ ਮੰਦਰ ਸੀ। ਇਹ ਪ੍ਰਗਟਾਵੇ ਦੀ ਆਜ਼ਾਦੀ ਦੀ ਕੋਸ਼ਿਸ਼ ਹੈ। ਪਰੇਡ ਵਿਚ ਭਾਰਤ ਦੀ ਵਿਭਿੰਨਤਾ ਨੂੰ ਦਰਸਾਉਂਦੀਆਂ ਝਾਕੀਆਂ ਪੇਸ਼ ਕੀਤੀਆਂ ਜਾਣਗੀਆਂ। ਇਸ ਮੁੱਦੇ 'ਤੇ ਮੇਅਰ ਐਰਿਕ ਐਡਮਜ਼ ਨੇ ਚਾਰ ਦਿਨ ਪਹਿਲਾਂ ਕਿਹਾ ਸੀ ਕਿ ਅਮਰੀਕਾ 'ਚ ਨਫ਼ਰਤ ਦੀ ਕੋਈ ਥਾਂ ਨਹੀਂ ਹੈ। ਇੱਕ ਝਾਂਕੀ ਨਫ਼ਰਤ ਵਾਲੀ ਨਹੀਂ ਹੋਣੀ ਚਾਹੀਦੀ, ਪਰ ਬੋਲਣ ਦੀ ਆਜ਼ਾਦੀ ਦਾ ਅਧਿਕਾਰ ਅਮਰੀਕੀ ਸੰਵਿਧਾਨ ਵਿਚ ਦਰਜ ਹੈ।

■ ਨਿਊਯਾਰਕ 'ਚ ਇੰਡੀਆ-ਡੇਅ ਪਰੇਡ ਕੱਢ ਕੇ ਭਾਰਤ ਦਾ ਸੁਤੰਤਰਤਾ ਦਿਵਸ ਮਨਾਇਆ ਗਿਆ





ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

Global Allianz
ਕਾਨੂੰਨੀ ਸਲਾਹ
LAW FIRM LLP
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਡਾ. ਓਬਰਾਏ ਦੇ ਯਤਨਾਂ ਸਦਕਾ ਮਾਲੇਰਕੋਟਲਾ ਦੇ ਮੁਹੰਮਦ ਰਫ਼ੀਕ ਦਾ ਮ੍ਰਿਤਕ ਸਰੀਰ ਭਾਰਤ ਪੁੱਜਾ

- ਬੀਤੀ 19 ਜੁਲਾਈ ਨੂੰ ਦਿਲ ਦਾ ਦੌਰਾ ਪੈਣ ਕਾਰਨ ਹੋ ਗਈ ਸੀ ਮੌਤ
- ਡਾ. ਓਬਰਾਏ ਨੇ ਹੁਣ ਤੱਕ 367 ਬਦਨਸੀਬ ਲੋਕਾਂ ਦੇ ਮ੍ਰਿਤਕ ਸਰੀਰ ਵਾਰਸਾਂ ਤੱਕ ਪਹੁੰਚਾਏ



ਹਵਾਈ ਅੱਡੇ 'ਤੇ ਮੁਹੰਮਦ ਰਫ਼ੀਕ ਦੀ ਮ੍ਰਿਤਕ ਦੇਹ ਪਰਿਵਾਰ ਨੂੰ ਸੌਂਪਣ ਮੌਕੇ ਟਰੱਸਟ ਦੇ ਅਹੁਦੇਦਾਰ।

**ਅੰਮ੍ਰਿਤਸਰ, (ਪੰਜਾਬ ਮੇਲ)-** ਪੂਰੀ ਦੁਨੀਆਂ ਅੰਦਰ ਆਪਣੇ ਨਿਵੇਕਲੇ ਸੇਵਾ ਕਾਰਜਾਂ ਕਾਰਨ ਜਾਣੇ ਜਾਂਦੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ.ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਬੀਤੇ ਦਿਨ ਮਲੇਰਕੋਟਲਾ ਨੇੜਲੇ ਪਿੰਡ ਮਹੌਲੀ ਖੁਰਦ ਦੇ 38 ਸਾਲਾ ਮੁਹੰਮਦ ਰਫ਼ੀਕ ਪੁੱਤਰ ਮੁਹੰਮਦ ਸਤਾਰ ਦਾ ਮ੍ਰਿਤਕ ਸਰੀਰ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਹੁੰਚਿਆ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਮੁਹੰਮਦ ਰਫ਼ੀਕ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਬਿਹਤਰ ਭਵਿੱਖ ਦੇ ਸੁਪਨੇ ਲੈ ਕੇ ਵੱਖ-ਵੱਖ ਖਾੜੀ ਮੁਲਕਾਂ 'ਚ ਕੰਮ ਕਰਨ ਉਪਰੰਤ ਕਰੀਬ ਡੇਢ ਸਾਲ ਪਹਿਲਾਂ ਬਤੌਰ ਲੱਕੜ ਦਾ ਕਾਰੀਗਰ ਦੁਬਈ ਆਇਆ ਸੀ, ਜਿਸ ਦੀ ਬੀਤੀ 19 ਜੁਲਾਈ ਨੂੰ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਡਾ. ਓਬਰਾਏ ਨੇ ਦੱਸਿਆ ਕਿ ਇਸ ਮੰਦਭਾਗੀ ਘਟਨਾ ਸਬੰਧੀ ਉਨ੍ਹਾਂ ਨੂੰ ਭਾਰਤੀ ਦੂਤਾਵਾਸ ਵੱਲੋਂ ਜਾਣਕਾਰੀ ਦਿੱਤੀ ਗਈ ਸੀ। ਜਿਸ ਉਪਰੰਤ ਉਨ੍ਹਾਂ



ਡਾ. ਐੱਸ.ਪੀ. ਸਿੰਘ ਓਬਰਾਏ।

ਦੀ ਮਲੇਰਕੋਟਲਾ ਨਾਲ ਸੰਬੰਧਿਤ ਟੀਮ ਨੇ ਪੀੜਤ ਪਰਿਵਾਰ ਨੂੰ ਲੱਭ ਕੇ ਉਨ੍ਹਾਂ ਨੂੰ ਉਨ੍ਹਾਂ ਨਾਲ ਵਾਪਰੇ ਇਸ ਦੁਖਾਂਤ ਬਾਰੇ ਜਾਣਕਾਰੀ ਦਿੱਤੀ ਸੀ। ਡਾ. ਉਬਰਾਏ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰ ਨੂੰ ਜਾਣਕਾਰੀ ਦੇਣ ਉਪਰੰਤ ਉਨ੍ਹਾਂ ਨੇ ਆਪਣੇ ਨਿੱਜੀ ਸਕੱਤਰ ਬਲਦੀਪ ਸਿੰਘ ਚਾਹਲ ਦੀ ਦੇਖ-ਰੇਖ 'ਚ ਦੁਬਈ ਸਥਿਤ ਭਾਰਤੀ ਦੂਤਾਵਾਸ ਦੇ ਸਹਿਯੋਗ ਨਾਲ ਸਾਰੀ ਲੋੜੀਂਦੀ ਕਾਗਜ਼ੀ ਕਾਰਵਾਈ ਮੁਕੰਮਲ ਕਰਵਾ ਕੇ ਮੁਹੰਮਦ ਰਫ਼ੀਕ ਦਾ ਮ੍ਰਿਤਕ ਸਰੀਰ ਭਾਰਤ ਭੇਜਿਆ ਹੈ। ਉਨ੍ਹਾਂ ਦੱਸਿਆ ਕਿ ਇਹ ਮ੍ਰਿਤਕ ਸਰੀਰ ਭਾਰਤ ਭੇਜਣ ਲਈ ਆਇਆ ਖਰਚ ਭਾਰਤੀ ਦੂਤਾਵਾਸ ਵੱਲੋਂ ਕੀਤਾ ਗਿਆ ਹੈ।

ਮੁਹੰਮਦ ਰਫ਼ੀਕ ਦਾ ਮ੍ਰਿਤਕ ਸਰੀਰ ਲੈਣ ਪਹੁੰਚੇ ਉਸ ਦੇ ਚਾਚੇ ਬਾਰੂ ਮੁਹੰਮਦ ਤੇ ਨਜ਼ਦੀਕੀ ਰਿਸ਼ਤੇਦਾਰ ਐਡਵੋਕੇਟ ਮੁਹੰਮਦ ਜਾਵੇਦ ਆਦਿ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਮੁਹੰਮਦ ਰਫ਼ੀਕ ਆਪਣੇ ਘਰ ਦੀ ਗੁਰਬਤ ਨੂੰ ਦੂਰ ਕਰਨ ਲਈ ਦੁਬਈ ਗਿਆ ਸੀ ਅਤੇ ਪਿਛਲੇ ਕੁਝ ਸਮੇਂ ਤੋਂ ਉਹ ਆਪਣੇ ਕੰਮ ਨੂੰ ਲੈ ਕੇ ਪ੍ਰੇਸ਼ਾਨ ਸੀ, ਜਿਸ ਦੇ ਚੱਲਦਿਆਂ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਮੁਹੰਮਦ ਰਫ਼ੀਕ ਦੀ ਮੌਤ ਦਾ ਪਤਾ ਵੀ ਸਰਬੱਤ ਦਾ ਭਲਾ ਟਰੱਸਟ ਰਾਹੀਂ ਹੀ ਲੱਗਾ ਸੀ। ਰਫ਼ੀਕ ਦੇ ਪਰਿਵਾਰਕ ਮੈਂਬਰਾਂ ਨੇ ਡਾ. ਐੱਸ.ਪੀ. ਸਿੰਘ ਓਬਰਾਏ ਦਾ ਇਸ ਵੱਡੇ ਉਪਰਾਲੇ ਲਈ ਸ਼ੁਕਰਾਨਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਯਤਨਾਂ ਦੀ ਬਦੌਲਤ ਹੀ ਪਰਿਵਾਰ ਨੂੰ ਉਸਦੇ ਅੰਤਿਮ ਦਰਸ਼ਨ ਨਸੀਬ ਹੋ ਸਕੇ ਹਨ।

ਪੀੜਤ ਪਰਿਵਾਰ ਨਾਲ ਹਵਾਈ ਅੱਡੇ 'ਤੇ ਦੁੱਖ ਸਾਂਝਾ ਕਰਨ ਪਹੁੰਚੀ ਟਰੱਸਟ ਦੀ ਟੀਮ ਵੱਲੋਂ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਮਾਝਾ ਜ਼ੋਨ ਦੇ ਸਲਾਹਕਾਰ ਸੁਖਦੀਪ ਸਿੱਧੂ, ਜ਼ਿਲ੍ਹਾ ਪ੍ਰਧਾਨ ਸ਼ਿਸ਼ਪਾਲ ਸਿੰਘ ਲਾਡੀ, ਜਨਰਲ ਸਕੱਤਰ ਮਨਪ੍ਰੀਤ ਸੰਧੂ ਚਮਿਆਰੀ, ਵਿੱਤ ਸਕੱਤਰ ਨਵਜੀਤ ਸਿੰਘ ਘਈ ਤੇ ਸੁਖਚੈਨ ਸਿੰਘ ਹੇਰ ਨੇ ਦੱਸਿਆ ਕਿ ਡਾ. ਓਬਰਾਏ ਦੇ ਯਤਨਾਂ ਸਦਕਾ ਹੁਣ ਤੱਕ 367 ਦੇ ਕਰੀਬ ਬਦਨਸੀਬ ਲੋਕਾਂ ਦੇ ਮ੍ਰਿਤਕ ਸਰੀਰ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਾਏ ਜਾ ਚੁੱਕੇ ਹਨ।

# ਪੰਜਾਬ ਸਰਕਾਰ ਨੇ 4 ਸਾਬਕਾ ਕਾਂਗਰਸੀ ਮੰਤਰੀਆਂ ਖ਼ਿਲਾਫ਼ ਕੇਸ ਚਲਾਉਣ ਦੀ ਦਿੱਤੀ ਮਨਜ਼ੂਰੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਫਸੇ ਚਾਰ ਸਾਬਕਾ ਕਾਂਗਰਸੀ ਮੰਤਰੀਆਂ ਖ਼ਿਲਾਫ਼ ਵਿਜੀਲੈਂਸ ਨੂੰ ਕੇਸ ਚਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਇਸ ਨਾਲ ਵਿਜੀਲੈਂਸ ਨੂੰ ਸਾਬਕਾ ਮੰਤਰੀਆਂ ਖ਼ਿਲਾਫ਼ ਅਦਾਲਤ 'ਚ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ।

ਸੂਤਰਾਂ ਮੁਤਾਬਕ ਪਿਛਲੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਦੀ ਹੋਈ ਮੀਟਿੰਗ 'ਚ ਵਿਜੀਲੈਂਸ ਬਿਊਰੋ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਦੀ ਸਰਕਾਰ 'ਚ ਮੰਤਰੀ ਰਹੇ ਓ.ਪੀ. ਸੋਨੀ, ਭਾਰਤ ਭੂਸ਼ਨ ਆਸ਼ੂ, ਸਾਧੂ ਸਿੰਘ ਧਰਮਸੋਤ ਤੇ ਸੁੰਦਰ ਸ਼ਾਮ ਅਰੋੜਾ ਖ਼ਿਲਾਫ਼ ਅਦਾਲਤ 'ਚ ਕੇਸ ਚਲਾਉਣ ਦੀ ਮਨਜ਼ੂਰੀ ਲਈ ਏਜੰਡਾ ਪੇਸ਼ ਕੀਤਾ ਗਿਆ ਸੀ। ਕੈਬਨਿਟ ਨੇ ਇਸ ਏਜੰਡੇ 'ਤੇ ਪ੍ਰਵਾਨਗੀ ਦੀ ਮੋਹਰ ਲਾ ਦਿੱਤੀ ਸੀ। ਹਾਲਾਂਕਿ ਵਿਜੀਲੈਂਸ ਦੇ ਕਿਸੇ ਉੱਚ ਅਧਿਕਾਰੀ ਨੇ ਇਸ ਸਬੰਧੀ ਕੁੱਝ ਵੀ ਕਹਿਣ ਤੋਂ ਇਨਕਾਰ ਕੀਤਾ ਹੈ ਤੇ ਇਸ ਸਬੰਧੀ ਪੁਸ਼ਟੀ ਕਰਨ ਲਈ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਵੀ ਫੋਨ ਨਹੀਂ ਚੁੱਕਿਆ। ਪਰ ਸੂਤਰ ਦੱਸਦੇ ਹਨ ਕਿ ਸਾਬਕਾ ਮੰਤਰੀਆਂ ਖਿਲਾਫ਼ ਅਦਾਲਤ 'ਚ ਕੇਸ ਚਲਾਉਣ ਦੀ ਮਨਜ਼ੂਰੀ ਵਿਜੀਲੈਂਸ ਨੂੰ ਦੇ ਦਿੱਤੀ ਗਈ ਹੈ।

ਵਰਨਣਯੋਗ ਹੈ ਕਿ ਸੂਬੇ 'ਚ ਸੱਤਾ ਤਬਦੀਲੀ ਮਗਰੋਂ ਵਿਜੀਲੈਂਸ ਨੇ ਜੰਗਲਾਤ ਵਿਭਾਗ ਦੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਬੂਟਿਆਂ ਦੀ ਰਖਵਾਲੀ ਲਈ ਟ੍ਰੀ ਗਾਰਡ ਖ਼ਰੀਦਣ 'ਚ ਹੋਏ ਘਪਲੇ ਦੇ ਦੋਸ਼ਾਂ ਤਹਿਤ ਹਿਰਾਸਤ 'ਚ ਲਿਆ ਸੀ। ਉਸ ਤੋਂ ਬਾਅਦ ਵਿਜੀਲੈਂਸ ਨੇ ਧਰਮਸੋਤ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ ਤਹਿਤ ਵੀ ਕੇਸ ਦਰਜ ਕੀਤਾ ਸੀ। ਇਸੇ ਤਰ੍ਹਾਂ ਸਾਬਕਾ ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਅਨਾਜ ਦੀ ਢੋਆ-ਢੁਆਈ 'ਚ ਘਪਲੇ ਦੇ ਮਾਮਲੇ 'ਚ ਗ੍ਰਿਫਤਾਰ ਕੀਤਾ ਗਿਆ। ਸੁੰਦਰ ਸ਼ਾਮ ਅਰੋੜਾ ਨੂੰ ਵਿਜੀਲੈਂਸ ਦੇ ਅਧਿਕਾਰੀਆਂ ਨੂੰ ਰਿਸ਼ਵਤ ਦਿੰਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਗਿਆ ਸੀ। ਸਾਬਕਾ ਸਿਹਤ ਮੰਤਰੀ ਓ.ਪੀ. ਸੋਨੀ ਖ਼ਿਲਾਫ਼ ਵੀ ਵਿਜੀਲੈਂਸ ਨੇ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਕੇਸ ਦਰਜ ਕੀਤਾ ਸੀ। ਇਨ੍ਹਾਂ ਚਾਰਾਂ ਸਾਬਕਾ ਮੰਤਰੀਆਂ ਖ਼ਿਲਾਫ਼ ਵਿਜੀਲੈਂਸ ਨੇ ਭ੍ਰਿਸ਼ਟਾਚਾਰ ਤੇ ਆਮਦਨ ਤੋਂ ਵੱਧ ਸਰੋਤਾਂ ਤੋਂ ਸੰਪਤੀ ਬਣਾਉਣ ਦੇ ਦੋਸ਼ ਤਹਿਤ ਕੇਸ ਦਰਜ ਕੀਤੇ ਹੋਏ ਹਨ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਭਾਰਤ ਭੂਸ਼ਣ ਆਸ਼ੂ ਖ਼ਿਲਾਫ਼ ਈ.ਡੀ. ਨੇ ਵੱਖਰੇ ਤੌਰ 'ਤੇ ਜਾਂਚ ਆਰੰਭੀ ਹੋਈ ਹੈ।


Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

Sacramento
2953 W Capitol Ave.
Sacramento CA 95691
Phone : 916-372-4448
Fax : 916-372-4440

FREMONT
44790 8. Grimmer
Blvd.# 208
Fremont, CA 94538
Phone : 510-657-6444
Fax : 510-657-6445

FRESNO
4491 W. Shaw Ave.
Suit No. 300B
Near Costco
Fresno, CA 93722
Phone : 559-271-5511

Turlock
209-632-3292

# ਸਿਆਟਲ ਵਿਚ ਬੱਚਿਆਂ ਦੇ ਖੇਡ ਕੈਂਪ ਦੀ ਸਮਾਪਤੀ ਸਮਾਰੋਹ 25 ਅਗਸਤ ਨੂੰ

## -ਸਭ ਨੂੰ ਖੁੱਲ੍ਹਾ ਸੱਦਾ

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਕੈਂਟ ਦੇ ਵਿਲਸਨ ਪਲੇਅ ਫੀਲਡ ਵਿਚ 23 ਅਤੇ 25 ਅਗਸਤ, ਸ਼ਨੀਵਾਰ ਤੇ ਐਤਵਾਰ ਸ਼ਾਮ 5 ਤੋਂ 7 ਵਜੇ ਤੱਕ ਸਾਕਰ ਅਤੇ ਐਥਲੈਟਿਕ ਮੁਕਾਬਲੇ ਹੋਣਗੇ। ਦਾਨੀ ਸੱਜਣਾਂ ਵੱਲੋਂ ਕਿੱਟਾਂ ਅਤੇ ਰਿਫਰੈਸ਼ਮੈਂਟ ਦੀ ਸੇਵਾ ਚੱਲ ਰਹੀ ਹੈ। ਕੋਈ ਫੀਸ ਨਹੀਂ ਲਈ ਜਾਂਦੀ। ਇਨ੍ਹਾਂ ਦਿਨਾਂ ਵਿਚ ਫਰੀ ਭੋਜਨ ਦਾ ਪ੍ਰਬੰਧ ਕੀਤਾ ਜਾਵੇਗਾ। 25 ਅਗਸਤ ਨੂੰ ਹੀ ਜੇਤੂ ਖਿਡਾਰੀਆਂ, ਦਾਨੀਆਂ ਅਤੇ ਵਲੰਟੀਅਰ ਸੇਵਾ ਨਿਭਾ ਰਹੇ ਸੱਜਣਾਂ ਦਾ ਮਾਣ-ਸਨਮਾਨ ਕੀਤਾ ਜਾਵੇਗਾ।





ਬੱਚਿਆਂ ਦੇ ਖੇਡ ਕੈਂਪ ਦਾ ਦ੍ਰਿਸ਼।

# ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨਾ ਹੀ ਸੰਤ ਲੌਂਗੋਵਾਲ ਨੂੰ ਸੱਚੀ ਸ਼ਰਧਾਂਜਲੀ: ਸੁਖਬੀਰ

**ਸੰਗਰੂਰ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲੌਂਗੋਵਾਲ ਵਿਚ ਸ਼ਹੀਦੀ ਕਾਨਫਰੰਸ ਦੌਰਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸੰਤ ਲੌਂਗੋਵਾਲ ਨੇ ਪੰਜਾਬ ਦੀ ਆਵਾਜ਼ ਚੁੱਕੀ, ਜਿਸ ਕਾਰਨ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ 'ਆਪ' ਨੇ ਸੰਤ ਲੌਂਗੋਵਾਲ ਦੇ ਸਿਧਾਂਤ ਨਾਲ ਧੋਖਾ ਕੀਤਾ ਹੈ ਕਿਉਂਕਿ ਦੋਵੇਂ ਪਾਰਟੀਆਂ ਨੇ ਪੰਜਾਬ ਦੇ ਦਰਿਆਈ ਪਾਣੀਆਂ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਦੇਣ ਆਦਿ ਮੁੱਦਿਆਂ ਨਾਲ ਵਿਸਾਰ ਦਿੱਤਾ ਹੈ।

ਲੌਂਗੋਵਾਲ 'ਚ ਸ਼ਹੀਦ ਭਾਈ ਮਨੀ ਸਿੰਘ ਖਾਲਸਾ ਕਾਲਜ 'ਚ ਸ਼ਹੀਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ਼੍ਰੀ ਬਾਦਲ ਨੇ ਕਿਹਾ ਕਿ ਅਕਾਲੀ ਦਲ ਤੋਂ ਬਗੈਰ ਕਿਸੇ ਵੀ ਪਾਰਟੀ ਨੇ ਪੰਜਾਬ ਦੇ ਮੁੱਦਿਆਂ ਨੂੰ ਨਹੀਂ ਉਠਾਇਆ ਪਰ ਅੱਜ ਦੁੱਖ ਹੁੰਦਾ ਹੈ ਕਿ ਆਪਣੀ ਕੌਮ ਨੂੰ ਕੀ ਹੋ ਗਿਆ, ਜੋ ਇਹ ਪਛਾਣ ਨਹੀਂ



ਕਰ ਰਹੀ ਕਿ ਆਪਣੇ ਕੌਣ ਹਨ ਅਤੇ ਪਰਾਏ ਕੌਣ। ਉਨ੍ਹਾਂ ਕਿਹਾ ਕਿ ਦਿੱਲੀ ਦੀਆਂ ਪਾਰਟੀਆਂ ਅਤੇ ਏਜੰਸੀਆਂ ਅਕਾਲੀ ਦਲ ਨੂੰ ਕਮਜ਼ੋਰ ਕਰਨ 'ਤੇ ਲੱਗੀਆਂ ਹੋਈਆਂ ਹਨ। ਸਿੱਖ ਕੌਮ ਨੂੰ ਕਮਜ਼ੋਰ ਕਰਨ ਲਈ ਲਗਾਤਾਰ ਹਮਲੇ ਹੋ ਰਹੇ ਹਨ। ਅਕਾਲੀ ਦਲ ਦੇ ਕਮਜ਼ੋਰ ਹੋਣ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਟੁਕੜੇ ਕਰ ਦਿੱਤੇ ਗਏ, ਹਰਿਆਣਾ 'ਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਦਿੱਤੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਆਰ.ਐੱਸ.ਐੱਸ. ਤੇ ਭਾਜਪਾ ਦਾ ਕਬਜ਼ਾ ਹੋ ਗਿਆ।

# ਸਿੱਧੂ ਮੂਸੇਵਾਲਾ ਕਤਲ ਕੇਸ ਦੇ ਚਸ਼ਮਦੀਦ ਗਵਾਹ ਨੇ ਬਿਆਨ ਦਰਜ ਕਰਵਾਏ

**ਮਾਨਸਾ, (ਪੰਜਾਬ ਮੇਲ)-** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿਚ ਲਾਰੈਂਸ ਬਿਸ਼ਨੋਈ, ਜੱਗੂ ਭਗਵਾਨਪੁਰੀਆ ਸਮੇਤ ਸਾਰੇ ਕਰੀਬ 27 ਮੁਲਜ਼ਮਾਂ ਨੇ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਭੁਗਤੀ। ਇਸ ਦੌਰਾਨ ਇਕ ਗਵਾਹ ਨੇ ਮਾਣਯੋਗ ਅਦਾਲਤ ਵਿਚ ਆਪਣੇ ਬਿਆਨ ਵੀ ਦਰਜ ਕਰਵਾਏ। ਜਿਸ ਦੇ ਬਾਕੀ ਬਿਆਨ ਅਦਾਲਤ ਵਿਚ 30 ਅਗਸਤ ਨੂੰ ਦਰਜ ਕੀਤੇ ਜਾਣਗੇ।



ਜ਼ਿਕਰਯੋਗ ਹੈ ਕਿ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਨੂੰ ਲੈ ਕੇ ਰਾਜਨੀਤਿਕ ਆਗੂਆਂ ਵਲੋਂ ਦੇਸ਼ ਦੀ ਲੋਕ ਸਭਾ ਵਿਚ ਮੁੱਦਾ ਚੁੱਕਣ ਤੋਂ ਬਾਅਦ ਮਰਹੂਮ ਗਾਇਕ ਦੇ ਪਿਤਾ ਬਲਕੌਰ ਸਿੰਘ ਨੇ ਸਰਕਾਰੀ ਸਿਸਟਮ ਅਤੇ ਸਰਕਾਰਾਂ ਦੀ ਕਾਰਗੁਜਾਰੀ ਨੂੰ ਜ਼ਿੰਮੇਵਾਰ ਠਹਿਰਾਇਆ ਪਰ ਉਨ੍ਹਾਂ ਨਾਲ ਇਹ ਵੀ ਕਿਹਾ ਹੈ ਕਿ ਮਾਣਯੋਗ ਅਦਾਲਤ ਵਲੋਂ ਉਨ੍ਹਾਂ ਨੂੰ ਇਨਸਾਫ ਮਿਲਣ ਦੀ ਉਮੀਦ ਜਾਗੀ ਹੈ।

ਇਸ ਦੇ ਚੱਲਦੇ ਲਾਰੈਂਸ ਬਿਸ਼ਨੋਈ ਸਮੇਤ 27 ਮੁਲਜ਼ਮਾਂ ਨੇ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਭੁਗਤੀ। ਕਿਹੜੇ ਗਵਾਹ ਨੇ ਮਾਣਯੋਗ ਅਦਾਲਤ 'ਚ ਬਿਆਨ ਦਰਜ ਕਰਵਾਏ ਹਨ, ਇਸ ਮਾਮਲੇ ਨੂੰ ਅਜੇ ਅਦਾਲਤ ਨੇ ਗੁਪਤ ਰੱਖਿਆ ਹੈ। ਇਸ ਮਾਮਲੇ 'ਚ ਮੁੜ ਪੇਸ਼ੀ 30 ਅਗਸਤ ਨੂੰ ਹੋਵੇਗੀ।

# ਸਿਆਟਲ ਵਿਖੇ ਬੱਚਿਆਂ ਦੇ ਖੇਡ ਕੈਂਪ 'ਚ ਸ. ਰਣਜੀਤ ਸਿੰਘ ਢੰਡਾ ਸਾਬਕਾ ਪ੍ਰਧਾਨ ਕਬੱਡੀ ਸੰਸਥਾ ਯੂ.ਕੇ. ਸਨਮਾਨਿਤ





ਪੰਜਾਬੀ ਭਾਈਚਾਰੇ ਦੇ ਪਤਵੰਤੇ ਸੱਜਣ ਸਵਾਗਤ ਕਰਦੇ ਸਮੇਂ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਸਿਆਟਲ ਵਿਖੇ ਪਿੰਦਰ ਸਿੰਘ ਢੰਡਾ ਦੇ ਸਪੁੱਤਰ ਦੇ ਵਿਆਹ 'ਤੇ ਪਹੁੰਚੇ ਸ. ਰਣਜੀਤ ਸਿੰਘ ਢੰਡਾ (ਸਾਬਕਾ ਪ੍ਰਧਾਨ ਯੂ.ਕੇ. ਕਬੱਡੀ ਸੰਸਥਾ) ਦਾ ਗੁਰਦੀਪ ਸਿੰਘ ਸਿੱਧੂ ਨੇ ਸਵਾਗਤ ਕੀਤਾ ਅਤੇ ਦੱਸਿਆ ਕਿ ਇਹ ਵੱਡੀਆਂ ਸੇਵਾਵਾਂ ਜਿਵੇਂ ਕਿ ਸ੍ਰੀ ਅਨੰਦਪੁਰ ਸਾਹਿਬ ਦਾ ਕਬੱਡੀ ਟੂਰਨਾਮੈਂਟ ਕਰਵਾ ਕੇ ਵੱਡੀ ਸੇਵਾ ਕਰ ਚੁੱਕੇ ਹਨ ਅਤੇ ਯੂ.ਕੇ. ਵਿਚ ਵੀ ਇਨ੍ਹਾਂ ਦੀਆਂ ਸੇਵਾਵਾਂ ਦੀ ਬਹੁਤ ਸ਼ਲਾਘਾ ਕੀਤੀ ਜਾਂਦੀ ਹੈ। ਇਸ ਮੌਕੇ ਰਣਜੀਤ ਸਿੰਘ ਜੀ ਨੇ ਕਿਹਾ ਕਿ ਇਹ ਸੇਵਾ ਬੱਚਿਆਂ ਦੀਆਂ ਖੇਡਾਂ ਕਰਾਉਣ ਵਾਲੀ ਵਿਲੱਖਣ ਸੇਵਾ ਹੈ, ਜਿਥੇ ਬਜ਼ੁਰਗ, ਬੱਚੇ ਅਤੇ ਮਤਾਵਾਂ ਇਕੱਠੇ ਬੈਠ ਕੇ ਖੇਡਾਂ ਦਾ ਅਨੰਦ ਲੈਂਦੇ ਹਨ। ਬਲਜੀਤ ਸਿੰਘ ਸੋਹਲ (ਪਹਿਲੇ ਪ੍ਰਧਾਨ ਪੰਜਾਬ ਸਪੋਰਟਸ ਕਲੱਬ ਸਿਆਟਲ) ਨੇ ਉਨ੍ਹਾਂ ਦਾ ਸ਼ਾਲ ਪਾ ਕੇ ਸਵਾਗਤ ਕੀਤਾ। ਇਸ ਮੌਕੇ ਦਰਸ਼ਣ ਸਿੰਘ ਬੱਬੀ, ਔਂਕਾਰ ਭੰਡਾਲ, ਕੁਲਵੰਤ ਸਿੰਘ ਢੇਸੀ, ਕੁਲਵੰਤ ਸਿੰਘ ਸ਼ਾਹ ਤੇ ਹੋਰ ਪਤਵੰਤੇ ਸੱਜਣ ਮੌਜੂਦ ਸਨ।

TAKHAR URGENT CARE
& Family Medicine



Paramjit S. Takhar, M.D.
Board Certified Family Medicine
Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

Designed By Punjab Mail USA

Onsite Services



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal


$100 First Office Visit
2nd Visit is ONLY $75
By appointment only. Please mention offer when scheduling appointment. Must present coupon at time of visit. Expires 12/31/17

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care
- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections
- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

www.takharfamilymedicine.com

We Speak : English, Hindi, Punjabi, Farsi & Spanish

916-688-8888
8191 Timberlake Way #400
Sacramento, CA 95823
We Accept Medicare, Medical & Cash Pay



# ਹਲਵਾਰਾ ਅੱਡੇ ਤੋਂ ਨਵੰਬਰ ਤੱਕ ਉਡਾਣਾਂ ਸ਼ੁਰੂ ਹੋਣ ਦੇ ਆਸਾਰ

ਗੁਰੂਸਰ ਸੁਧਾਰ, (ਪੰਜਾਬ ਮੇਲ)- ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਕੌਮਾਂਤਰੀ ਹਵਾਈ ਅੱਡਾ ਹਲਵਾਰਾ ਤੋਂ ਇਸੇ ਸਾਲ ਨਵੰਬਰ ਤੱਕ ਹਵਾਈ ਉਡਾਣਾਂ ਸ਼ੁਰੂ ਕਰਨ ਦਾ ਦਾਅਵਾ ਕੀਤਾ ਹੈ। ਟਾਟਾ ਸਮੂਹ ਹਵਾਈ ਕੰਪਨੀਆਂ ਦੇ ਅਧਿਕਾਰੀਆਂ ਨਾਲ ਦਿੱਲੀ ਵਿਚ ਵਿਚਾਰ-ਚਰਚਾ ਤੋਂ ਬਾਅਦ ਸ਼੍ਰੀ ਅਰੋੜਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਟਾਟਾ ਸਮੂਹ ਦੇ ਚੇਅਰਮੈਨ ਐੱਨ. ਚੰਦਰਸ਼ੇਖਰਨ ਨੂੰ ਪਿਛਲੇ ਸਮੇਂ ਹਲਵਾਰਾ ਹਵਾਈ ਅੱਡੇ ਤੋਂ ਉਡਾਣਾਂ ਸ਼ੁਰੂ ਕਰਨ ਲਈ ਬੇਨਤੀ ਕੀਤੀ ਗਈ ਸੀ, ਜਿਸ ਦਾ ਉਨ੍ਹਾਂ ਨੇ ਹਾਂ-ਪੱਖੀ ਹੁੰਗਾਰਾ ਭਰਿਆ ਹੈ। ਸੰਜੀਵ ਅਰੋੜਾ ਨੇ ਦਾਅਵਾ ਕੀਤਾ ਕਿ ਟਾਟਾ ਸਮੂਹ ਦੀਆਂ ਹਵਾਈ ਕੰਪਨੀਆਂ ਦੇ ਰਲੇਵੇਂ ਦੀ ਪ੍ਰਕਿਰਿਆ ਜਾਰੀ ਹੈ ਅਤੇ ਇਹ ਨਵੰਬਰ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ। ਟਾਟਾ ਸਮੂਹ ਦੇ ਅਧਿਕਾਰੀਆਂ ਨੇ ਮੀਟਿੰਗ ਦੌਰਾਨ ਦੱਸਿਆ ਕਿ ਰਲੇਵੇਂ ਦੀ ਪ੍ਰਕਿਰਿਆ ਮੁਕੰਮਲ ਹੋਣ ਬਾਅਦ ਹਲਵਾਰਾ ਹਵਾਈ ਅੱਡੇ ਤੋਂ ਉਡਾਣਾਂ ਸ਼ੁਰੂ ਕਰਨ ਬਾਰੇ ਸਰਵੇਖਣ ਸ਼ੁਰੂ ਕੀਤਾ ਜਾਵੇਗਾ। ਇਸ ਸਰਵੇਖਣ ਵਿਚ ਉਡਾਣਾਂ ਦੇ ਵਿੱਤੀ ਪਹਿਲੂਆਂ,



ਰਾਜ ਸਭਾ ਮੈਂਬਰ ਸੰਜੀਵ ਅਰੋੜਾ ਹਵਾਈ ਕੰਪਨੀਆਂ ਦੇ ਅਧਿਕਾਰੀਆਂ ਨਾਲ ਚਰਚਾ ਕਰਦੇ ਹੋਏ।

ਆਵਾਜਾਈ ਅਤੇ ਮਾਰਕੀਟਿੰਗ 'ਤੇ ਵਿਚਾਰ ਕੀਤਾ ਜਾਵੇਗਾ। ਸੰਜੀਵ ਅਰੋੜਾ ਨੇ ਹਵਾਈ ਕੰਪਨੀਆਂ ਦੇ ਅਧਿਕਾਰੀਆਂ ਨੂੰ ਦੱਸਿਆ ਕਿ ਪਿਛਲੇ ਦਿਨੀਂ ਉਨ੍ਹਾਂ ਖ਼ੁਦ ਹਲਵਾਰਾ ਹਵਾਈ ਅੱਡੇ ਦੇ ਨਿਰਮਾਣ ਕਾਰਜਾਂ ਦਾ ਨਿਰੀਖਣ ਕੀਤਾ ਸੀ ਅਤੇ ਸਿਵਲ ਟਰਮੀਨਲ ਦਾ ਕੰਮ ਲਗਪਗ ਮੁਕੰਮਲ ਹੋ ਚੁੱਕਿਆ ਹੈ ਅਤੇ ਭਾਰਤੀ ਹਵਾਈ ਸੈਨਾ ਵੱਲੋਂ ਹਵਾਈ ਪੱਟੀ ਸਣੇ ਹੋਰ ਜਾਰੀ ਨਿਰਮਾਣ ਕਾਰਜ ਵੀ ਜਲਦੀ ਮੁਕੰਮਲ ਕਰ ਲਏ ਜਾਣਗੇ। ਅਰੋੜਾ ਨੇ ਦੁਹਰਾਇਆ ਕਿ ਪ੍ਰਾਜੈਕਟ ਨੂੰ ਪੂਰਾ ਕਰਨ ਵਿਚ ਕੁਝ ਦੇਰੀ ਹੋਈ ਹੈ ਅਤੇ ਇਹ ਸ਼ਹਿਰੀ ਹਵਾਬਾਜ਼ੀ ਅਤੇ ਭਾਰਤੀ ਹਵਾਈ ਸੈਨਾ ਤੋਂ ਕੁਝ ਮਨਜ਼ੂਰੀਆਂ ਪ੍ਰਾਪਤ ਕਰਨ ਵਿਚ ਹੋਈ ਦੇਰੀ ਕਾਰਨ ਹੋਇਆ ਹੈ।


ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।

## ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ, ਜਨਮ 1984, 5'-10", ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

## MATRIMONIAL

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

## ਮੈਟਰੀਮੋਨੀਅਲ

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ, ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸਾਫਟਵੇਅਰ ਇੰਜੀਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਵੈਲ ਸੈਟਲਡ, ਸਾਨ ਫਰਾਂਸਿਸਕੋ, ਬੇ ਏਰੀਆ, ਕੈਲੀਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਇਨੋਸੈਂਟ ਇਸ਼ੂਲੈਸ, ਡਾਇਵੋਰਸੀ ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਫਿਰ ਵਟਸਅਪ +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਫਿਰ ਆਪਣੇ ਵੇਰਵੇ ਈਮੇਲ ਆਈ ਡੀ: CJSINGH55@gmail.com ਸਕਦੇ ਹੋ।

## ਮੈਟਰੀਮੋਨੀਅਲ

ਜੱਟ ਸਿੱਖ, 42 ਸਾਲ, 5'-4", ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ ਬਿਨਾਂ ਬੱਚੇ ਤੋਂ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ ਵਟਸਐਪ 540-479-0603 'ਤੇ ਸੰਪਰਕ ਕਰ ਸਕਦੇ ਹਨ।

## MATRIMONIAL

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

## MATRIMONIAL

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

## MATRIMONIAL

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

## MATRIMONIAL

Seeking Amritdhari Educated Vegetarian Singhnee From USA/CANADA For Well Settled Amritdhari Singh, 36 Years Old, 5'-11" Height, Working as Software Product Leader, Owns A House in San Francisco Bay Area. Innocent Issueless Divorcee (4 Months Marriage) Call: +1-510-281-7065, WhatsApp: +91 98993 79442 Email: cjsingh55@gmail.com

## MATRIMONIAL

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6'-2" ਬਰੈਂਪਟਨ ਵਿੱਚ ਕੱਚਾ, ਲਈ ਕੈਨੇਡਾ ਪੀ.ਆਰ. ਢੁਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)

## ਕੰਨਿਆ ਦੀ ਲੋੜ

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

## MATRIMONIAL

Lovepreet Singh Gill, 26 yrs old, 5'11". US citizen, own small trucking company, living in Sacramento CA

## MATRIMONIAL

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

# ਜੰਮੂ-ਕਸ਼ਮੀਰ ਵਿਧਾਨ ਸਭਾਵਾਂ ਲਈ 3 ਪੜਾਵਾਂ 'ਚ ਹੋਣਗੀਆਂ ਚੋਣਾਂ



- 18, 25 ਸਤੰਬਰ ਤੇ ਪਹਿਲੀ ਅਕਤੂਬਰ ਨੂੰ ਪੈਣਗੀਆਂ ਵੋਟਾਂ
- ਹਰਿਆਣਾ 'ਚ ਵੋਟਾਂ 1 ਅਕਤੂਬਰ ਨੂੰ, ਨਤੀਜੇ 4 ਨੂੰ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤੀ ਚੋਣ ਕਮਿਸ਼ਨ ਹਰਿਆਣਾ ਤੇ ਜੰਮੂ ਕਸ਼ਮੀਰ ਵਿਧਾਨ ਸਭਾਵਾਂ ਲਈ ਚੋਣਾਂ ਦਾ ਐਲਾਨ ਕਰ ਦਿੱਤਾ ਹੈ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜੰਮੂ ਕਸ਼ਮੀਰ ਵਿਚ ਤਿੰਨ ਪੜਾਵਾਂ 18, 25 ਸਤੰਬਰ ਤੇ ਪਹਿਲੀ ਅਕਤੂਬਰ ਨੂੰ ਵੋਟਾਂ ਪੈਣਗੀਆਂ। ਹਰਿਆਣਾ ਵਿਧਾਨ ਸਭਾ ਲਈ ਵੋਟਾਂ ਪਹਿਲੀ ਅਕਤੂਬਰ ਨੂੰ ਪੈਣਗੀਆਂ ਤੇ ਦੋਵਾਂ ਰਾਜਾਂ ਦੀਆਂ ਚੋਣਾਂ ਦੇ ਨਤੀਜੇ 4 ਅਕਤੂਬਰ ਨੂੰ ਅਲਾਨੇ ਜਾਣਗੇ। ਜੰਮੂ ਕਸ਼ਮੀਰ ਵਿਚ 10 ਸਾਲ ਬਾਅਦ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਕਸ਼ਮੀਰ ਵਿਚ 47 ਤੇ ਜੰਮੂ ਖੇਤਰ ਵਿਚ 43 ਹਲਕੇ ਹਨ। ਇਸ ਤੋਂ ਪਹਿਲਾਂ ਸਾਲ 2014 ਵਿਚ ਵਿਧਾਨ ਸਭਾ ਚੋਣਾਂ ਹੋਈਆਂ ਸਨ। ਹਰਿਆਣਾ ਵਿਧਾਨ ਸਭਾਵਾਂ ਦਾ ਕਾਰਜਕਾਲ 3 ਨਵੰਬਰ ਨੂੰ ਖਤਮ ਹੋ ਰਿਹਾ ਹੈ। ਚੋਣ ਕਮਿਸ਼ਨ ਦੀ ਜੰਮੂ-ਕਸ਼ਮੀਰ ਵਿਚ 30 ਸਤੰਬਰ ਤੋਂ ਪਹਿਲਾਂ ਵਿਧਾਨ ਸਭਾ ਚੋਣਾਂ ਕਰਵਾਉਣ ਦੀ ਯੋਜਨਾ ਸੀ। ਇਹ ਸਮਾਂ ਸੀਮਾ ਸੁਪਰੀਮ ਕੋਰਟ ਨੇ ਤੈਅ ਕੀਤੀ ਹੈ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਦੱਸਿਆ ਕਿ ਇਸ ਕੇਂਦਰ ਸ਼ਾਸਤ ਪ੍ਰਦੇਸ਼ ਵਿਚ 90 ਵਿਧਾਨ ਸਭਾ ਹਲਕਿਆਂ ਵਿਚ 87.09 ਲੱਖ ਵੋਟਰ ਹਨ ਤੇ ਇਨ੍ਹਾਂ ਵਿਚ 42.6 ਲੱਖ ਮਹਿਲਾ ਵੋਟਰ ਹਨ। ਹਰਿਆਣਾ 'ਚ ਵੀ 90 ਵਿਧਾਨ ਸਭਾ ਹਲਕੇ ਹਨ ਤੇ ਇਥੇ 2 ਕਰੋੜ ਤੋਂ ਵੱਧ ਵੋਟਰ ਹਨ।

# ਅਕਾਲੀ ਦਲ ਵੱਲੋਂ ਭਗਵੰਤ ਮਾਨ 'ਤੇ ਹਰਿਆਣਾ ਚੋਣਾਂ 'ਚ ਵੋਟਾਂ ਲੈਣ ਲਈ ਡੇਰਾ ਸਿਰਸਾ ਮੁਖੀ ਨਾਲ ਅੰਦਰੂਨੀ ਗੰਢ-ਤੁੱਪ ਦੇ ਦੋਸ਼

**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਹਰਿਆਣਾ ਚੋਣਾਂ ਵਿਚ ਵੋਟਾਂ ਲੈਣ ਲਈ ਡੇਰਾ ਸਿਰਸਾ ਮੁਖੀ ਨਾਲ ਅੰਦਰੂਨੀ ਗੰਢ-ਤੁੱਪ ਕਰ ਲਈ ਹੈ। ਇਸੇ ਕਰਕੇ ਉਹ ਡੇਰਾ ਮੁਖੀ ਖ਼ਿਲਾਫ਼ ਧਾਰਾ 295ਏ ਤਹਿਤ ਮੁਕੱਦਮਾ ਚਲਾਉਣ ਦੀ ਪ੍ਰਵਾਨਗੀ ਨਹੀਂ ਦੇ ਰਹੇ। ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਪੰਜਾਬ ਵਿਚ ਕਾਨੂੰਨ ਵਿਵਸਥਾ ਢਹਿ-ਢੇਰੀ ਹੋ ਗਈ ਤੇ ਵਿਕਾਸ ਕਾਰਜ ਠੱਪ ਹੋ ਰਹੇ ਹਨ। ਲੜਕੀਆਂ ਸੁਰੱਖਿਅਤ ਨਹੀਂ ਹਨ। ਸੂਬੇ ਵਿਚ ਨਸ਼ੇ ਵਧ ਰਹੇ ਹਨ ਪਰ ਮੁੱਖ ਮੰਤਰੀ ਇਨ੍ਹਾਂ ਬਾਰੇ ਗੱਲ ਹੀ ਨਹੀਂ ਕਰ ਰਹੇ। ਉਨ੍ਹਾਂ ਕਿਹਾ ਕਿ ਪੰਜਾਬੀ ਇਹ ਵੇਖ ਕੇ ਹੈਰਾਨ ਹਨ ਕਿ ਬੇਅਦਬੀ ਮਾਮਲਿਆਂ ਦੇ ਕਥਿਤ ਮੁਲਜ਼ਮ ਪ੍ਰਦੀਪ ਕਲੇਰ ਨੂੰ ਤਿੰਨ ਕੇਸਾਂ ਵਿਚ ਭਗੌੜਾ ਕਰਾਰ ਦਿੱਤਾ ਗਿਆ ਸੀ ਪਰ ਉਸ ਨੂੰ ਛੇ ਸਾਲਾਂ ਬਾਅਦ ਸਿਰਫ ਇਕ ਕੇਸ 'ਚ ਹੀ ਗ੍ਰਿਫ਼ਤਾਰ ਕੀਤਾ ਗਿਆ। ਇਸ ਵਿਚ ਵੀ ਉਸ ਨੂੰ ਇਕ ਮਹੀਨੇ 'ਚ ਜ਼ਮਾਨਤ ਮਿਲ ਗਈ।

ਉਨ੍ਹਾਂ ਕਿਹਾ ਕਿ ਪਹਿਲਾਂ ਬੇਅਦਬੀ ਕੇਸ ਪੰਜਾਬ ਤੋਂ ਬਾਹਰ ਤਬਦੀਲ ਕੀਤੇ ਗਏ ਤੇ ਫਿਰ ਉਨ੍ਹਾਂ ਦੀ ਸੁਣਵਾਈ 'ਤੇ ਰੋਕ ਲੱਗ ਗਈ, ਜਿਸ ਲਈ ਮੁੱਖ ਮੰਤਰੀ ਭਗਵੰਤ ਮਾਨ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਸਵਾਲ ਕੀਤਾ ਕਿ ਉਹ ਹਰਿਆਣਾ ਵਿਚ ਭਾਜਪਾ ਸਰਕਾਰ ਵੱਲੋਂ ਵਾਰ-ਵਾਰ ਡੇਰਾ ਮੁਖੀ ਨੂੰ ਜ਼ਮਾਨਤ 'ਤੇ ਰਿਹਾਅ ਕਰਨ ਦਾ ਵਿਰੋਧ ਕਿਉਂ ਨਹੀਂ ਕਰ ਰਹੇ। ਉਨ੍ਹਾਂ ਕਿਹਾ ਕਿ ਪਹਿਲਾਂ ਕਾਂਗਰਸ ਅਤੇ ਹੁਣ 'ਆਪ' ਸਰਕਾਰ ਸੂਬੇ ਦੇ ਵਿਕਾਸ ਵੱਲ ਧਿਆਨ ਨਹੀਂ ਦੇ ਰਹੀ।

# ਅਮਰੀਕਾ ਦੇ ਸ਼ਹਿਰ ਡੈਲਸ ਵਿਖੇ 2024 ਦਾ ਅੰਤਰਰਾਸ਼ਟਰੀ ਸਿੱਖ ਯੂਥ ਸਿਮਪੋਜ਼ੀਅਮ ਕਰਵਾਇਆ



**ਡੈਲਸ (ਟੈਕਸਾਸ), (ਸਮੀਪ ਸਿੰਘ ਗੁਮਟਾਲਾ/ਪੰਜਾਬ ਮੇਲ)-** ਸਿੱਖ ਯੂਥ ਅਲਾਇੰਸ ਆਫ਼ ਨਾਰਥ ਅਮਰੀਕਾ (ਸਿਆਨਾ) ਵਲੋਂ ਕਰਵਾਏ ਜਾਂਦੇ ਚਾਰ ਰੋਜ਼ਾ ਸਾਲਾਨਾ ਇੰਟਰਨੈਸ਼ਨਲ ਸਿੱਖ ਯੂਥ ਸਿਮਪੋਜ਼ੀਅਮ 2024 ਸੰਬੰਧੀ ਮੁਕਾਬਲੇ ਅਮਰੀਕਾ ਦੇ ਸੂਬੇ ਟੈਕਸਾਸ ਦੇ ਸ਼ਹਿਰ ਡੈਲਸ ਵਿਖੇ ਆਯੋਜਿਤ ਕੀਤੇ ਗਏ। ਗੁਰਦੁਆਰਾ ਸਿੰਘ ਸਭਾ ਰਿਚਰਡਸਨ ਵਿਖੇ ਹੋਏ ਪ੍ਰੋਗਰਾਮਾਂ ਵਿਚ ਅਮਰੀਕਾ ਅਤੇ ਕੈਨੇਡਾ ਤੋਂ ਆਏ 6 ਸਾਲ ਤੋਂ ਲੈ ਕੇ 22 ਸਾਲਾਂ ਤੱਕ ਦੇ 61 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ।

ਸਿਮਪੋਜ਼ੀਅਮ ਅਤੇ ਸੰਸਥਾ ਦੇ ਰਾਸ਼ਟਰੀ ਕਨਵੀਨਰ ਕੁਲਦੀਪ ਸਿੰਘ ਨੇ ਦੱਸਿਆ ਕਿ ਸੰਸਥਾ ਵਲੋਂ ਇਹ ਸਮਾਗਮ ਸਾਲ 1989 ਤੋਂ ਹਰ ਸਾਲ ਮਾਰਚ-ਅਪ੍ਰੈਲ ਦੇ ਮਹੀਨੇ ਵਿਚ ਪਹਿਲਾਂ ਅਮਰੀਕਾ ਅਤੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ, ਫਿਰ ਰਾਜ ਪੱਧਰੀ ਤੇ ਅੰਤ ਵਿਚ ਅਗਸਤ ਦੇ ਮਹੀਨੇ 'ਚ ਅੰਤਰਰਾਸ਼ਰਟੀ ਪੱਧਰ ਦੇ ਮੁਕਾਬਲੇ ਕਰਵਾਏ ਜਾਂਦੇ ਹਨ, ਜਿਸ ਵਿਚ ਰਾਜ ਪੱਧਰੀ ਮੁਕਾਬਲਿਆਂ ਦੇ ਜੇਤੂ ਬੱਚੇ ਭਾਗ ਲੈਂਦੇ ਹਨ। ਰਾਜ ਪੱਧਰੀ ਮੁਕਾਬਲਿਆਂ ਲਈ ਅਮਰੀਕਾ ਅਤੇ ਕੈਨੇਡਾ ਨੂੰ 13 ਹਿੱਸਿਆਂ 'ਚ ਵੰਡਿਆ ਗਿਆ ਹੈ ਤੇ ਹਰ ਖਿੱਤੇ ਤੋਂ ਜੇਤੂ ਬੱਚੇ ਫਾਈਨਲ ਮੁਕਾਬਲਿਆਂ ਵਿਚ ਜਾਂਦੇ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ 'ਚ ਵੰਡਿਆ ਗਿਆ ਹੈ। ਹਰੇਕ ਗਰੁੱਪ ਨੂੰ ਇਕ ਕਿਤਾਬ ਦਿੱਤੀ ਜਾਂਦੀ ਹੈ ਤੇ ਬੱਚਿਆਂ ਨੇ ਉਸ ਦੇ ਵਿਚੋਂ ਤਿੰਨ ਸਵਾਲਾਂ ਦੇ ਜਵਾਬ 6 ਤੋਂ 7 ਮਿੰਟ 'ਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ। ਇਸ ਸਾਲ ਪਹਿਲੇ ਗਰੁੱਪ ਨੂੰ "ਮਾਈ ਗੁਰੂਜ਼ ਬਲੈਸਿੰਗਜ਼", ਦੂਜੇ ਨੂੰ "ਟੀਚਿੰਗ ਸਿੱਖ ਹੈਰੀਟੇਜ ਟੂ ਯੂਥ", ਤੀਜੇ ਨੂੰ "20 ਮਿੰਟ ਗਾਈਡ ਟੂ ਦ ਸਿੱਖ ਫੇਥ" ਤੇ ਚੌਥੇ ਨੂੰ "ਕਲੈਸ਼ ਆਫ ਕਲਚਰਜ਼" ਪੁਸਤਕ ਦਿੱਤੀ ਗਈ। ਇਨ੍ਹਾਂ ਵਿਚੋਂ ਉਨ੍ਹਾਂ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ ਭਾਸ਼ਨ ਨਾਲ ਦਿੱਤੇ।

1984 ਦੇ ਘੱਲੂਘਾਰੇ ਅਤੇ ਸਿੱਖਾਂ ਦੇ ਕਤਲੇਆਮ ਦੀ 40ਵੀ ਵਰ੍ਹੇਗੰਢ ਨੂੰ ਸਮਰਪਿਤ, ਪੰਜਵੇਂ ਗਰੁੱਪ ਦਾ ਵਿਸ਼ਾ, "1984 ਦਾ ਘੱਲੂਘਾਰਾ, ਉਸ ਤੋਂ ਬਾਦ ਦਾ ਸਿੱਖ ਸੰਘਰਸ਼, ਅਤੇ ਖਾਲਸਾ ਜੀ ਦੇ ਬੋਲ ਬਾਲੇ" ਰੱਖਿਆ ਗਿਆ ਸੀ। ਇਸ ਵਿਚ ਭਾਗ ਲੈਣ ਵਾਲੇ 16 ਤੋਂ 22 ਸਾਲਾਂ ਦੇ 12 ਨੌਜਵਾਨਾਂ ਨੇ ਵਿਸ਼ੇ ਸੰਬੰਧੀ ਡਿਬੇਟ ਵਿਚ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ। ਇਹ ਡਿਬੇਟ ਲਗਭਗ ਚਾਰ ਘੰਟੇ ਤੱਕ ਚੱਲੀ ਅਤੇ ਇਸ ਵਿਚ ਸ਼ੁਰੂਆਤੀ ਬਿਆਨ, ਪੁੱਛੇ ਗਏ ਪ੍ਰਸ਼ਨਾਂ ਅਤੇ ਜਵਾਬ ਦੇ ਨਾਲ ਸੰਬੰਧਤ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਅਤੇ ਸਮਾਪਤੀ ਦਾ ਬਿਆਨ ਸ਼ਾਮਲ ਸਨ। ਡਿਬੇਟ ਦੇ ਸੰਚਾਲਕ ਉਹ ਨੌਜਵਾਨ ਸਨ, ਜਿਹੜੇ ਪਹਿਲਾਂ ਇਨ੍ਹਾਂ ਮੁਕਾਬਲਿਆਂ 'ਚ ਸ਼ਾਮਲ ਹੁੰਦੇ ਰਹੇ ਸਨ ਅਤੇ ਹੁਣ ਉਹੀ ਇਨ੍ਹਾਂ ਸਮਾਗਮਾਂ 'ਚ ਵਲੰਟੀਅਰ ਕਰ ਰਹੇ ਹਨ।

ਇਨ੍ਹਾਂ ਸਾਲਾਨਾ ਫਾਈਨਲ ਮੁਕਾਬਲਿਆਂ 'ਚ ਪਹੁੰਚਣ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਨ ਲਈ ਸ਼ਾਮ ਦਾ ਇਕ ਵਿਸ਼ੇਸ਼ ਪ੍ਰੋਗਰਾਮ ਰੱਖਿਆ ਜਾਂਦਾ ਹੈ, ਜਿਸ ਵਿਚ ਸਾਰੇ ਬੁਲਾਰਿਆਂ ਦਾ ਸਨਮਾਨ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਬਾਰੇ ਆਏ ਹੋਏ ਮਹਿਮਾਨਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਪ੍ਰੋਗਰਾਮ ਦੌਰਾਨ 84 ਦੇ ਘੱਲੂਘਾਰੇ ਅਤੇ ਸਿੱਖਾਂ ਦੇ ਕਤਲੇਆਮ ਨੂੰ ਸਮਰਪਿਤ ਨਾਟਕ ਦੀ ਪੇਸ਼ਕਾਰੀ ਇਨ੍ਹੀਂ ਪ੍ਰਭਾਵਸ਼ਾਲੀ ਸੀ ਕਿ ਹਾਜ਼ਰ ਮਹਿਮਾਨਾਂ ਦੀਆਂ ਅੱਖਾਂ ਹੰਝੂਆਂ ਨਾਲ ਨਮ ਹੋ ਗਈਆਂ।




# ਭਾਜਪਾ ਵੱਲੋਂ ਰਾਜ ਸਭਾ ਉਪ ਚੋਣ ਲਈ 9 ਉਮੀਦਵਾਰਾਂ ਦਾ ਐਲਾਨ

**ਕੇਂਦਰੀ ਮੰਤਰੀ ਰਵਨੀਤ ਬਿੱਟੂ ਰਾਜਸਥਾਨ ਤੋਂ ਹੋਣਗੇ ਭਾਜਪਾ ਦੇ ਉਮੀਦਵਾਰ**

ਨਵੀਂ ਦਿੱਲੀ, (ਪੰਜਾਬ ਮੇਲ)- ਭਾਜਪਾ ਨੇ 3 ਸਤੰਬਰ ਨੂੰ ਹੋਣ ਵਾਲੀਆਂ ਰਾਜ ਸਭਾ ਉਪ ਚੋਣਾਂ ਲਈ 9 ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਰਾਜਸਥਾਨ ਤੋਂ ਅਤੇ ਜਾਰਜ ਕੁਰੀਅਨ ਨੂੰ ਮੱਧ ਪ੍ਰਦੇਸ਼ ਤੋਂ ਮੈਦਾਨ ਵਿਚ ਉਤਾਰਿਆ ਗਿਆ ਹੈ। ਪਾਰਟੀ ਨੇ ਉੜੀਸਾ ਤੋਂ ਬੀ.ਜੇ.ਡੀ. ਦੀ ਸਾਬਕਾ ਨੇਤਾ ਮਮਤਾ ਮੋਹੰਤਾ ਅਤੇ ਹਰਿਆਣਾ ਤੋਂ ਸਾਬਕਾ ਕਾਂਗਰਸੀ ਆਗੂ ਕਿਰਨ ਚੌਧਰੀ ਨੂੰ ਉਮੀਦਵਾਰ ਬਣਾਇਆ ਹੈ। ਇਹ ਦੋਵੇਂ ਆਗੂ ਹਾਲ ਹੀ ਵਿਚ ਭਾਜਪਾ ਵਿਚ ਸ਼ਾਮਲ ਹੋਏ ਹਨ। ਬਾਕੀ ਦੀ ਸੂਚੀ ਮੁਤਾਬਕ ਮਨਨ ਕੁਮਾਰ ਮਿਸ਼ਰਾ ਬਿਹਾਰ ਤੋਂ, ਧੈਰਿਆਸ਼ੀਲ ਪਾਟਿਲ ਨੂੰ ਮਹਾਰਾਸ਼ਟਰ ਤੋਂ ਅਤੇ ਰਾਜੀਬ ਭੱਟਾਚਾਰਜੀ ਨੂੰ ਤ੍ਰਿਪੁਰਾ ਤੋਂ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ।

ਪੰਜਾਬ ਯੂਥ ਕਾਂਗਰਸ ਤੋਂ ਆਪਣਾ ਸਫ਼ਰ ਸ਼ੁਰੂ ਕਰਨ ਵਾਲੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਰਵਨੀਤ ਸਿੰਘ ਬਿੱਟੂ ਵੀ ਕਾਂਗਰਸ ਦੀ ਟਿਕਟ 'ਤੇ ਤਿੰਨ ਵਾਰ ਸੰਸਦ ਮੈਂਬਰ ਰਹਿ ਚੁੱਕੇ ਹਨ। ਉਹ ਪਹਿਲਾਂ ਸ੍ਰੀ ਆਨੰਦਪੁਰ ਸਾਹਿਬ ਅਤੇ ਫਿਰ ਲੁਧਿਆਣਾ ਤੋਂ ਦੋ ਵਾਰ ਸੰਸਦ ਮੈਂਬਰ ਰਹੇ। 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਉਹ ਕਾਂਗਰਸ ਨੂੰ ਅਲਵਿਦਾ ਕਹਿ ਕੇ ਭਾਜਪਾ ਵਿਚ ਸ਼ਾਮਲ ਹੋ ਗਏ ਅਤੇ ਲੁਧਿਆਣਾ ਤੋਂ ਹੀ ਭਾਜਪਾ ਦੇ ਉਮੀਦਵਾਰ ਬਣੇ। ਉਹ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਤੋਂ ਹਾਰ ਗਏ ਸਨ। ਹਾਰ ਤੋਂ ਬਾਅਦ ਵੀ ਭਾਜਪਾ ਨੇ ਉਨ੍ਹਾਂ ਨੂੰ ਮੋਦੀ ਸਰਕਾਰ 'ਚ ਕੈਬਨਿਟ ਮੰਤਰੀ ਦਾ ਅਹੁਦਾ ਦੇ ਦਿੱਤਾ। ਸੂਤਰਾਂ ਦੀ ਮੰਨੀਏ ਤਾਂ ਇਸ ਤੋਂ ਪਹਿਲਾਂ ਰਵਨੀਤ ਸਿੰਘ ਬਿੱਟੂ ਨੂੰ ਹਰਿਆਣਾ ਤੋਂ ਰਾਜ ਸਭਾ ਭੇਜਣ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਇਹ ਸੀਟ ਵੀ ਦੀਪੇਂਦਰ ਹੁੱਡਾ ਦੇ ਲੋਕ ਸਭਾ ਚੋਣਾਂ ਜਿੱਤਣ ਤੋਂ ਬਾਅਦ ਖਾਲੀ ਹੋ ਗਈ ਸੀ, ਜਿਸ ਤੋਂ ਬਾਅਦ ਚਰਚਾ ਸੀ ਕਿ ਬਿੱਟੂ ਨੂੰ ਹਰਿਆਣਾ ਤੋਂ ਰਾਜ ਸਭਾ ਵਿਚ ਭੇਜਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਪਰ ਪੰਜਾਬ ਦਾ ਹਰਿਆਣਾ ਨਾਲ ਪਾਣੀਆਂ ਦਾ ਵਿਵਾਦ ਚੱਲ ਰਿਹਾ ਹੈ, ਜਿਸ ਕਾਰਨ ਬਿੱਟੂ ਪਾਣੀਆਂ ਦੇ ਮੁੱਦੇ 'ਤੇ ਪੰਜਾਬ ਵਿਰੁੱਧ ਨਹੀਂ ਬੋਲ ਸਕਦਾ। ਸੂਤਰਾਂ ਦਾ ਕਹਿਣਾ ਹੈ ਕਿ ਬਿੱਟੂ ਨੇ ਪਾਣੀਆਂ ਦੇ ਮੁੱਦੇ ਨੂੰ ਲੈ ਕੇ ਹਰਿਆਣਾ ਤੋਂ ਰਾਜ ਸਭਾ ਵਿਚ ਨਾ ਜਾਣ ਦੀ ਇੱਛਾ ਪ੍ਰਗਟਾਈ ਸੀ, ਜਿਸ ਨੂੰ ਭਾਜਪਾ ਹਾਈ ਕਮਾਂਡ ਨੇ ਵੀ ਸਵੀਕਾਰ ਕਰ ਲਿਆ। ਇਸ ਤੋਂ ਇਲਾਵਾ ਹਰਿਆਣਾ ਸੀਟ ਲਈ ਕਈ ਵੱਡੇ ਆਗੂ ਦਾਅਵੇਦਾਰ ਹਨ, ਜਿਸ ਤਰ੍ਹਾਂ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ, ਭਾਜਪਾ ਹਾਈ ਕਮਾਂਡ ਕਿਸੇ ਵੀ ਤਰ੍ਹਾਂ ਦਾ ਰਿਸਕ ਨਹੀਂ ਲੈਣਾ ਚਾਹੁੰਦੀ।

## ਇਮਰਾਨ ਖਾਨ ਨੇ ਆਕਸਫੋਰਡ ਯੂਨੀਵਰਸਿਟੀ ਚਾਂਸਲਰ ਦੀ ਚੋਣ ਲੜਨ ਲਈ ਦਿੱਤੀ ਅਰਜ਼ੀ

ਇਸਲਾਮਾਬਾਦ, (ਪੰਜਾਬ ਮੇਲ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਆਕਸਫੋਰਡ



ਯੂਨੀਵਰਸਿਟੀ ਦੇ ਚਾਂਸਲਰ ਦੇ ਅਹੁਦੇ ਲਈ ਚੋਣ ਲੜਨ ਲਈ ਅਰਜ਼ੀ ਦਿੱਤੀ ਹੈ। 'ਦਿ ਗਾਰਡੀਅਨ' ਨੇ ਖਾਨ ਦੇ ਸਲਾਹਕਾਰ ਸਈਦ ਜ਼ੁਲਫੀ ਬੁਖਾਰੀ ਦੇ ਹਵਾਲੇ ਨਾਲ ਇਹ ਖਬਰ ਦਿੱਤੀ। ਅਖ਼ਬਾਰ ਨੇ ਦੱਸਿਆ ਕਿ 71 ਸਾਲਾ ਖਾਨ ਨੇ 1970 ਦੇ ਦਹਾਕੇ ਵਿਚ ਕੇਬਲ ਕਾਲਜ, ਆਕਸਫੋਰਡ ਵਿਚ ਰਾਜਨੀਤੀ, ਦਰਸ਼ਨ ਅਤੇ ਅਰਥ ਸ਼ਾਸਤਰ ਦਾ ਅਧਿਐਨ ਕੀਤਾ, ਫਿਰ ਆਪਣੀ ਕ੍ਰਿਕਟ ਟੀਮ ਲਈ ਸਫਲਤਾਪੂਰਵਕ ਖੇਡਿਆ ਅਤੇ 2005 ਤੋਂ 2014 ਤੱਕ ਬ੍ਰੈਡਫੋਰਡ ਯੂਨੀਵਰਸਿਟੀ ਦੇ ਚਾਂਸਲਰ ਰਹੇ।

ਇਹ ਧਿਆਨਦੇਣ ਯੋਗ ਹੈ ਕਿ ਸਦੀਆਂ ਤੋਂ ਆਕਸਫੋਰਡ ਦੇ ਸਾਬਕਾ ਵਿਦਿਆਰਥੀ ਜਾਂ ਸਟਾਫ਼ ਯੂਨੀਵਰਸਿਟੀ ਵਿਚ ਵਿਅਕਤੀਗਤ ਤੌਰ 'ਤੇ ਹਾਜ਼ਰ ਹੋ ਕੇ ਰਸਮੀ ਚਾਂਸਲਰਸ਼ਿਪ ਲਈ ਆਪਣੀ ਉਮੀਦਵਾਰੀ ਪੇਸ਼ ਕਰਨ ਦੇ ਯੋਗ ਹੋਏ ਹਨ। ਖਾਨ, ਜੋ ਇਸ ਸਮੇਂ ਪਾਕਿਸਤਾਨ ਵਿਚ ਕੈਦ ਹਨ, ਨੂੰ ਨਾਮਜ਼ਦਗੀ ਅਤੇ ਵੋਟਿੰਗ ਨੂੰ ਆਨਲਾਈਨ ਕਰਨ ਦੀ ਆਗਿਆ ਦੇਣ ਵਾਲੇ ਨਵੇਂ ਨਿਯਮਾਂ ਦੁਆਰਾ ਮਦਦ ਕੀਤੀ ਗਈ ਹੈ। ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀਆਂ ਅਤੇ ਸਟਾਫ ਵਿਚੋਂ ਇੱਕ ਨਵੇਂ ਚਾਂਸਲਰ ਦੀ ਚੋਣ ਲਈ ਵੋਟਿੰਗ ਅਕਤੂਬਰ ਵਿਚ ਹੋਵੇਗੀ।

## ਬੰਗਲਾਦੇਸ਼ ਦੀ ਬੇਦਖਲ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਖ਼ਿਲਾਫ਼ ਸਮੂਹਿਕ ਹੱਤਿਆ ਦੇ ਦੋਸ਼ 'ਚ ਮਾਮਲਾ ਦਰਜ

ਢਾਕਾ, (ਪੰਜਾਬ ਮੇਲ)- ਬੰਗਲਾਦੇਸ਼ ਦੀ ਇਕ ਅਦਾਲਤ 'ਚ



ਐਤਵਾਰ ਨੂੰ ਬੇਦਖਲ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਅਤੇ 33 ਹੋਰਾਂ ਖ਼ਿਲਾਫ਼ ਕੇਸ ਦਰਜ ਕਰਨ ਲਈ ਅਰਜ਼ੀ ਦਾਖ਼ਲ ਕੀਤੀ ਗਈ, ਜਿਸ ਵਿਚ ਉਨ੍ਹਾਂ 'ਤੇ 2013 ਵਿਚ 'ਹਿਫਾਜ਼ਤ-ਏ-ਇਸਲਾਮ' ਵੱਲੋਂ ਆਯੋਜਿਤ ਰੈਲੀ ਵਿਚ ਅੰਨ੍ਹੇਵਾਹ ਗੋਲੀਬਾਰੀ ਕਰਕੇ ਸਮੂਹਿਕ ਕਤਲੇਆਮ ਕਰਨ ਦਾ ਦੋਸ਼ ਲਗਾਇਆ ਗਿਆ ਹੈ। 'ਢਾਕਾ ਟ੍ਰਿਬਿਊਨ' ਅਖ਼ਬਾਰ ਦੀ ਖ਼ਬਰ ਮੁਤਾਬਕ ਬੰਗਲਾਦੇਸ਼ ਪੀਪਲਜ਼ ਪਾਰਟੀ (ਬੀ.ਪੀ.ਪੀ.) ਦੇ ਪ੍ਰਧਾਨ ਬਾਬੁਲ ਸਰਦਾਰ ਚਕਰੀ ਨੇ ਢਾਕਾ ਮੈਟਰੋਪੋਲੀਟਨ ਮੈਜਿਸਟ੍ਰੇਟ ਦੀ ਅਦਾਲਤ ਵਿਚ ਪਟੀਸ਼ਨ ਦਾਇਰ ਕੀਤੀ ਹੈ। ਪਟੀਸ਼ਨ 'ਚ ਹਸੀਨਾ ਅਤੇ ਹੋਰਨਾਂ 'ਤੇ 5 ਮਈ 2013 ਨੂੰ ਮੋਤੀਝੀਲ ਦੇ ਸ਼ਾਪਲਾ ਛਤਰ 'ਚ ਰੈਲੀ ਦੌਰਾਨ 'ਸਮੂਹਿਕ ਕਤਲ' ਕਰਨ ਦਾ ਦੋਸ਼ ਲਗਾਇਆ ਗਿਆ ਹੈ। ਅਦਾਲਤ ਨੇ ਮੁਦਈ ਦਾ ਬਿਆਨ ਦਰਜ ਕੀਤਾ ਅਤੇ ਕਿਹਾ ਕਿ ਉਹ ਇਸ ਮੁੱਦੇ 'ਤੇ ਬਾਅਦ ਵਿੱਚ ਹੁਕਮ ਜਾਰੀ ਕਰੇਗੀ। ਰਿਜ਼ਰਵੇਸ਼ਨ ਵਿਰੋਧੀ ਅੰਦੋਲਨ ਦੇ ਹਿੰਸਕ ਹੋਣ ਤੋਂ ਬਾਅਦ ਹਸੀਨਾ ਨੇ 5 ਅਗਸਤ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਦੇਸ਼ ਛੱਡ ਕੇ ਭਾਰਤ ਆ ਗਈ। ਬੰਗਲਾਦੇਸ਼ ਵਿੱਚ ਹਸੀਨਾ 'ਤੇ ਹੁਣ 11 ਕੇਸ ਦਰਜ ਹਨ, ਜਿਨ੍ਹਾਂ ਵਿੱਚ ਕਤਲ ਦੇ ਅੱਠ ,ਅਗਵਾ ਦਾ ਇੱਕ , ਮਨੁੱਖਤਾ ਵਿਰੁੱਧ ਅਪਰਾਧ ਅਤੇ ਨਸਲਕੁਸ਼ੀ ਦੇ ਦੋ ਮਾਮਲੇ ਸ਼ਾਮਲ ਹਨ।

## ਪੰਜਾਬ 'ਚ ਜ਼ਿਮਨੀ ਚੋਣਾਂ ਟਲਣ ਮਗਰੋਂ 'ਆਪ' ਨੂੰ ਸੁੱਖ ਦਾ ਸਾਹ ਆਇਆ

ਚੰਡੀਗੜ੍ਹ, (ਪੰਜਾਬ ਮੇਲ)- ਭਾਰਤੀ ਚੋਣ ਕਮਿਸ਼ਨ ਨੇ ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣ ਕਰਾਏ ਜਾਣ ਨੂੰ ਫ਼ਿਲਹਾਲ ਟਾਲ ਦਿੱਤਾ ਹੈ, ਜਿਸ ਕਾਰਨ 'ਆਪ' ਸਰਕਾਰ ਨੇ ਸੁੱਖ ਦਾ ਸਾਹ ਲਿਆ ਹੈ। ਚੋਣ ਕਮਿਸ਼ਨ ਦੀ ਪ੍ਰੈੱਸ ਕਾਨਫ਼ਰੰਸ ਦੌਰਾਨ ਪੰਜਾਬ ਸਰਕਾਰ 'ਚ ਹਫ਼ੜਾ-ਦਫ਼ੜੀ ਮੱਚ ਗਈ ਸੀ। ਸਰਕਾਰ ਨੇ ਚਾਰ ਸੀਟਾਂ 'ਤੇ ਜ਼ਿਮਨੀ ਚੋਣਾਂ ਦੇ ਐਲਾਨ ਦੇ ਡਰੋਂ ਹੱਥੋਂ ਹੱਥ ਅਧਿਕਾਰੀਆਂ ਦੇ ਤਬਾਦਲੇ ਕਰ ਦਿੱਤੇ ਸਨ। ਉਮੀਦ ਕੀਤੀ ਜਾ ਰਹੀ ਸੀ ਕਿ ਭਾਰਤੀ ਚੋਣ ਕਮਿਸ਼ਨ ਹਰਿਆਣਾ ਚੋਣਾਂ ਦੇ ਨਾਲ ਹੀ ਪੰਜਾਬ ਦੀਆਂ ਚਾਰੇ ਸੀਟਾਂ 'ਤੇ ਜ਼ਿਮਨੀ ਚੋਣ ਵੀ ਕਰਾਏਗਾ। ਚੋਣ ਕਮਿਸ਼ਨ ਨੇ ਕਿਹਾ ਹੈ ਕਿ ਹਰਿਆਣਾ ਅਤੇ ਜੰਮੂ ਕਸ਼ਮੀਰ ਵਿਧਾਨ ਸਭਾ ਦੀਆਂ ਚੋਣਾਂ ਮਗਰੋਂ ਦੇਸ਼ ਭਰ ਵਿਚ 47 ਸੀਟਾਂ 'ਤੇ ਉਪ ਚੋਣ ਕਰਾਈ ਜਾਵੇਗੀ। ਪੰਜਾਬ 'ਚ ਚਾਰ ਸੀਟਾਂ 'ਤੇ ਜ਼ਿਮਨੀ ਚੋਣਾਂ ਦਾ ਐਲਾਨ ਟਲਣ ਨਾਲ ਹੁਣ ਸੂਬਾ ਸਰਕਾਰ ਦੇ ਹੱਥ ਇੱਕ ਮੌਕਾ ਲੱਗ ਗਿਆ ਹੈ। ਪੰਜਾਬ ਵਿਚ ਜ਼ਿਮਨੀ ਚੋਣਾਂ 'ਚ ਜਾਣ ਤੋਂ ਪਹਿਲਾਂ ਸੂਬਾ ਸਰਕਾਰ ਹਲਕਾ ਗਿੱਦੜਬਾਹਾ, ਬਰਨਾਲਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਵਿਚ ਵਿਕਾਸ ਕੰਮ ਕਰਾਉਣਾ ਚਾਹੁੰਦੀ ਹੈ। ਦੱਸਣਯੋਗ ਹੈ ਕਿ ਸੰਸਦ ਮੈਂਬਰ ਚੁਣੇ ਜਾਣ ਮਗਰੋਂ ਉਪਰੋਕਤ ਚਾਰ ਸੀਟਾਂ ਖ਼ਾਲੀ ਹੋਈਆਂ ਹਨ। ਹੁਣ ਇਨ੍ਹਾਂ ਸੀਟਾਂ ਤੋਂ ਟਿਕਟ ਲੈਣ ਵਾਸਤੇ ਵੀ ਚਾਹਵਾਨਾਂ ਨੇ ਜੋੜ ਤੋੜ ਲਾਉਣੇ ਸ਼ੁਰੂ ਕਰ ਦਿੱਤੇ ਹਨ। 'ਆਪ' ਲੀਡਰਸ਼ਿਪ ਦਾ ਕਹਿਣਾ ਹੈ ਕਿ ਪਾਰਟੀ ਵਿਚੋਂ ਹੀ ਸੀਨੀਅਰ ਆਗੂਆਂ ਨੂੰ ਟਿਕਟ ਦੇਣ ਨੂੰ ਤਰਜੀਹ ਦਿੱਤੀ ਜਾਵੇਗੀ।

## ਦਿੱਲੀ ਅਦਾਲਤ ਨੇ ਕੇਜਰੀਵਾਲ ਦੀ ਨਿਆਂਇਕ ਹਿਰਾਸਤ 27 ਅਗਸਤ ਤੱਕ ਵਧਾਈ

ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਦੀ ਇੱਕ ਅਦਾਲਤ ਨੇ ਸੀ.ਬੀ.ਆਈ. ਵੱਲੋਂ ਦਰਜ ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਵਿਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਨਿਆਂਇਕ ਹਿਰਾਸਤ ਦੀ ਮਿਆਦ 27 ਅਗਸਤ ਤੱਕ ਵਧਾ ਦਿੱਤੀ ਹੈ। ਕਥਿਤ ਆਬਕਾਰੀ ਘੁਟਾਲੇ ਦੇ ਸਬੰਧ ਵਿਚ



ਆਮ ਆਦਮੀ ਪਾਰਟੀ ਦੇ ਆਗੂ ਨੂੰ ਪਹਿਲਾਂ ਦਿੱਤੀ ਗਈ ਨਿਆਂਇਕ ਹਿਰਾਸਤ ਦੀ ਮਿਆਦ ਖਤਮ ਹੋਣ 'ਤੇ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿਸ 'ਤੇ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਕੇਜਰੀਵਾਲ ਦੀ ਹਿਰਾਸਤ ਵਿਚ ਵਾਧਾ ਕਰ ਦਿੱਤਾ।




# ਕੈਨੇਡਾ ’ਚ ਸੜਕ ਹਾਦਸੇ ਦੌਰਾਨ ਭਾਰਤੀ ਵਿਦਿਆਰਥਣ ਦੀ ਮੌਤ

**ਬਰੈਂਪਟਨ, (ਪੰਜਾਬ ਮੇਲ)-** ਕੈਨੇਡਾ ਦੇ ਪੈਰੀ ਸਾਊਂਡ ਇਲਾਕੇ ਵਿਚ ਹਾਈਵੇਅ 400 ’ਤੇ ਵਾਪਰੇ ਦਰਦਨਾਕ ਸੜਕ ਹਾਦਸੇ ਦੌਰਾਨ ਭਾਰਤੀ ਵਿਦਿਆਰਥਣ ਦੀ ਮੌਤ ਹੋ ਗਈ। ਸਟੱਡੀ ਵੀਜ਼ਾ ’ਤੇ ਕੈਨੇਡਾ ਆਈ ਮੁਸਕਾਨ ਬੱਤਰਾ ਆਪਣੇ ਦੋਸਤਾਂ ਨਾਲ ਰੱਖੜੀ ਦਾ ਤਿਉਹਾਰ ਮਨਾਉਣ ਬਰੈਂਪਟਨ ਆ ਰਹੀ ਸੀ, ਜਦੋਂ ਹਾਦਸਾ ਵਾਪਰ ਗਿਆ। ਓਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਨੇ ਦੱਸਿਆ ਕਿ ਹਾਦਸੇ ਦੌਰਾਨ ਇਕ ਹੋਰ ਸ਼ਖਸ ਗੰਭੀਰ ਜ਼ਖਮੀ ਹੋ ਗਿਆ, ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਮੁਸਕਾਨ ਬੱਤਰਾ ਦੀ ਗੱਡੀ ਬੇਕਾਬੂ ਹੋ ਕੇ ਪਲਟ ਗਈ। ਫਿਲਹਾਲ ਪੁਲਿਸ ਵੱਲੋਂ ਹਾਦਸੇ ਦੇ ਕਾਰਨਾਂ ਦੀ ਪੜਤਾਲ ਕੀਤੀ ਜਾ ਰਹੀ ਹੈ। ਉਧਰ ਚਿਤਵਨ ਅਰੋੜਾ ਵੱਲੋਂ ਸਥਾਪਤ ਗੋਫੰਡਮੀ ਪੇਜ ਮੁਤਾਬਕ ਮੁਸਕਾਨ ਦੇ ਮਾਪਿਆਂ ਨੇ ਕਰਜ਼ਾ ਲੈ ਕੇ ਉਸ ਨੂੰ ਕੈਨੇਡਾ ਭੇਜਿਆ। ਮੁਸਕਾਨ ਦੇ ਮਾਪਿਆਂ ਨੂੰ ਜਦੋਂ ਤ੍ਰਾਸਦੀ ਬਾਰੇ ਦੱਸਿਆ ਗਿਆ ਤਾਂ ਉਨ੍ਹਾਂ ਨੂੰ ਪਹਿਲੀ ਵਾਰ ਯਕੀਨ ਹੀ ਨਾ ਹੋਇਆ। ਗੋਫੰਡਮੀ ਪੇਜ

**■ ਪਿਛਲੇ ਦਿਨੀਂ ਅਮਰੀਕਾ ਤੇ ਕੈਨੇਡਾ ਵਿਖੇ ਸੜਕ ਹਾਦਸਿਆਂ ਦੌਰਾਨ ਕਈ ਭਾਰਤੀ ਨੌਜਵਾਨਾਂ ਦੀ ਮੌਤ**



ਰਾਹੀਂ ਮੁਸਕਾਨ ਬੱਤਰਾ ਦੇ ਮਾਪਿਆਂ ਦੀ ਮਦਦ ਕਰਨ ਦੀ ਗੁਜ਼ਾਰਿਸ਼ ਕੀਤੀ ਗਈ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ ਦਿਨੀਂ ਕੈਨੇਡਾ ਅਤੇ ਅਮਰੀਕਾ ਵਿਚ ਸੜਕ ਹਾਦਸਿਆਂ ਦੌਰਾਨ ਕਈ ਭਾਰਤੀ ਨੌਜਵਾਨਾਂ ਦੀ ਜਾਨ ਗਈ। 9 ਅਗਸਤ ਨੂੰ ਅਮਰੀਕਾ ਦੇ ਐਰੀਜ਼ੋਨਾ ਸੂਬੇ ਵਿਚ ਵਾਪਰੇ ਟਰੱਕ ਹਾਦਸੇ ਦੌਰਾਨ ਤੇਜਬੀਰ ਸਿੰਘ ਬਾਠ ਦਮ ਤੋੜ ਗਿਆ, ਜੋ ਸਿਰਫ਼ ਦੋ ਸਾਲ ਪਹਿਲਾਂ ਹੀ ਕੈਨੇਡਾ ਪੁੱਜਾ ਸੀ ਅਤੇ ਟਰੱਕਿੰਗ ਸੈਕਟਰ ਵੱਲ ਚਲਾ ਗਿਆ। ਇਸ ਤੋਂ ਇਲਾਵਾ ਦੋ ਦਿਨ ਪਹਿਲਾਂ ਫਰਿਜ਼ਨੋ ਸ਼ਹਿਰ ਵਿਚ ਰਹਿੰਦੇ 19 ਸਾਲ ਦੀ ਵਿਸ਼ਵਦੀਪ ਸਿੰਘ ਦੀ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਫਰਿਜ਼ਨੋ ਕਾਊਂਟੀ ਵਿਚ ਹਾਈਵੇਅ 180 ’ਤੇ ਵਾਪਰੇ ਹਾਦਸੇ ਦੌਰਾਨ ਵਿਸ਼ਵਦੀਪ ਸਿੰਘ ਆਪਣੇ ਦੋ ਸਾਥੀਆਂ ਨਾਲ ਗੱਡੀ ਵਿਚ ਜਾ ਰਿਹਾ ਸੀ, ਜਦੋਂ ਇਕ ਮੋੜ ਮੁੜਦਿਆਂ ਸਾਹਮਣੇ ਤੋਂ ਆ ਰਹੀ ਗੱਡੀ ਨੇ ਟੱਕਰ ਮਾਰ ਦਿੱਤੀ। 19 ਸਾਲ ਦੇ ਵਿਸ਼ਵਦੀਪ ਸਿੰਘ ਦੀ ਮੌਕੇ ’ਤੇ ਹੀ ਮੌਤ ਹੋ ਗਈ, ਜਦਕਿ ਉਸ ਦੇ ਦੋ ਸਾਥੀ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਦੂਜੇ ਪਾਸੇ ਬੀ.ਸੀ. ਦੇ ਸਰੀ ਵਿਖੇ ਦਿਲ ਦਾ ਦੌਰਾ ਪੈਣ ਕਾਰਨ ਮਨਵਿੰਦਰ ਸਿੰਘ ਦਮ ਤੋੜ ਗਿਆ, ਜੋ ਸਿਰਫ 8 ਮਹੀਨੇ ਪਹਿਲਾਂ ਹੀ ਕੈਨੇਡਾ ਪੁੱਜਾ ਸੀ। ਮਨਵਿੰਦਰ ਸਿੰਘ ਦੀ ਭੈਣ ਚਮਨਦੀਪ ਕੌਰ ਨੇ ਗੋਫੰਡਮੀ ਪੇਜ ਸਥਾਪਤ ਕਰਦਿਆਂ ਦੱਸਿਆ, ਪੰਜ ਮਹੀਨੇ ਪਹਿਲਾਂ ਉਨ੍ਹਾਂ ਦੇ ਪਿਤਾ ਇਸ ਦੁਨੀਆਂ ਤੋਂ ਚਲੇ ਗਏ ਅਤੇ ਹੁਣ ਭਰਾ ਨੇ ਵੀ ਸਦੀਵੀ ਵਿਛੋੜਾ ਦੇ ਦਿੱਤਾ। ਮਨਵਿੰਦਰ ਸਿੰਘ ਦੀ ਦੇਹ ਪੰਜਾਬ ਭੇਜਣ ਲਈ ਆਰਥਿਕ ਸਹਾਇਤਾ ਦੀ ਅਪੀਲ ਕੀਤੀ ਗਈ ਹੈ।

# ਕੈਨੇਡਾ ’ਚ ਵਿਦੇਸ਼ੀ ਕਾਮਿਆਂ ਦੀ ਦੁਰਗਤੀ ਬਾਰੇ ਸੰਯੁਕਤ ਰਾਸ਼ਟਰ ਚਿੰਤਤ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਵਿਚ ਵਰਕ ਪਰਮਿਟ ਨਾਲ ਨੌਕਰੀਆਂ ਕਰਨ ਅਤੇ ਪੱਕੇ ਹੋਣ ਦੀ ਤਾਂਘ ਵੱਡੀ ਗਿਣਤੀ ਵਿਦੇਸ਼ੀਆਂ ਦੇ ਮਨਾਂ ਵਿਚ ਰਹਿੰਦੀ ਹੈ, ਪਰ ਓਥੇ ਕਾਰੋਬਾਰਾਂ ਵਿਚ ਕਾਮਿਆਂ ਦੇ ਸ਼ੋਸ਼ਣ ਅਤੇ ਗ਼ੁਲਾਮੀ ਕਰਵਾਉਣ ਜਿਹੇ ਹਾਲਾਤ ਬਾਰੇ ਸੰਯੁਕਤ ਰਾਸ਼ਟਰ (ਯੂ.ਐੱਨ.ਓ.) ਦੀ ਇਕ ਰਿਪੋਰਟ ਵਿਚ ਗੰਭੀਰ ਚਿੰਤਾ ਪ੍ਰਗਟਾਈ ਗਈ ਹ। ਯੂ.ਐੱਨ.ਓ. ਕੂਟਨੀਤਕ ਟਮੋਯਾ ਓਬੋਕਾਤਾ ਦੀ ਰਿਪੋਰਟ ਵਿਚ ਕੈਨੇਡਾ ਸਰਕਾਰ ਦੀ ਅਣਗਹਿਲੀ ਅਤੇ ਕਾਰੋਬਾਰਾਂ ਦੇ ਮਾਲਕਾਂ ਦੀ ਬੇਈਮਾਨੀ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਭਾਵੇਂ ਕਿ ਇਹ ਰਿਪੋਰਟ ਕਾਰੋਬਾਰੀਆਂ ਵੱਲੋਂ ਕਾਨੂੰਨੀ ਮਾਹਿਰਾਂ ਨਾਲ ਰਲ-ਮਿਲ ਕੇ ਵਿਦੇਸ਼ੀ ਕਾਮਿਆਂ ਨੂੰ ਵਰਕ ਪਰਮਿਟ ਵਾਸਤੇ ਲੋੜੀਂਦਾ ਕਾਗਜ਼, ਲੇਬਰ ਮਾਰਕੀਟ ਇੰਪੈਕਟ ਅਸੈੱਸਮੈਂਟ (ਐੱਲ.ਐੱਮ.ਆਈ.ਏ.) ਵੇਚੇ ਜਾਣ ਬਾਰੇ ਚੁੱਪ ਹੈ, ਪਰ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕਾਮਿਆਂ ਦੇ ਹੱਕਾਂ ਦੀ ਰਾਖੀ ਲਈ ਸਰਕਾਰ ਨੂੰ ਨੀਤੀਆਂ ਵਿਚ ਸੁਧਾਰ ਕਰਨ ਦੀ ਸਖ਼ਤ ਜ਼ਰੂਰਤ ਹੈ। ਯੂ.ਐੱਨ.ਓ. ਦੂਤ ਦੀ ਰਿਪੋਰਟ ਵਿਚ ਦਰਜ ਹੈ ਕਿ ਕੈਨੇਡਾ ਦੇ ਟੈਂਪਰੇਰੀ ਫੋਰਨ ਵਰਕਰਜ਼ ਪ੍ਰੋਗਰਾਮ ਤਹਿਤ ਕੰਮ ਕਰਨ ਵਾਲੇ ਕਾਮਿਆਂ ਨੂੰ ਬਹੁਤ ਖਸਤਾ ਹਾਲਤ ਵਿਚ ਰਹਿਣਾ ਪੈਂਦਾ ਹੈ। ਵਿਸ਼ੇਸ਼ ਤੌਰ ’ਤੇ ਮਕਾਨ ਉਸਾਰੀ ਅਤੇ ਖੇਤੀਬਾੜੀ ਦੇ ਸੈਕਟਰਾਂ ਵਿਚ ਅਕਸਰ ਇਕ ਕਮਰੇ ਵਿਚ ਢਾਈ ਦਰਜਨ ਦੇ ਕਰੀਬ ਮਜ਼ਦੂਰ ਰੱਖੇ ਜਾਣ ਬਾਰੇ ਖ਼ਬਰਾਂ ਮਿਲਦੀਆਂ ਹਨ। ਇਹ ਵੀ ਕਿ ਕਾਮਿਆਂ ਦੀ ਹਾਲਤ ਦਾ ਫਾਇਦਾ ਉਨ੍ਹਾਂ ਨੂੰ ਘੱਟ ਤਨਖਾਹਾਂ ਦੇ ਕੇ ਚੁੱਕਿਆ ਜਾਂਦਾ ਹੈ।

# ਮੈਡੀਕਲ ਦੀ ਪੜ੍ਹਾਈ ਲਈ ਐੱਨ.ਆਰ.ਆਈ. ਕੋਟੇ ’ਚ ਸੋਧ

**ਫ਼ਰੀਦਕੋਟ, (ਪੰਜਾਬ ਮੇਲ)-** ਬਾਬਾ ਫ਼ਰੀਦ ਮੈਡੀਕਲ ਯੂਨੀਵਰਸਿਟੀ ਨੇ ਆਪਣੇ ਅਧੀਨ ਚੱਲਦੇ ਦਰਜਨਾਂ ਮੈਡੀਕਲ ਕਾਲਜਾਂ ਨੂੰ ਵੱਡੀ ਰਾਹਤ ਦਿੰਦਿਆਂ ਐੱਨ.ਆਰ.ਆਈ. ਕੋਟੇ ਵਿਚ ਸੋਧ ਕਰ ਦਿੱਤੀ ਹੈ। ਪਹਿਲਾਂ ਐੱਨ.ਆਰ.ਆਈ. ਵਿਦਿਆਰਥੀਆਂ ਲਈ 15 ਫੀਸਦੀ ਕੋਟਾ ਰੱਖਿਆ ਗਿਆ ਸੀ ਅਤੇ ਪ੍ਰਵਾਸੀ ਪੰਜਾਬੀ ਇੱਥੇ ਆ ਕੇ ਮੈਡੀਕਲ ਸਿੱਖਿਆ ਦੀ ਪੜ੍ਹਾਈ ਕਰ ਸਕਦੇ ਸਨ ਪਰ ਕਿਸੇ ਵੀ ਐੱਨ.ਆਰ.ਆਈ. ਵਿਦਿਆਰਥੀ ਨੇ ਪੰਜਾਬ ਵਿਚ ਪੜ੍ਹਨ ਨੂੰ ਪਹਿਲ ਨਹੀਂ ਦਿੱਤੀ, ਜਿਸ ਕਰਕੇ ਪਿਛਲੇ ਸਾਲ ਐੱਮ.ਡੀ. ਦੀਆਂ 12 ਸੀਟਾਂ ਖਾਲੀ ਰਹਿ ਗਈਆਂ ਸਨ। ਬਾਬਾ ਫ਼ਰੀਦ ਯੂਨੀਵਰਸਿਟੀ ਨੇ ਨੋਟੀਫਿਕੇਸ਼ਨ ਜਾਰੀ ਕਰਕੇ ਸਪੱਸ਼ਟ ਕੀਤਾ ਹੈ ਕਿ ਹੁਣ ਐੱਨ.ਆਰ.ਆਈ. ਪੰਜਾਬੀ ਆਪਣੇ



ਪੰਜਾਬ ’ਚ ਰਹਿੰਦੇ ਰਿਸ਼ਤੇਦਾਰਾਂ ਨੂੰ ਐੱਮ.ਡੀ., ਐੱਮ.ਬੀ.ਬੀ.ਐੱਸ. ਅਤੇ ਬੀ.ਡੀ.ਐੱਸ. ਦੀ ਪੜ੍ਹਾਈ ਲਈ ਸਿਫਾਰਿਸ਼ ਵੀ ਕਰ ਸਕਦਾ ਹੈ ਅਤੇ ਇਸ ਸਿਫਾਰਿਸ਼ ’ਤੇ ਐੱਨ.ਆਰ.ਆਈ. ਦੇ ਪੰਜਾਬ ਰਹਿੰਦੇ ਰਿਸ਼ਤੇਦਾਰ ਨੂੰ ਵੀ ਮੈਡੀਕਲ ਪੜ੍ਹਾਈ ਲਈ ਦਾਖ਼ਲਾ ਮਿਲ ਜਾਵੇਗਾ ਪਰੰਤੂ ਉਸ ਨੂੰ ਫੀਸ ਐੱਨ.ਆਰ.ਆਈ. ਕੋਟੇ ਵਾਲੀ ਹੀ ਦੇਣੀ ਪਵੇਗੀ। ਯੂਨੀਵਰਸਿਟੀ ਦੇ ਇਸ ਫੈਸਲੇ ਨਾਲ ਪੰਜਾਬ ਦੇ ਕਰੀਬ ਛੇ ਨਿੱਜੀ ਮੈਡੀਕਲ ਕਾਲਜਾਂ ਨੂੰ ਵੱਡੀ ਰਾਹਤ ਮਿਲੀ ਹੈ ਕਿਉਂਕਿ ਉਨ੍ਹਾਂ ਕੋਲ ਐੱਨ.ਆਰ.ਆਈ. ਵਿਦਿਆਰਥੀਆਂ ਨੂੰ ਬੀ.ਡੀ.ਐੱਸ., ਐੱਮ.ਬੀ.ਬੀ.ਐੱਸ. ਅਤੇ ਐੱਮ.ਡੀ. ਵਿਚ ਦਾਖਲਾ ਦੇਣ ਲਈ ਕੋਟਾ ਸੀ ਪਰੰਤੂ ਵਿਦਿਆਰਥੀ ਨਾ ਆਉਣ ਕਾਰਨ ਉਨ੍ਹਾਂ ਦੀਆਂ ਸੀਟਾਂ ਖਾਲੀ ਰਹਿ ਜਾਂਦੀਆਂ ਸੀ ਪਰੰਤੂ ਹੁਣ ਇਹ ਕੋਟਾ ਪੰਜਾਬ ਰਹਿੰਦੇ ਰਿਸ਼ਤੇਦਾਰਾਂ ਨੂੰ ਅਲਾਟ ਹੋਣ ਕਰਕੇ ਉਹ ਇੱਥੇ ਦਾਖ਼ਲਾ ਲੈ ਸਕਣਗੇ। ਐੱਮ.ਬੀ.ਬੀ.ਐੱਸ., ਬੀ.ਡੀ.ਐੱਸ. ਅਤੇ ਐੱਮ.ਡੀ. ਲਈ ਐੱਨ.ਆਰ.ਆਈ. ਕੋਟੇ ਲਈ 1 ਕਰੋੜ 10 ਲੱਖ ਰੁਪਏ ਫੀਸ ਨਿਰਧਾਰਿਤ ਹੈ, ਜਦੋਂਕਿ ਸਥਾਨਕ ਵਿਦਿਆਰਥੀਆਂ ਲਈ ਇਹ ਫੀਸ ਸਿਰਫ 58 ਲੱਖ ਰੁਪਏ ਹੈ। ਬਾਬਾ ਫ਼ਰੀਦ ਮੈਡੀਕਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਰਜੀਵ ਸੂਦ ਨੇ ਕਿਹਾ ਕਿ ਪ੍ਰਵਾਸੀ ਪੰਜਾਬੀ ਹੁਣ ਆਪਣੇ ਰਿਸ਼ਤੇਦਾਰਾਂ ਨੂੰ ਮੈਡੀਕਲ ਪੜ੍ਹਾਈ ਲਈ ਸਿਫਾਰਿਸ਼ ਕਰ ਸਕਦੇ ਹਨ ਅਤੇ ਇਸ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕਰ ਦਿੱਤੇ ਹਨ।

# ਬ੍ਰਿਟਿਸ਼ ਕੋਲੰਬੀਆ ’ਚ ਨਸ਼ੇ ਤਿਆਰ ਕਰਨ ਵਾਲੀ ‘ਸੁਪਰਲੈਬ’ ਦਾ ਪਰਦਾਫਾਸ਼

**ਵਿਨੀਪੈਗ, (ਪੰਜਾਬ ਮੇਲ)-** ਕੈਨੇਡਾ ਪੁਲਿਸ ਨੇ ਬ੍ਰਿਟਿਸ਼ ਕੋਲੰਬੀਆ ਵਿਚ ਨਸ਼ੇ ਤਿਆਰ ਕਰਨ ਵਾਲੀ ਇਕ ‘ਸੁਪਰਲੈਬ’ ਦਾ ਪਰਦਾਫਾਸ਼ ਕਰਦਿਆਂ ਬਲਵਿੰਦਰ ਜੌਹਲ ਸਣੇ ਪੰਜ ਮਸ਼ਕੂਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੈਸੇਫਿਕ ਰਿਜਨ ਫੈਡਰਲ ਪੁਲੀਸਿੰਗ ਪ੍ਰੋਗਰਾਮ ਦੀ ਗੁਪਤ ਪ੍ਰਯੋਗਸ਼ਾਲਾ ਐਨਫੋਰਸਮੈਂਟ ਐਂਡ ਰਿਸਪਾਂਸ (ਕਲੀਅਰ) ਟੀਮ ਵੱਲੋਂ ਕੀਤੀ ਗਈ ਬਹੁ-ਖੇਤਰੀ ਜਾਂਚ ਦੇ ਨਤੀਜੇ ਵਜੋਂ ਮੁਲਜ਼ਮਾਂ ਦੀਆਂ ਚਾਰ ਜਾਇਦਾਦਾਂ ਦੀ ਤਲਾਸ਼ੀ ਲਈ ਗਈ ਤੇ ਇਸ ਦੌਰਾਨ ਇੱਕ ਵੱਡੀ ਆਧੁਨਿਕ ਸਿੰਥੈਟਿਕ ਡਰੱਗ ਲੈਬ ਦਾ ਪਤਾ ਲੱਗਾ, ਜਿਸ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਕੈਨੇਡੀਅਨ ਪੁਲਿਸ ਨੇ ਦੱਸਿਆ ਕਿ 49 ਕਿਲੋ ਐੱਮ.ਡੀ.ਐੱਮ.ਏ ਅਤੇ ਭਾਰੀ ਮਾਤਰਾ ਵਿਚ ਰਸਾਇਣ ਬਰਾਮਦ ਕੀਤੇ ਗਏ, ਜਿਨ੍ਹਾਂ ਰਾਹੀਂ 80 ਕਿਲੋ ਨਸ਼ੀਲਾ ਪਦਾਰਥ ਤਿਆਰ ਕੀਤਾ ਜਾ ਸਕਦਾ ਹੈ। ਉਪਰੋਕਤ ਪ੍ਰੋਗਰਾਮ ਅਧੀਨ 2022 ਵਿਚ ਪੜਤਾਲ ਆਰੰਭੀ ਗਈ ਅਤੇ ਕੁਝ ਮਹੀਨੇ ਬਾਅਦ ਮੈਪਲ ਰਿਜ ਅਤੇ ਕੌਕੁਇਟਲੈਮ ਵਿਚ ਚਾਰ ਟਿਕਾਣਿਆਂ ’ਤੇ ਛਾਪੇ ਮਾਰੇ ਗਏ। ਛਾਪਿਆਂ ਦੌਰਾਨ ਇਸ ਆਧੁਨਿਕ ਲੈਬ ਬਾਰੇ ਪਤਾ ਲੱਗਾ, ਜਿੱਥੇ ਵੱਡੀ ਮਿਕਦਾਰ ਵਿਚ ਐੱਮ.ਡੀ.ਐੱਮ.ਏ. ਤਿਆਰ ਕੀਤਾ ਜਾ ਸਕਦਾ ਸੀ। ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਵਿਚ ਸੀਰੀਅਸ ਐਂਡ ਆਰਗੇਨਾਈਜ਼ਡ ਕ੍ਰਾਈਮ ਸੈਕਸ਼ਨ ਦੇ ਸਾਰਜੈਂਟ ਸ਼ੌਨ ਮੈਕਨੀ ਨੇ ਦੱਸਿਆ ਕਿ ਅਜਿਹੀਆਂ ਲੈਬਜ਼ ਰਾਹੀਂ ਵੱਡੇ ਪੱਧਰ ’ਤੇ ਨਸ਼ੇ ਤਿਆਰ ਕਰ ਕੇ ਅਪਰਾਧਕ ਗਰੋਹਾਂ ਵੱਲੋਂ ਮੋਟੀ ਕਮਾਈ ਕੀਤੀ ਜਾ ਸਕਦੀ ਹੈ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੇ ਜਾਲ ’ਚ ਫਸਾਇਆ ਜਾ ਸਕਦਾ ਹੈ। ਪੁਲਿਸ ਨੇ ਮੌਕੇ ਤੋਂ ਨਸ਼ੀਲੇ ਪਦਾਰਥ ਅਤੇ ਰਸਾਇਣ ਤੋਂ ਇਲਾਵਾ 51 ਹਜ਼ਾਰ ਡਾਲਰ ਦੀ ਨਗ਼ਦੀ, ਇਕ ਮਰਸਿਡੀਜ਼ ਬੈਂਜ਼ ਜੀ-ਕਲਾਸ ਅਤੇ ਇਕ ਟੈਸਲਾ 3 ਗੱਡੀ ਬਰਾਮਦ ਕੀਤੀ ਹੈ।






# ਸੁਖਬੀਰ ਨੂੰ ਪ੍ਰਧਾਨਗੀ ਤੋਂ ਲਾਂਭੇ ਕਰਨ ਲਈ ਮੁੜ ਅਕਾਲ ਤਖ਼ਤ ਪੁੱਜਿਆ ਬਾਗ਼ੀ ਧੜਾ

## ■ ਅਕਾਲੀ ਦਲ ਦੇ ਬਾਗ਼ੀ ਧੜੇ ਨਾਲ ਜੁੜੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਜਥੇਦਾਰ ਨੂੰ ਸੌਂਪਿਆ ਮੰਗ ਪੱਤਰ



ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਮੰਗ ਪੱਤਰ ਸੌਂਪਦੇ ਹੋਏ ਸ਼੍ਰੋਮਣੀ ਕਮੇਟੀ ਮੈਂਬਰ ਤੇ ਹੋਰ ਆਗੂ।

**ਅੰਮ੍ਰਿਤਸਰ, (ਪੰਜਾਬ ਮੇਲ)**- ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਨਾਲ ਸਬੰਧਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਤੇ ਪੰਥਕ ਆਗੂਆਂ ਨੇ ਇਥੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਮੰਗ-ਪੱਤਰ ਸੌਂਪ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ’ਤੇ ਕਈ ਬੱਜਰ ਗੁਨਾਹ ਕਰਨ ਦਾ ਦੋਸ਼ ਲਾਇਆ ਤੇ ਉਨ੍ਹਾਂ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਲਾਂਭੇ ਕਰਨ ਦੀ ਮੰਗ ਕੀਤੀ।

ਅਕਾਲ ਤਖ਼ਤ ਸਕੱਤਰੇਤ ’ਤੇ ਜਥੇਦਾਰ ਨੂੰ ਮੰਗ ਪੱਤਰ ਸੌਂਪਣ ਵਾਲਿਆਂ ’ਚ ਭਾਈ ਮਨਜੀਤ ਸਿੰਘ, ਕਰਨੈਲ ਸਿੰਘ ਪੰਜੋਲੀ, ਨਿਰਵੈਲ ਸਿੰਘ ਜੌਹਲਾਂ, ਰਾਮਪਾਲ ਸਿੰਘ ਬਹਿਣੀਵਾਲ, ਮਲਕੀਤ ਸਿੰਘ ਚੰਗਾਲ, ਪਰਮਜੀਤ ਕੌਰ ਲਾਂਡਰਾਂ, ਹਰਦੇਵ ਸਿੰਘ, ਸੁਰਿੰਦਰ ਸਿੰਘ ਆਦਿ ਸ਼ਾਮਲ ਸਨ। ਇਨ੍ਹਾਂ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਚਾਰ ਸਫਿਆਂ ਦਾ ਇੱਕ ਪੱਤਰ ਸੌਂਪਿਆ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਦੇ ਆਗੂ ਵੀ ਅਜਿਹਾ ਹੀ ਪੱਤਰ ਜਥੇਦਾਰ ਨੂੰ ਸੌਂਪ ਚੁੱਕੇ ਹਨ, ਜਿਸ ਮਗਰੋਂ ਸੁਖਬੀਰ ਸਿੰਘ ਬਾਦਲ ਕੋਲੋਂ ਸਪੱਸ਼ਟੀਕਰਨ ਮੰਗਿਆ ਗਿਆ ਸੀ। ਮੰਗ-ਪੱਤਰ ’ਚ ਸਿੱਖ ਆਗੂਆਂ ਨੇ ਆਖਿਆ ਕਿ ਲੰਘੇ ਸਮੇਂ ਦੌਰਾਨ ਵਾਪਰੀਆਂ ਘਟਨਾਵਾਂ ਕਾਰਨ ਦੇਸ਼-ਵਿਦੇਸ਼ ’ਚ ਸਿੱਖ ਸੰਗਤ ਦਾ ਸ਼੍ਰੋਮਣੀ ਅਕਾਲੀ ਦਲ ਅਤੇ ਖਾਸ ਕਰਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਭਰੋਸਾ ਉੱਠ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧ ’ਚ ਕਈ ਨਵੇਂ ਸਬੂਤ ਵੀ ਸਾਹਮਣੇ ਆਏ ਹਨ, ਜਿਨ੍ਹਾਂ ਦੀ ਪੜਤਾਲ ਕਰਕੇ ਕਥਿਤ ਬੱਜਰ ਗੁਨਾਹਾਂ ਬਦਲੇ ਸੁਖਬੀਰ ਬਾਦਲ ਨੂੰ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਫਾਰਗ ਕਰਦਿਆਂ ਸਖਤ ਸਜ਼ਾ ਦੇ ਕੇ ਲੋਕ ਸੇਵਾ ਦੇ ਕੰਮਾਂ ਤੋਂ ਦੂਰ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਇਸ ਪੱਤਰ ਵਿਚ ਡੇਰਾ ਸਿਰਸਾ ਮੁਖੀ ਵੱਲੋਂ ਗੁਰੂ ਸਾਹਿਬ ਦੀ ਨਕਲ ਕਰਨ ਦੇ ਮਾਮਲੇ ਦਾ ਜ਼ਿਕਰ ਕੀਤਾ ਹੈ, ਜਿਸ ਖ਼ਿਲਾਫ਼ ਪੁਲਿਸ ਕੇਸ ਦਰਜ ਹੋਇਆ ਪਰ ਕੇਸ ਰੱਦ ਕਰ ਦਿੱਤਾ ਗਿਆ। ਆਗੂਆਂ ਮੁਤਾਬਕ ਸ੍ਰੀ ਅਕਾਲ ਤਖਤ ਵੱਲੋਂ ਡੇਰਾ ਸਿਰਸਾ ਨਾਲ ਕੋਈ ਸਬੰਧ ਨਾ ਰੱਖਣ ਦਾ ਹੁਕਮ ਹੋਇਆ ਸੀ ਪਰ ਉਸ ਦੇ ਬਾਵਜੂਦ 2017 ਵਿਚ ਵੋਟਾਂ ਲੈਣ ਵਾਸਤੇ ਡੇਰੇ ਦੇ ਅਹੁਦੇਦਾਰਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ। ਹੁਕਮਨਾਮੇ ਦੀ ਉਲੰਘਣਾ ਕਰਨਾ ਵੀ ਵੱਡਾ ਗੁਨਾਹ ਹੈ।

# ਸਿੱਖ ਵਿਰੋਧੀ ਦੰਗੇ : ਅਦਾਲਤ ਵੱਲੋਂ ਟਾਈਟਲਰ ਖਿਲਾਫ ਦੋਸ਼ ਤੈਅ ਕਰਨ ਨੂੰ ਲੈ ਕੇ 30 ਨੂੰ ਸੁਣਾ ਸਕਦੀ ਹੈ ਫੈਸਲਾ

## ■ ਸੈਸ਼ਨ ਕੋਰਟ ਤੋਂ ਮਿਲੀ ਸੀ ਅੰਤਰਿਮ ਜ਼ਮਾਨਤ




**ਨਵੀਂ ਦਿੱਲੀ, (ਪੰਜਾਬ ਮੇਲ)**- 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਪੁਲ ਬੰਗਸ਼ ਗੁਰਦੁਆਰਾ ਹਿੰਸਾ ਮਾਮਲੇ ਵਿਚ ਮੁਲਜ਼ਮ ਜਗਦੀਸ਼ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕਰਨ ਬਾਰੇ ਫੈਸਲਾ 30 ਅਗਸਤ ਨੂੰ ਲਿਆ ਜਾਵੇਗਾ। ਸੀ.ਬੀ.ਆਈ. ਨੇ ਇਸ ਮਾਮਲੇ ਵਿਚ ਟਾਈਟਲਰ ਖ਼ਿਲਾਫ਼ ਆਈ.ਪੀ.ਸੀ. ਧਾਰਾਵਾਂ 147, 109 ਅਤੇ 302 ਤਹਿਤ ਦਿੱਲੀ ਦੀ ਰੌਜ਼ ਐਵੇਨਿਊ ਅਦਾਲਤ ਵਿਚ ਚਾਰਜਸ਼ੀਟ ਦਾਖ਼ਲ ਕੀਤੀ ਹੈ। ਸੀ.ਬੀ.ਆਈ. ਮੁਤਾਬਕ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ 31 ਅਕਤੂਬਰ ਨੂੰ ਉਨ੍ਹਾਂ ਦੇ ਸਰਕਾਰੀ ਰਿਹਾਇਸ਼ ’ਤੇ ਉਨ੍ਹਾਂ ਦੇ ਅੰਗ ਰੱਖਿਅਕਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।

ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ, ਕਾਂਗਰਸ ਨੇਤਾ ਅਤੇ ਗਾਂਧੀ ਪਰਿਵਾਰ ਦੇ ਨਜ਼ਦੀਕੀ ਜਗਦੀਸ਼ ਟਾਈਟਲਰ ਨੇ ਕਥਿਤ ਤੌਰ ’ਤੇ ਗੁੱਸੇ ਵਿਚ ਆਈ ਭੀੜ ਨੂੰ ਹਿੰਸਾ ਲਈ ਭੜਕਾਇਆ ਸੀ। ਇਸ ਦੌਰਾਨ ਭੀੜ ਨੇ ਗੁਰਦੁਆਰੇ ਨੂੰ ਅੱਗ ਲਗਾ ਦਿੱਤੀ ਸੀ। ਇਸ ਹਿੰਸਾ ਵਿਚ ਤਿੰਨ ਲੋਕ ਮਾਰੇ ਗਏ ਸਨ।

ਮਈ 2023 ਵਿਚ ਸੀ.ਬੀ.ਆਈ. ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਜਗਦੀਸ਼ ਟਾਈਟਲਰ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ ਸੀ। ਜਾਂਚ ਏਜੰਸੀ ਨੇ ਉਸ ’ਤੇ ਕਤਲ, ਦੰਗੇ ਅਤੇ ਕੁੱਟਮਾਰ ਦੇ ਦੋਸ਼ ਲਾਏ ਸਨ। ਚਾਰਜਸ਼ੀਟ ਵਿਚ ਕਿਹਾ ਗਿਆ ਹੈ ਕਿ ਕਾਂਗਰਸੀ ਨੇਤਾ ਨੇ ਦੰਗਾਕਾਰੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਖਿਲਾਫ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਵੇਗੀ। ਉਸਨੇ ਆਪਣੇ ਹਲਕੇ ਵਿਚ ਹੋਈਆਂ ਹੱਤਿਆਵਾਂ ਦੀ ਗਿਣਤੀ ਹੋਰ ਥਾਵਾਂ ਨਾਲ ਤੁਲਨਾ ਕੀਤੀ ਅਤੇ ਆਪਣੇ ਆਦਮੀਆਂ ਨੂੰ ਹੋਰ ਹਮਲੇ ਕਰਨ ਲਈ ਕਿਹਾ।

ਚਾਰਜਸ਼ੀਟ ’ਚ ਦਰਜ ਇਕ ਚਸ਼ਮਦੀਦ ਦੇ ਬਿਆਨ ’ਚ ਕਿਹਾ ਗਿਆ ਹੈ ਕਿ ਕਾਂਗਰਸੀ ਨੇਤਾ ਆਪਣੀ ਚਿੱਟੇ ਰੰਗ ਦੀ ਅੰਬੈਸਡਰ ਕਾਰ ’ਚੋਂ ਬਾਹਰ ਨਿਕਲਿਆ ਅਤੇ ਭੀੜ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ। ਬਿਆਨ ਮੁਤਾਬਕ ਉਹ (ਟਾਈਟਲਰ) ਕਾਰ ਤੋਂ ਬਾਹਰ ਆਇਆ ਅਤੇ ਪਹਿਲਾਂ ਭੀੜ ਨੂੰ ਭੜਕਾਇਆ ਅਤੇ ਫਿਰ ਉਨ੍ਹਾਂ ਨੂੰ ਦੁਕਾਨਾਂ ਲੁੱਟਣ ਲਈ ਕਿਹਾ। ਇੱਕ ਚਸ਼ਮਦੀਦ ਗਵਾਹ ਜਿਸਦੀ ਦੁਕਾਨ 31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਏ ਦੰਗਿਆਂ ਵਿਚ ਸਾੜ ਦਿੱਤੀ ਗਈ ਸੀ। ਇਕ ਹੋਰ ਬਿਆਨ ਮੁਤਾਬਕ ਤਤਕਾਲੀ ਸੰਸਦ ਮੈਂਬਰ ਜਗਦੀਸ਼ ਟਾਈਟਲਰ ਨੇ ਦਿੱਲੀ ਦੀ ਆਜ਼ਾਦ ਮਾਰਕੀਟ ਸਥਿਤ ਗੁਰਦੁਆਰਾ ਸਾਹਿਬ ਵਿਖੇ ਵੀ ਲੋਕਾਂ ਨੂੰ ਭੜਕਾਇਆ ਸੀ। ਟਾਈਟਲਰ ਮਨਾਹੀ ਦੇ ਹੁਕਮਾਂ ਦੀ ਉਲੰਘਣਾ ਕਰਦੇ ਹੋਏ ਗੁਰਦੁਆਰੇ ਦੇ ਸਾਹਮਣੇ ਮੌਜੂਦ ਸਨ।

# ਪੰਜਾਬ ’ਚ ਪੰਚਾਇਤ ਚੋਣਾਂ ਨਵੰਬਰ ਦੇ ਪਹਿਲੇ ਹਫ਼ਤੇ, ਨਿਗਮ ਚੋਣਾਂ ਵੀ ਨਵੰਬਰ ਮਹੀਨੇ ਹੋਣਗੀਆਂ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ’ਚ ਪੰਚਾਇਤੀ ਚੋਣਾਂ ਨਵੰਬਰ ਮਹੀਨੇ ਦੇ ਪਹਿਲੇ ਹਫ਼ਤੇ ਹੋ ਸਕਦੀਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਗੈਰ-ਰਸਮੀ ਤੌਰ ’ਤੇ ਕੈਬਨਿਟ ਵਜ਼ੀਰਾਂ ਨਾਲ ਸਲਾਹ-ਮਸ਼ਵਰਾ ਕਰਦਿਆਂ ਇਸ ਫ਼ੈਸਲੇ ਤੋਂ ਜਾਣੂ ਕਰਵਾਇਆ। ਸੂਬਾ ਸਰਕਾਰ ਅਗਾਮੀ ਚਾਰ ਜ਼ਿਮਨੀ ਚੋਣਾਂ ਮਗਰੋਂ ਹੀ ਪੰਚਾਇਤ ਚੋਣਾਂ ਕਰਾਉਣ ਦੇ ਰੌਂਅ ਵਿਚ ਹੈ। ਪੰਜਾਬ ਸਰਕਾਰ ਨੇ ਪੰਚਾਇਤੀ ਚੋਣਾਂ ਦੀ ਤਿਆਰੀ ਪਹਿਲਾਂ ਹੀ ਵਿੱਢ ਦਿੱਤੀ ਹੈ। ਬੀਤੇ ਦਿਨੀਂ ਪਾਰਟੀ ਵਿਧਾਇਕਾਂ ਦੀ ਮੀਟਿੰਗ ਬੁਲਾ ਕੇ ਉਨ੍ਹਾਂ ਨੂੰ ਪਿੰਡਾਂ ’ਚ ਜਾਣ ਦੇ ਹੁਕਮ ਦਿੱਤੇ ਗਏ ਹਨ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਨਵੰਬਰ ਮਹੀਨੇ ’ਚ ਹੀ ਨਗਰ ਕੌਂਸਲ ਅਤੇ ਨਗਰ ਨਿਗਮਾਂ ਦੀਆਂ ਚੋਣਾਂ ਕਰਵਾਉਣਾ ਚਾਹੁੰਦੀ ਹੈ। ਮੁੱਖ ਮੰਤਰੀ ਨੇ ਐਡਵੋਕੇਟ ਜਨਰਲ ਨੂੰ ਵੀ ਇਸ ਰਾਇ ਤੋਂ ਜਾਣੂ ਕਰਵਾ ਦਿੱਤਾ ਹੈ ਕਿਉਂਕਿ ਚੋਣਾਂ ਦਾ ਮਾਮਲਾ ਹਾਈ ਕੋਰਟ ਵਿਚ ਬਕਾਇਆ ਹੈ। ਪਤਾ ਲੱਗਾ ਹੈ ਕਿ ਮੁੱਖ ਮੰਤਰੀ ਨੇ ਨਵੰਬਰ ਮਹੀਨੇ ’ਚ ਹੀ ਸਥਾਨਕ ਸਰਕਾਰਾਂ ਦੀਆਂ ਚੋਣਾਂ ਦਾ ਕੰਮ ਨਿਬੇੜਨ ਲਈ ਕਿਹਾ ਹੈ। ਸੂਬਾ ਸਰਕਾਰ ਉਸ ਤੋਂ ਪਹਿਲਾਂ ਪੇਂਡੂ ਤੇ ਸ਼ਹਿਰੀ ਵਿਕਾਸ ਲਈ ਫ਼ੰਡ ਵੀ ਜਾਰੀ ਕਰੇਗੀ। ਜਾਣਕਾਰੀ ਅਨੁਸਾਰ ਨਵੰਬਰ ਮਹੀਨੇ ਵਿਚ ਬਲਾਕ ਸਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੀ ਮਿਆਦ ਖ਼ਤਮ ਹੋ ਰਹੀ ਹੈ, ਜਿਸ ਕਰਕੇ ਸਰਕਾਰ ਨੇ ਚੋਣਾਂ ਲਈ ਇਹ ਮਹੀਨਾ ਹੀ ਚੁਣਿਆ ਹੈ। ਸੂਬਾ ਚੋਣ ਕਮਿਸ਼ਨ ਨੇ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਕਰਾਉਣ ਲਈ ਵੋਟਰ ਸੂਚੀਆਂ ’ਚ ਸੁਧਾਈ ਦੀਆਂ ਤਰੀਕਾਂ ਵੀ ਤੈਅ ਕੀਤੀਆਂ ਹਨ। ਪਾਰਟੀ ਦੇ ਵਿਧਾਇਕਾਂ ਪੰਚਾਇਤ ਮੈਂਬਰਾਂ ਦੀਆਂ ਚੋਣਾਂ ਵਾਰਡ ਅਨੁਸਾਰ ਕਰਵਾਉਣ ਦੀ ਥਾਂ ਖੁੱਲ੍ਹੀਆਂ ਹੀ ਕਰਵਾਉਣ ਦੀ ਮੰਗ ਕੀਤੀ ਸੀ।



# ਪੰਜਾਬ ਮੰਤਰੀ ਮੰਡਲ ਵੱਲੋਂ ਰਜਿਸਟਰੀ ਲਈ ਐੱਨ.ਓ.ਸੀ. ਦੀ ਸ਼ਰਤ ਖ਼ਤਮ

**ਚੰਡੀਗੜ੍ਹ, (ਪੰਜਾਬ ਮੇਲ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲੀ ਦੀ ਮੀਟਿੰਗ ਦੌਰਾਨ 16ਵੀਂ ਪੰਜਾਬ ਵਿਧਾਨ ਸਭਾ ਦਾ ਸੱਤਵਾਂ ਤਿੰਨ ਰੋਜ਼ਾ ਸੈਸ਼ਨ ਸੱਦਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਮੌਨਸੂਨ ਸੈਸ਼ਨ 2 ਤੋਂ 4 ਸਤੰਬਰ ਤੱਕ ਸੱਦਿਆ ਗਿਆ ਹੈ। ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਹੋਈ ਮੀਟਿੰਗ ਵਿਚ ਜ਼ਮੀਨ-ਜਾਇਦਾਦ ਦੀ ਰਜਿਸਟਰੀ ਲਈ ਇਤਰਾਜ਼ਹੀਣਤਾ ਸਰਟੀਫਿਕੇਟ (ਐੱਨ.ਓ.ਸੀ.) ਦੀ ਸ਼ਰਤ ਨੂੰ ਸਿਧਾਂਤਕ ਤੌਰ 'ਤੇ ਖ਼ਤਮ ਕਰਨ ਦੀ ਸਹਿਮਤੀ ਵੀ ਦਿੱਤੀ ਗਈ।



ਮੰਤਰੀ ਮੰਡਲ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ।

ਮੰਤਰੀ ਮੰਡਲ ਦੀ ਮੀਟਿੰਗ ਬਾਰੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਤੇ ਅਮਨ ਅਰੋੜਾ ਨੇ ਦੱਸਿਆ ਕਿ ਪੰਜਾਬ ਵਿਚ ਬਿਨਾਂ ਪ੍ਰਵਾਨਗੀ ਵਾਲੀਆਂ ਜ਼ਮੀਨਾਂ ਦੀ ਖਰੀਦੋ-ਫਰੋਖਤ 'ਤੇ ਪਾਬੰਦੀ ਲਾਉਣ ਲਈ ਜ਼ਮੀਨ-ਜਾਇਦਾਦ ਦੀ ਰਜਿਸਟਰੇਸ਼ਨ ਲਈ ਵੱਖ-ਵੱਖ ਵਿਭਾਗਾਂ ਤੋਂ ਐੱਨ.ਓ.ਸੀ. ਲੈਣੀ ਲਾਜ਼ਮੀ ਸੀ, ਜਿਸ ਕਾਰਨ ਸੂਬੇ ਵਿਚ ਵੱਡੀ ਗਿਣਤੀ ਵਿਚ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਅੱਧ-ਵਿਚਾਲੇ ਅਟਕੀਆਂ ਹੋਈਆਂ ਹਨ। ਮੰਤਰੀ ਮੰਡਲ ਨੇ ਜ਼ਮੀਨ-ਜਾਇਦਾਦ ਦੀ ਰਜਿਸਟਰੀ ਲਈ ਐੱਨ.ਓ.ਸੀ. ਦੀ ਸ਼ਰਤ ਸਿਧਾਂਤਿਕ ਤੌਰ 'ਤੇ ਖ਼ਤਮ ਕਰਨ ਦੀ ਸਹਿਮਤੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਜਿਨ੍ਹਾਂ ਜਾਇਦਾਦਾਂ ਦੇ ਰਜਿਸਟਰਡ ਬਿਆਨੇ 31 ਜੁਲਾਈ 2024 ਤੱਕ ਹੋ ਚੁੱਕੇ ਹਨ, ਉਨ੍ਹਾਂ ਜਾਇਦਾਦਾਂ ਦੀ ਰਜਿਸਟਰੀ 30 ਨਵੰਬਰ 2024 ਤੱਕ ਬਿਨਾਂ ਕਿਸੇ ਐੱਨ.ਓ.ਸੀ. ਤੋਂ ਕਰਵਾਈ ਜਾ ਸਕੇਗੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੰਤਰੀ ਮੰਡਲ ਨੇ ਕੁਦਰਤੀ ਆਫ਼ਤਾਂ ਦੀ ਸੂਰਤ ਵਿਚ ਨੁਕਸਾਨੀਆਂ ਫ਼ਸਲਾਂ ਦੇ ਮੁਆਵਜ਼ੇ ਲਈ ਐੱਸ.ਡੀ.ਆਰ.ਐੱਫ. ਅਤੇ ਸੂਬਾਈ ਬਜਟ 'ਚੋਂ ਸਾਂਝੇ ਤੌਰ 'ਤੇ ਇਕ ਕਰੋੜ ਰੁਪਏ ਤੋਂ ਵੱਧ ਦੇ ਫੰਡ ਜਾਰੀ ਕਰਨ ਲਈ ਸਮਰੱਥ ਅਥਾਰਟੀ ਵਜੋਂ ਸਟੇਟ ਐਗਜ਼ੀਕਿਊਟਿਵ ਕਮੇਟੀ ਨੂੰ ਨਾਮਜ਼ਦ ਕਰਨ ਦੀ ਮਨਜ਼ੂਰੀ ਵੀ ਦੇ ਦਿੱਤੀ। ਉਨ੍ਹਾਂ ਕਿਹਾ ਕਿ ਮੰਤਰੀ ਮੰਡਲ ਨੇ ਪੰਜਾਬ ਫਾਇਰ ਸੇਫ਼ਟੀ ਤੇ ਐਮਰਜੈਂਸੀ ਸੇਵਾਵਾਂ ਬਿੱਲ, 2024 ਨੂੰ ਮਨਜ਼ੂਰੀ ਦੇ ਦਿੱਤੀ। ਇਸ ਤਹਿਤ ਸਾਲਾਨਾ ਫਾਇਰ ਸੇਫ਼ਟੀ ਸਰਟੀਫਿਕੇਟ ਹੁਣ ਤਿੰਨ ਸਾਲਾਂ ਮਗਰੋਂ ਲੈਣਾ ਪਵੇਗਾ। ਇਸ ਮੌਕੇ ਸੱਤ ਗ੍ਰਾਮ ਨਿਆਲਿਆ ਪਾਤੜਾਂ (ਪਟਿਆਲਾ), ਤਪਾ (ਬਰਨਾਲਾ), ਬੱਸੀ ਪਠਾਣਾਂ (ਫਤਹਿਗੜ੍ਹ ਸਾਹਿਬ), ਡੇਰਾ ਬਾਬਾ ਨਾਨਕ (ਗੁਰਦਾਸਪੁਰ), ਧਾਰ ਕਲਾਂ (ਪਠਾਨਕੋਟ), ਰਾਏਕੋਟ (ਲੁਧਿਆਣਾ) ਤੇ ਚਮਕੌਰ ਸਾਹਿਬ (ਰੂਪਨਗਰ) ਲਈ 49 ਅਸਾਮੀਆਂ ਸਿਰਜਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ।

ਕੈਬਨਿਟ ਨੇ ਪੰਜਾਬ 'ਚ ਰਜਿਸਟਰਡ ਟੂਰਿਸਟ ਵਾਹਨਾਂ 'ਤੇ ਮੋਟਰ ਵਾਹਨ ਟੈਕਸ ਘਟਾ ਦਿੱਤਾ ਹੈ। ਲਗਜ਼ਰੀ ਵਾਹਨਾਂ ਦੀ ਇਕ ਹੋਰ ਸ਼੍ਰੇਣੀ 'ਤੇ ਵਾਧੂ ਰੋਡ ਟੈਕਸ ਲਾਉਣ ਦੀ ਵੀ ਸਹਿਮਤੀ ਦਿੱਤੀ ਅਤੇ ਵਾਤਾਵਰਨ ਪ੍ਰਦੂਸ਼ਣ ਦੀ ਰੋਕਥਾਮ ਲਈ ਪੰਜਾਬ 'ਚ ਰਜਿਸਟਰਡ ਪੁਰਾਣੇ ਟਰਾਂਸਪੋਰਟ ਤੇ ਗ਼ੈਰ ਟਰਾਂਸਪੋਰਟ ਵਾਹਨਾਂ 'ਤੇ ਗਰੀਨ ਟੈਕਸ ਲਾਉਣ ਦਾ ਵੀ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੰਤਰੀ ਮੰਡਲ ਨੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਨੌਜਵਾਨਾਂ ਦੀ ਭਲਾਈ ਲਈ ਤਿਆਰ ਕੀਤੀ ਯੁਵਕ ਸੇਵਾਵਾਂ ਨੀਤੀ-2024 ਨੂੰ ਹਰੀ ਝੰਡੀ ਦੇ ਦਿੱਤੀ ਹੈ।

# ਪੰਜਾਬ 'ਚ ਹੁਣ 'ਬੈਂਡ ਗਰਲਜ਼' ਦੀ ਵੁੱਕਤ ਘਟੀ

**■ ਵਿਦੇਸ਼ਾਂ 'ਚ ਬਦਲੇ ਨਿਯਮਾਂ ਨੇ ਬਾਰ੍ਹਵੀਂ ਦੀ ਥਾਂ ਗਰੈਜੂਏਟ ਕੁੜੀਆਂ ਦੀ ਵੁੱਕਤ ਵਧਾਈ**



**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਵਿਚ ਹੁਣ 'ਬੈਂਡ ਗਰਲਜ਼' ਦੀ ਵੁੱਕਤ ਘਟੀ ਹੈ, ਜਿਨ੍ਹਾਂ ਦਾ ਲੜ ਫੜ ਕੇ ਨੌਜਵਾਨ ਵਿਦੇਸ਼ ਪੱਕਾ ਹੋਣ ਦਾ ਅਰਮਾਨ ਪਾਲਦੇ ਸਨ। ਵਕਤ ਨੂੰ ਹੁਣ ਮੋੜਾ ਪਿਆ ਹੈ। ਜਿਨ੍ਹਾਂ ਬਾਰ੍ਹਵੀਂ ਪਾਸ ਲੜਕੀਆਂ ਦੇ ਪੱਲੇ ਆਇਲਸ (ਆਇਲੈਟਸ) ਦੇ ਬੈਂਡ ਵੀ ਹਨ, ਪਰ ਉਨ੍ਹਾਂ ਨੂੰ ਵਿਦੇਸ਼ ਪੜ੍ਹਾਈ ਦਾ ਕੋਈ ਖਰਚਾ ਚੁੱਕਣ ਵਾਲਾ ਲੜਕਾ ਨਹੀਂ ਲੱਭ ਰਿਹਾ ਹੈ। ਕੈਨੇਡਾ ਨੇ ਨਿਯਮਾਂ 'ਚ ਸਖ਼ਤੀ ਕਰਕੇ ਵਿਦੇਸ਼ ਉਡਾਰੀ ਦੀਆਂ ਸੱਧਰਾਂ ਨੂੰ ਮਧੋਲਿਆ ਹੈ। ਕੋਈ ਸਮਾਂ ਸੀ ਜਦੋਂ ਬਾਰ੍ਹਵੀਂ ਪਾਸ ਆਇਲਸ ਬੈਂਡ ਪ੍ਰਾਪਤ ਲੜਕੀ ਲਈ ਕਤਾਰ ਲੱਗ ਜਾਂਦੀ ਸੀ।

ਸਮੁੱਚੇ ਪੰਜਾਬ 'ਚ ਇਹ ਰੁਝਾਨ ਰਿਹਾ ਹੈ ਕਿ ਆਇਲਸ ਬੈਂਡ ਵਾਲੀਆਂ ਲੜਕੀਆਂ ਦੇ ਮਾਪੇ ਓਦਾਂ ਦਾ ਵਰ ਤਲਾਸ਼ਦੇ ਸਨ, ਜਿਹੜੇ ਲੜਕੀ ਦੀ ਵਿਦੇਸ਼ ਪੜ੍ਹਾਈ ਦਾ ਖਰਚਾ ਚੁੱਕਣ ਨੂੰ ਤਿਆਰ ਹੁੰਦੇ ਸਨ। ਕੈਨੇਡਾ ਨੇ ਹੁਣ ਇਹ ਲਾਜ਼ਮੀ ਕਰ ਦਿੱਤਾ ਹੈ ਕਿ ਵਿਦੇਸ਼ ਪੜ੍ਹਾਈ ਕਰਨ ਵਾਲੀ ਗ੍ਰੈਜੂਏਟ ਲੜਕੀ ਹੀ ਆਪਣੇ ਜੀਵਨ ਸਾਥੀ ਨੂੰ ਵਿਦੇਸ਼ ਬੁਲਾ ਸਕੇਗੀ। ਨਤੀਜਾ ਇਹ ਨਿਕਲਿਆ ਹੈ ਕਿ ਬੈਂਡਾਂ ਵਾਲੀਆਂ ਬਾਰ੍ਹਵੀਂ ਪਾਸ ਲੜਕੀਆਂ ਨੂੰ ਅਜਿਹੇ ਵਰ ਨਹੀਂ ਮਿਲ ਰਹੇ ਹਨ। ਹੁਣ ਗ੍ਰੈਜੂਏਟ ਲੜਕੀਆਂ ਦੀ ਪੁੱਛ ਵਧੀ ਹੈ।

ਮੋਗਾ ਦੇ ਪਿੰਡ ਸੈਦੋਕੇ ਦਾ ਮੈਰਿਜ ਬਿਊਰੋ ਚਾਲਕ ਮਨਦੀਪ ਕੁਮਾਰ ਦੱਸਦਾ ਹੈ ਕਿ ਹੁਣ ਉਹ ਬੈਂਡ ਵਾਲੀਆਂ ਬਾਰ੍ਹਵੀਂ ਪਾਸ ਲੜਕੀਆਂ ਦੇ ਕੇਸ ਲੈਣੋਂ ਹਟ ਗਏ ਹਨ ਕਿਉਂਕਿ ਲੜਕਿਆਂ ਦੀ ਦਿਲਚਸਪੀ ਹੁਣ ਗਰੈਜੂਏਟ ਲੜਕੀਆਂ ਵੱਲ ਹੋ ਗਈ ਹੈ। ਆਸਟਰੇਲੀਆ ਦੀਆਂ ਫਾਈਲਾਂ ਬੰਦ ਹਨ, ਜਦੋਂ ਕਿ ਕੈਨੇਡਾ 'ਚ ਸਪਾਊਸ ਵੀਜ਼ੇ ਲਈ ਲੜਕੀ ਦੀ ਗ੍ਰੈਜੂਏਸ਼ਨ ਹੋਣੀ ਲਾਜ਼ਮੀ ਹੈ। ਉਹ ਹੁਣ ਜ਼ਿਆਦਾ ਪੀ.ਆਰ. ਰਿਸ਼ਤੇ ਹੀ ਕਰਾਉਂਦੇ ਹਨ। ਚੇਤੇ ਰਹੇ ਕਿ ਮਾਲਵੇ 'ਚ ਇਹ ਰੁਝਾਨ ਸਭ ਤੋਂ ਵੱਧ ਰਿਹਾ ਹੈ। ਲੜਕੇ ਵਾਲਿਆਂ ਨੇ ਜ਼ਮੀਨਾਂ ਵੇਚ ਕੇ ਬੈਂਡਾਂ ਵਾਲੀਆਂ ਕੁੜੀਆਂ ਨੂੰ ਸਟੱਡੀ ਲਈ ਵਿਦੇਸ਼ ਭੇਜਿਆ ਸੀ।


ਅਸਲ 'ਚ ਇਹ 'ਸਮਝੌਤਾ ਵਿਆਹ' ਸਨ ਤੇ ਜਿਨ੍ਹਾਂ ਲੋੜਵੰਦ ਘਰਾਂ ਦੀਆਂ ਕੁੜੀਆਂ ਦੇ ਆਇਲਸ 'ਚੋਂ ਚੰਗੇ ਬੈਂਡ ਆ ਜਾਂਦੇ ਸਨ, ਉਨ੍ਹਾਂ ਨਾਲ ਸਮਝੌਤੇ ਤਹਿਤ ਮੁੰਡੇ ਵਾਲਾ ਪਰਿਵਾਰ ਕੁੜੀ ਦੀ ਪੜ੍ਹਾਈ ਦਾ ਸਮੁੱਚਾ ਖਰਚਾ ਚੁੱਕਦਾ ਅਤੇ ਬਦਲੇ ਵਿਚ ਲੜਕੀ ਵਿਆਹ ਕਰਾ ਕੇ ਲੜਕੇ ਨੂੰ ਵਿਦੇਸ਼ ਵਿਚ ਪੱਕਾ ਕਰਾਉਂਦੀ ਸੀ। ਬਠਿੰਡਾ ਦੇ ਪਿੰਡ ਮੰਡੀ ਕਲਾਂ ਦਾ ਹਰਦੀਪ ਸਿੰਘ ਦੀਪਾ, ਜੋ ਵਿਚੋਲੇ ਦਾ ਕੰਮ ਕਰਦਾ ਹੈ, ਦਾ ਕਹਿਣਾ ਹੈ ਕਿ ਉਸ ਕੋਲ ਬਾਰ੍ਹਵੀਂ ਪਾਸ ਆਇਲਸ 'ਚੋਂ ਪੂਰੇ ਬੈਂਡ ਲੈਣ ਵਾਲੀਆਂ ਕੁੜੀਆਂ ਦੇ ਰਿਸ਼ਤੇ ਹਨ, ਜਿਨ੍ਹਾਂ ਲਈ ਸੱਤ ਮਹੀਨੇ ਤੋਂ ਕੋਈ ਖਰਚਾ ਚੁੱਕਣ ਵਾਲਾ ਰਿਸ਼ਤਾ ਨਹੀਂ ਮਿਲਿਆ। ਉਹ ਦੱਸਦਾ ਹੈ ਕਿ ਹੁਣ ਪੀ.ਆਰ. ਵਾਲੀਆਂ ਕੁੜੀਆਂ ਤੇ ਮੁੰਡਿਆਂ ਦੀ ਜ਼ਿਆਦਾ ਮੰਗ ਵਧੀ ਹੈ। ਇਸੇ ਤਰ੍ਹਾਂ ਬਰਨਾਲਾ ਦੇ ਪਿੰਡ ਪੱਖੋ ਕਲਾਂ ਦਾ ਮੈਰਿਜ ਬਿਊਰੋ ਇੰਚਾਰਜ ਬੇਅੰਤ ਸਿੰਘ ਸਿੱਧੂ ਦੋ ਵਰ੍ਹਿਆਂ ਵਿਚ ਬੈਂਡਾਂ ਵਾਲੇ 33 ਰਿਸ਼ਤੇ ਕਰਾ ਚੁੱਕਾ ਹੈ। ਉਸ ਦਾ ਕਹਿਣਾ ਹੈ ਕਿ ਹੁਣ ਆਇਲਸ ਬੈਂਡ ਲੈਣ ਵਾਲੀਆਂ ਗ੍ਰੈਜੂਏਟ ਕੁੜੀਆਂ ਦੀ ਮੰਗ ਹੈ ਕਿਉਂਕਿ ਸਪਾਊਸ ਵੀਜ਼ੇ ਲਈ ਕੈਨੇਡਾ ਨੇ ਗ੍ਰੈਜੂਏਸ਼ਨ ਲਾਜ਼ਮੀ ਕਰ ਦਿੱਤੀ ਹੈ। ਉਹ ਦੱਸਦਾ ਹੈ ਕਿ ਉਸ ਕੋਲ ਦੋ ਤਿੰਨ ਅਜਿਹੇ ਰਿਸ਼ਤੇ ਆਏ ਹਨ, ਜਿਨ੍ਹਾਂ ਲਈ ਕੋਈ ਲੜਕਾ ਮਿਲ ਨਹੀਂ ਰਿਹਾ ਹੈ। 'ਸਮਝੌਤਾ ਵਿਆਹਾਂ' ਵਿਚ ਬੀਤੇ ਵਰ੍ਹਿਆਂ ਵਿਚ ਫਰਾਡ ਕੇਸ ਵੀ ਕਾਫ਼ੀ ਹੋਏ ਹਨ। ਕੁੜੀਆਂ ਖਰਚਾ ਲੈ ਕੇ ਵਿਦੇਸ਼ ਜਾਣ ਮਗਰੋਂ ਮੁੱਕਰ ਜਾਂਦੀਆਂ ਸਨ। ਪੰਜਾਬ ਵਿਚ ਬੀਤੇ ਅੱਠ ਵਰ੍ਹਿਆਂ ਵਿਚ ਅਜਿਹੇ ਕਰੀਬ 300 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ 'ਚ ਲੜਕੇ ਵਾਲਿਆਂ ਨੇ ਐੱਨ.ਆਰ.ਆਈ. ਥਾਣਿਆਂ ਵਿਚ ਲੜਕੀਆਂ ਖ਼ਿਲਾਫ਼ ਸ਼ਿਕਾਇਤਾਂ ਦਰਜ ਕਰਾਈਆਂ ਹਨ। ਇਨ੍ਹਾਂ ਚੱਕਰਾਂ 'ਚ ਕਈ ਲੜਕੇ ਇੱਥੇ ਖ਼ੁਦਕੁਸ਼ੀ ਵੀ ਕਰ ਚੁੱਕੇ ਹਨ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਮੁੱਖ ਮੰਤਰੀ ਵੱਲੋਂ 19 ਓਲੰਪਿਕ ਖਿਡਾਰੀਆਂ ਦਾ ਸਨਮਾਨ




ਕਾਂਸੇ ਦਾ ਤਗਮਾ ਜੇਤੂ ਖਿਡਾਰੀਆਂ ਨੂੰ ਚੈੱਕ ਦੇ ਕੇ ਸਨਮਾਨਿਤ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ।







ਚੰਡੀਗੜ੍ਹ 'ਚ ਐਤਵਾਰ ਨੂੰ ਸੈਕਟਰ-26 'ਚ ਹੋਏ ਇਕ ਸਮਾਰੋਹ ਦੌਰਾਨ ਪੈਰਿਸ ਓਲੰਪਿਕ 'ਚ ਹਿੱਸਾ ਲੈਣ ਵਾਲੇ ਸਿਫਤ ਕੌਰ ਸਮਰਾ ਅਤੇ ਤੇਜਿੰਦਰ ਪਾਲ ਸਿੰਘ ਤੂਰ ਦਾ ਸਨਮਾਨ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ।

**ਚੰਡੀਗੜ੍ਹ, (ਪੰਜਾਬ ਮੇਲ)-** ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਵਿਚ ਪੈਰਿਸ ਓਲੰਪਿਕ ਖੇਡਾਂ ਵਿਚ ਹਿੱਸਾ ਲੈਣ ਵਾਲੇ ਪੰਜਾਬ ਦੇ 19 ਖਿਡਾਰੀਆਂ ਨੂੰ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ। ਮੁੱਖ ਮੰਤਰੀ ਵੱਲੋਂ ਓਲੰਪਿਕ ਖੇਡਾਂ ਵਿਚ ਕਾਂਸੀ ਦਾ ਤਗ਼ਮਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦੇ ਪੰਜਾਬ ਨਾਲ ਸਬੰਧਤ 8 ਖਿਡਾਰੀਆਂ ਨੂੰ ਇਕ-ਇਕ ਕਰੋੜ ਰੁਪਏ, ਜਦੋਂਕਿ ਹਾਕੀ ਦੇ ਦੋ ਰਾਖਵੇਂ ਖਿਡਾਰੀਆਂ ਸਣੇ ਸ਼ੂਟਿੰਗ, ਅਥਲੈਟਿਕਸ ਤੇ ਗੋਲਫ਼ ਦੇ 11 ਹੋਰਨਾਂ ਖਿਡਾਰੀਆਂ ਨੂੰ 15-15 ਲੱਖ ਰੁਪਏ ਦੇ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ 'ਚੋਂ ਨਸ਼ਿਆਂ ਦਾ ਖਾਤਮਾ ਕਰਨ ਲਈ ਖੇਡ ਸੱਭਿਆਚਾਰ ਨੂੰ ਵਿਕਸਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਓਲੰਪਿਕ ਜੇਤੂ ਖਿਡਾਰੀਆਂ ਨੂੰ ਨਸ਼ਿਆਂ ਵਿਰੁੱਧ ਜੰਗ ਵਿਚ ਬ੍ਰਾਂਡ ਅੰਬੈਸਡਰ ਬਣਾਇਆ ਜਾਵੇਗਾ, ਜਿਸ ਨਾਲ ਨੌਜਵਾਨਾਂ ਨੂੰ ਨਸ਼ੇ ਛੱਡ ਕੇ ਖੇਡਾਂ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਜਾਵੇਗਾ। ਇਸ ਤਰ੍ਹਾਂ ਪੰਜਾਬ ਦੇ ਵੱਡੀ ਗਿਣਤੀ ਨੌਜਵਾਨ ਪੰਜਾਬ ਤੇ ਦੇਸ਼ ਦਾ ਨਾਮ ਕੁੱਲ ਆਲਮ ਵਿਚ ਰੌਸ਼ਨ ਕਰਨਗੇ।

ਮੁੱਖ ਮੰਤਰੀ ਨੇ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ, ਹਾਰਦਿਕ ਸਿੰਘ, ਮਨਪ੍ਰੀਤ ਸਿੰਘ, ਗੁਰਜੰਟ ਸਿੰਘ, ਮਨਦੀਪ ਸਿੰਘ, ਸ਼ਮਸ਼ੇਰ ਸਿੰਘ, ਜਰਮਨਪ੍ਰੀਤ ਸਿੰਘ ਤੇ ਸੁਖਜੀਤ ਸਿੰਘ ਨੂੰ ਇਕ-ਇਕ ਕਰੋੜ ਰੁਪਏ ਦੇ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ। ਇਸੇ ਤਰ੍ਹਾਂ ਹਾਕੀ ਦੇ ਰਿਜ਼ਰਵ ਖਿਡਾਰੀ ਜੁਗਰਾਜ ਸਿੰਘ ਤੇ ਕ੍ਰਿਸ਼ਨ ਬਹਾਦੁਰ ਪਾਠਕ, ਸ਼ੂਟਿੰਗ ਦੀ ਅੰਜੁਮ ਮੌਦਗਿਲ, ਸਿਫਤ ਕੌਰ ਸਮਰਾ, ਰਾਜੇਸ਼ਵਰੀ ਕੁਮਾਰੀ, ਅਰਜੁਨ ਬਬੂਟਾ, ਅਰਜੁਨ ਸਿੰਘ ਚੀਮਾ ਤੇ ਵਿਜੈ ਸਿੰਘ ਸਿੱਧੂ ਨੂੰ 15-15 ਲੱਖ ਰੁਪਏ ਦਿੱਤੇ। ਮੁੱਖ ਮੰਤਰੀ ਨੇ ਅਥਲੀਟ ਤਜਿੰਦਰ ਪਾਲ ਸਿੰਘ ਤੂਰ ਤੇ ਅਕਾਸ਼ਦੀਪ ਸਿੰਘ ਅਤੇ ਗੋਲਫ਼ਰ ਗਗਨਦੀਪ ਸਿੰਘ ਭੁੱਲਰ ਨੂੰ 15-15 ਲੱਖ ਰੁਪਏ ਨਾਲ ਸਨਮਾਨਿਤ ਕੀਤਾ।

ਮੁੱਖ ਮੰਤਰੀ ਨੇ ਹਾਕੀ ਖਿਡਾਰੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ 52 ਸਾਲਾਂ ਦੇ ਵਕਫ਼ੇ ਮਗਰੋਂ ਭਾਰਤੀ ਟੀਮ ਨੂੰ ਆਸਟਰੇਲੀਆ ਨੂੰ ਹਰਾ ਕੇ ਬਹੁਤ ਖ਼ੁਸ਼ੀ ਹੋਈ ਹੈ ਅਤੇ ਸਪੇਨ, ਇੰਗਲੈਂਡ ਅਤੇ ਹੋਰ ਟੀਮਾਂ ਵਿਰੁੱਧ ਮੈਚ ਵੀ ਸ਼ਾਨਦਾਰ ਸਨ। ਉਨ੍ਹਾਂ ਕਿਹਾ ਕਿ ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਨੇ ਮੁਸ਼ਕਲ ਸਮੇਂ ਵਿਚ ਅੱਗੇ ਵਧ ਕੇ ਟੀਮ ਦੀ ਅਗਵਾਈ ਕੀਤੀ, ਜਿਸ ਨਾਲ ਟੀਮ ਜਿੱਤ ਵੱਲ ਸੇਧਿਤ ਹੋਈ। ਇਸ ਤਰ੍ਹਾਂ ਓਲੰਪਿਕ ਖੇਡਾਂ ਵਿਚ ਹਰਮਨਪ੍ਰੀਤ ਨੇ ਇਕੱਲੇ ਹੀ 10 ਗੋਲ ਕੀਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਮਾਹਿਲਪੁਰ ਖੇਤਰ ਵਿਚ ਫੁਟਬਾਲ, ਸੰਗਰੂਰ ਵਿਚ ਬਾਕਸਿੰਗ, ਜਲੰਧਰ ਵਿਚ ਹਾਕੀ, ਲੁਧਿਆਣਾ ਵਿਚ ਅਥਲੈਟਿਕਸ ਅਤੇ ਹੋਰ ਖੇਡ ਕਲੱਸਟਰਾਂ ਦਾ ਵਿਕਾਸ ਕਰੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਖਿਡਾਰੀਆਂ ਨੂੰ ਨੌਕਰੀਆਂ ਦੇਣ ਦੇ ਨਾਲ-ਨਾਲ ਤਰੱਕੀਆਂ ਵੀ ਦਿੱਤੀਆਂ ਜਾਣਗੀਆਂ।

ਭਗਵੰਤ ਮਾਨ ਨੇ ਇਸੇ ਸਾਲ ਦੇ ਅਖੀਰ ਵਿਚ ਪੰਜਾਬ 'ਚ ਚਾਰ ਵਿਸ਼ਵ ਪੱਧਰੀ ਟੀਮਾਂ ਵਿਚਕਾਰ ਹਾਕੀ ਦਾ ਟੂਰਨਾਮੈਂਟ ਕਰਵਾਉਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਚਾਰ ਟੀਮਾਂ ਵਿਚਕਾਰ ਹੋਣ ਵਾਲੇ ਮੈਚਾਂ ਨੂੰ ਵੱਡੀ ਗਿਣਤੀ ਵਿਚ ਪੰਜਾਬ ਦੇ ਨੌਜਵਾਨ ਦੇਖਣ ਆਉਣਗੇ, ਜਿਸ ਨਾਲ ਪੰਜਾਬ ਦੇ ਨੌਜਵਾਨਾਂ ਵਿਚ ਖੇਡ ਭਾਵਨਾ ਨੂੰ ਹੋਰ ਤੇਜ਼ੀ ਨਾਲ ਵਿਕਸਤ ਕੀਤਾ ਜਾ ਸਕੇਗਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਖਿਡਾਰੀਆਂ ਦੇ ਪਿਛੋਕੜ ਬਾਰੇ ਵੀ ਪੰਜਾਬ ਦੇ ਨੌਜਵਾਨਾਂ ਨੂੰ ਜਾਣੂ ਕਰਵਾਉਣ ਦੇ ਯਤਨ ਕੀਤੇ ਜਾਣਗੇ।

# ਹਰਿਆਣਾ ਸਰਕਾਰ ਵੱਲੋਂ ਪੈਰਿਸ ਓਲੰਪਿਕ 'ਚ ਹਿੱਸਾ ਲੈਣ ਵਾਲੇ ਖਿਡਾਰੀ ਸਨਮਾਨਿਤ



- ਮਨੂ ਭਾਕਰ ਨੂੰ 5 ਕਰੋੜ ਤੇ ਨੀਰਜ ਚੋਪੜਾ ਨੂੰ ਦਿੱਤੇ 4 ਕਰੋੜ ਰੁਪਏ
- ਵਿਨੇਸ਼ ਨੂੰ ਵੀ ਮਿਲਿਆ ਚਾਂਦੀ ਦੇ ਤਗਮੇ ਵਾਲਾ ਸਨਮਾਨ

**ਨਵੀਂ ਦਿੱਲੀ, (ਪੰਜਾਬ ਮੇਲ)-** ਹਰਿਆਣਾ ਸਰਕਾਰ ਨੇ ਪੈਰਿਸ ਓਲੰਪਿਕ ਵਿਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਇਨਾਮੀ ਰਾਸ਼ੀ ਦਿੱਤੀ ਹੈ। ਹਰਿਆਣਾ ਸਰਕਾਰ ਨੇ ਮਨੂ ਭਾਕਰ ਨੂੰ 5 ਕਰੋੜ ਰੁਪਏ, ਨੀਰਜ ਚੋਪੜਾ ਨੂੰ 4 ਕਰੋੜ ਰੁਪਏ ਅਤੇ ਕਾਂਸੀ ਤਮਗਾ ਜੇਤੂਆਂ ਨੂੰ 2.5 ਕਰੋੜ ਰੁਪਏ ਦਿੱਤੇ ਹਨ। ਹਰਿਆਣਾ ਦੇ 17 ਖਿਡਾਰੀ ਵੀ ਅਜਿਹੇ ਸਨ, ਜਿਨ੍ਹਾਂ ਨੂੰ ਕੋਈ ਤਗਮਾ ਨਹੀਂ ਮਿਲਿਆ। ਹਾਲਾਂਕਿ ਸਰਕਾਰ ਨੇ ਇਨ੍ਹਾਂ ਖਿਡਾਰੀਆਂ ਨੂੰ 15 ਲੱਖ ਰੁਪਏ ਵੀ ਦਿੱਤੇ ਹਨ।


ਹਰਿਆਣਾ ਸਰਕਾਰ ਨੇ ਓਲੰਪਿਕ ਵਿਚ ਭਾਗ ਲੈਣ ਵਾਲੇ ਰਾਜ ਦੇ ਕੁੱਲ 25 ਖਿਡਾਰੀਆਂ ਦੇ ਖਾਤਿਆਂ ਵਿਚ ਪੈਸੇ ਟਰਾਂਸਫਰ ਕੀਤੇ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਧ ਰਾਸ਼ੀ ਨਿਸ਼ਾਨੇਬਾਜ਼ ਮਨੂ ਭਾਕਰ ਨੂੰ ਦਿੱਤੀ ਗਈ, ਜਿਸ ਨੇ ਨਿਸ਼ਾਨੇਬਾਜ਼ੀ ਵਿਚ ਦੋ ਕਾਂਸੀ ਦੇ ਤਗਮੇ ਜਿੱਤੇ। ਮਨੂ ਭਾਕਰ ਦੇ ਖਾਤੇ ਵਿਚ ਪੰਜ ਕਰੋੜ ਰੁਪਏ ਟਰਾਂਸਫਰ ਕੀਤੇ ਗਏ। ਇਸ ਦੇ ਨਾਲ ਹੀ ਪੈਰਿਸ ਓਲੰਪਿਕ 'ਚ ਭਾਰਤ ਲਈ ਇਕਲੌਤਾ ਚਾਂਦੀ ਦਾ ਤਗਮਾ ਜਿੱਤਣ ਵਾਲੇ ਨੀਰਜ ਚੋਪੜਾ ਦੇ ਖਾਤੇ 'ਚ 4 ਕਰੋੜ ਰੁਪਏ ਟਰਾਂਸਫਰ ਹੋ ਗਏ ਹਨ।

ਪਹਿਲਵਾਨ ਵਿਨੇਸ਼ ਫੋਗਾਟ, ਜਿਸ ਨੂੰ 100 ਗ੍ਰਾਮ ਵੱਧ ਵਜ਼ਨ ਕਾਰਨ ਕੁਸ਼ਤੀ ਫਾਈਨਲ ਵਿਚ ਅਯੋਗ ਕਰਾਰ ਦਿੱਤਾ ਗਿਆ ਸੀ, ਨੂੰ ਵੀ 4 ਕਰੋੜ ਰੁਪਏ ਦਿੱਤੇ ਗਏ ਹਨ। ਨਿਸ਼ਾਨੇਬਾਜ਼ੀ ਵਿਚ ਕਾਂਸੀ ਦਾ ਤਗ਼ਮਾ ਜਿੱਤਣ ਵਾਲੇ ਸਰਬਜੋਤ ਸਿੰਘ ਨੂੰ 2.50 ਕਰੋੜ ਰੁਪਏ ਦਿੱਤੇ ਗਏ। ਕਾਂਸੀ ਦਾ ਤਗਮਾ ਜੇਤੂ ਹਾਕੀ ਟੀਮ ਦਾ ਹਿੱਸਾ ਰਹੇ ਖਿਡਾਰੀ ਅਭਿਸ਼ੇਕ ਨੈਨ, ਸੁਮਿਤ ਕੁਮਾਰ ਅਤੇ ਸੰਜੇ ਸਿੰਘ ਨੂੰ ਵੀ 2.50 ਕਰੋੜ ਰੁਪਏ ਮਿਲੇ ਹਨ।

ਇਸ ਦੇ ਨਾਲ ਹੀ ਮੈਡਲ ਤੋਂ ਖੁੰਝਣ ਵਾਲੇ 17 ਐਥਲੀਟਾਂ ਨੂੰ 15-15 ਲੱਖ ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਗਈ। ਦੱਸ ਦੇਈਏ ਕਿ ਨੀਰਜ ਚੋਪੜਾ ਨੇ ਟੋਕੀਓ ਓਲੰਪਿਕ 'ਚ ਗੋਲਡ ਮੈਡਲ ਜਿੱਤਿਆ ਸੀ। ਹਾਲਾਂਕਿ ਇਸ ਵਾਰ ਉਸ ਨੂੰ ਚਾਂਦੀ ਦੇ ਤਗਮੇ ਨਾਲ ਹੀ ਸੰਤੁਸ਼ਟ ਹੋਣਾ ਪਿਆ। ਅਗਲੇ ਓਲੰਪਿਕ ਵਿਚ ਵੀ ਉਸ ਤੋਂ ਗੋਲਡ ਦੀ ਉਮੀਦ ਕੀਤੀ ਜਾਵੇਗੀ।

# ਸੁਪਰੀਮ ਕੋਰਟ ਵੱਲੋਂ ਸੋਸ਼ਲ ਮੀਡੀਆ ਤੋਂ ਮ੍ਰਿਤਕ ਦਾ ਨਾਮ, ਫੋਟੋਆਂ ਤੇ ਵੀਡੀਓ ਹਟਾਉਣ ਦੇ ਹੁਕਮ

**ਕੋਲਕਾਤਾ ਡਾਕਟਰ ਬਲਾਤਕਾਰ ਤੇ ਕਤਲ ਮਾਮਲਾ**



**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕੋਲਕਾਤਾ ਦੇ ਆਰਜੀ ਕਰ ਮੈਡੀਕਲ ਕਾਲਜ ਅਤੇ ਹਸਪਤਾਲ ਵਿਚ ਬਲਾਤਕਾਰ ਮਗਰੋਂ ਕਤਲ ਕੀਤੀ ਗਈ ਸਿਖਿਆਰਥਣ ਡਾਕਟਰ ਦਾ ਨਾਮ, ਫੋਟੋਆਂ ਅਤੇ ਵੀਡੀਓਜ਼ ਨੂੰ ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਹਟਾਉਣ ਦਾ ਹੁਕਮ ਦਿੱਤਾ ਹੈ। ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਈ ਲੜਕੀ ਦੀ ਪਛਾਣ ਦਾ ਖੁਲਾਸਾ ਨਿਪੁਨ ਸਕਸੈਨਾ ਮਾਮਲੇ 'ਚ ਦਿੱਤੇ ਹੁਕਮਾਂ ਦੀ ਉਲੰਘਣਾ ਹੈ। ਸਿਖਰਲੀ ਅਦਾਲਤ ਵਕੀਲ ਕਿੰਨੋਰੀ ਘੋਸ਼ ਅਤੇ ਹੋਰਾਂ ਦੁਆਰਾ ਸੋਸ਼ਲ ਮੀਡੀਆ 'ਤੇ ਪੀੜਤ ਡਾਕਟਰ ਦੀ ਪਛਾਣ ਦੇ ਖੁਲਾਸੇ ਵਿਰੁੱਧ ਦਾਇਰ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਇਸ ਤੋਂ ਪਹਿਲਾਂ ਸਵੇਰੇ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਇਹ ਡੂੰਘੀ ਚਿੰਤਾ ਦਾ ਵਿਸ਼ਾ ਹੈ ਕਿ ਜਿਸ ਦਾ ਬਲਾਤਕਾਰ ਅਤੇ ਕਤਲ ਕੀਤਾ ਗਿਆ, ਉਸ ਦਾ ਨਾਮ ਸੋਸ਼ਲ ਮੀਡੀਆ 'ਤੇ ਪ੍ਰਕਾਸ਼ਿਤ ਕੀਤਾ ਗਿਆ।

# ਸੁਪਰੀਮ ਕੋਰਟ ਨੇ ਐੱਫ.ਆਈ.ਆਰ. ਦਰਜ ਕਰਨ 'ਚ ਦੇਰੀ ਲਈ ਸਰਕਾਰ ਨੂੰ ਝਾੜਿਆ

- ਡਾਕਟਰਾਂ ਨੂੰ ਕੰਮ 'ਤੇ ਪਰਤਣ ਦੀ ਕੀਤੀ ਅਪੀਲ

**ਨਵੀਂ ਦਿੱਲੀ, (ਪੰਜਾਬ ਮੇਲ)-** ਕੋਲਕਾਤਾ ਦੇ ਆਰਜੀ ਕਰ ਮੈਡੀਕਲ ਕਾਲਜ ਅਤੇ ਹਸਪਤਾਲ ਵਿਚ ਡਾਕਟਰ ਨਾਲ ਬਲਾਤਕਾਰ ਅਤੇ ਹੱਤਿਆ ਦੀ ਘਟਨਾ ਨੂੰ ਭਿਆਨਕ ਕਰਾਰ ਦਿੰਦਿਆਂ ਸੁਪਰੀਮ ਕੋਰਟ ਨੇ ਪੱਛਮੀ ਬੰਗਾਲ ਸਰਕਾਰ ਨੂੰ ਮਾਮਲੇ ਵਿਚ ਐੱਫ.ਆਈ.ਆਰ. ਦਰਜ ਕਰਨ ਵਿਚ ਦੇਰ ਲਈ ਝਾੜਿਆ। ਇਸ ਦੇ ਨਾਲ ਸੁਪਰੀਮ ਕੋਰਟ ਨੇ ਪ੍ਰਦਰਸ਼ਨ ਕਰ ਰਹੇ ਡਾਕਟਰਾਂ ਨੂੰ ਕੰਮ 'ਤੇ ਪਰਤਣ ਦੀ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਡਾਕਟਰਾਂ ਅਤੇ ਸਿਹਤ ਪੇਸ਼ੇਵਰਾਂ ਦੀ ਸੁਰੱਖਿਆ ਅਤੇ ਸਹੂਲਤਾਂ ਨੂੰ ਯਕੀਨੀ ਬਣਾਉਣ ਲਈ ਕੌਮੀ ਪ੍ਰੋਟੋਕੋਲ ਤਿਆਰ ਕਰਨ ਲਈ 10 ਮੈਂਬਰੀ ਟਾਸਕ ਫੋਰਸ ਕਾਇਮ ਕੀਤੀ ਹੈ। ਇਹ ਟਾਸਕ ਫੋਰਸ ਆਪਣੀ ਅੰਤਰਿਮ ਰਿਪੋਰਟ ਤਿੰਨ ਹਫ਼ਤਿਆਂ ਵਿਚ ਅਤੇ ਅੰਤਿਮ ਰਿਪੋਰਟ ਦੋ ਮਹੀਨਿਆਂ ਵਿਚ ਸੌਂਪੇਗੀ। ਮਾਮਲੇ ਦਾ ਖੁਦ ਨੋਟਿਸ ਲੈਂਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਇਹ ਘਟਨਾ ਪੂਰੇ ਭਾਰਤ ਵਿਚ ਡਾਕਟਰਾਂ ਦੀ ਸੁਰੱਖਿਆ ਨਾਲ ਸਬੰਧਤ ਹੈ। ਅਦਾਲਤ ਨੇ ਸੀ.ਆਈ.ਐੱਸ.ਐੱਫ. ਨੂੰ ਆਰਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ ਸੁਰੱਖਿਆ ਮੁਹੱਈਆ ਕਰਾਉਣ ਦਾ ਹੁਕਮ ਦਿੱਤਾ। ਡਾਕਟਰ ਬਲਾਤਕਾਰ ਤੇ ਹੱਤਿਆ ਨਾਲ ਸਬੰਧਤ ਪਟੀਸ਼ਨਾਂ 'ਤੇ ਸੁਣਵਾਈ 22 ਅਗਸਤ ਨੂੰ ਹੋਵੇਗੀ। ਚੀਫ਼ ਜਸਟਿਸ (ਸੀ.ਜੇ.ਆਈ.) ਡੀ.ਵਾਈ. ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ ਇਸ ਘਟਨਾ ਦਾ ਖ਼ੁਦ ਨੋਟਿਸ ਲੈਂਦਿਆਂ ਕਿਹਾ ਕਿ ਜੇ ਔਰਤਾਂ ਕੰਮ 'ਤੇ ਨਹੀਂ ਜਾ ਸਕਦੀਆਂ ਅਤੇ ਕੰਮ ਕਰਨ ਦੀਆਂ ਸਥਿਤੀਆਂ ਸੁਰੱਖਿਅਤ ਨਹੀਂ ਹਨ, ਤਾਂ ਅਸੀਂ ਉਨ੍ਹਾਂ ਨੂੰ ਬਰਾਬਰੀ ਦੇਣ ਤੋਂ ਇਨਕਾਰ ਕਰ ਰਹੇ ਹਾਂ। ਬਲਾਤਕਾਰ-ਕਤਲ ਮਾਮਲੇ ਵਿਚ ਐੱਫ.ਆਈ.ਆਰ. ਦਰਜ ਕਰਨ ਵਿਚ ਦੇਰੀ ਲਈ ਪੱਛਮੀ ਬੰਗਾਲ ਸਰਕਾਰ ਦੀ ਆਲੋਚਨਾ ਕਰਦੇ ਹੋਏ ਸੁਪਰੀਮ ਕੋਰਟ ਨੇ ਪੁੱਛਿਆ ਕਿ ਹਸਪਤਾਲ ਦੇ ਅਧਿਕਾਰੀ ਕੀ ਕਰ ਰਹੇ ਸਨ? ਬੈਂਚ ਵਿਚ ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਵੀ ਸ਼ਾਮਲ ਹਨ।

# ਸਮੋਆ ਦੇ ਬੱਲੇਬਾਜ਼ ਨੇ ਤੋੜਿਆ ਯੁਵਰਾਜ ਦਾ 17 ਸਾਲ ਪੁਰਾਣਾ ਰਿਕਾਰਡ



- 1 ਓਵਰ 'ਚ ਬਣਾਈਆਂ 39 ਦੌੜਾਂ

**ਨਵੀਂ ਦਿੱਲੀ, (ਪੰਜਾਬ ਮੇਲ)-** ਸਮੋਆ ਦੇ ਮੱਧਕ੍ਰਮ ਦੇ ਬੱਲੇਬਾਜ਼ ਡੇਰਿਅਸ ਵਿਸਰ ਨੇ ਰਾਜਧਾਨੀ ਅਪੀਆ ਵਿਚ ਟੀ-20 ਵਿਸ਼ਵ ਕੱਪ ਈਸਟ ਏਸ਼ੀਆ ਪੈਸੀਫਿਕ ਜ਼ੋਨ ਕੁਆਲੀਫਾਇਰ ਵਿਚ ਵੈਨੂਆਟੂ ਖ਼ਿਲਾਫ਼ ਇੱਕ ਓਵਰ ਵਿਚ 39 ਦੌੜਾਂ ਬਣਾ ਕੇ ਟੀ-20 ਕੌਮਾਂਤਰੀ ਕ੍ਰਿਕਟ ਵਿਚ ਨਵਾਂ ਰਿਕਾਰਡ ਬਣਾਇਆ। ਇਸ ਨਾਲ ਭਾਰਤੀ ਬੱਲੇਬਾਜ਼ ਯੁਵਰਾਜ ਸਿੰਘ ਦਾ 17 ਸਾਲ ਪਹਿਲਾਂ ਬਣਾਇਆ ਰਿਕਾਰਡ ਟੁੱਟ ਗਿਆ। ਵਿਸਰ ਨੇ ਤੇਜ਼ ਗੇਂਦਬਾਜ਼ ਨਲਿਨ ਨਿਪਿਕੋ ਦੇ ਇੱਕ ਓਵਰ ਵਿਚ ਛੇ ਛੱਕੇ ਜੜੇ। ਇਸ ਓਵਰ ਵਿਚ ਤਿੰਨ ਨੋ ਬਾਲ ਵੀ ਸ਼ਾਮਲ ਸਨ, ਜਿਸ ਨਾਲ ਇਹ ਟੀ-20 ਅੰਤਰਰਾਸ਼ਟਰੀ ਕ੍ਰਿਕਟ ਵਿਚ ਇੱਕ ਓਵਰ ਵਿਚ ਸਭ ਤੋਂ ਵੱਧ ਦੌੜਾਂ ਬਣਾਉਣ ਦਾ ਨਵਾਂ ਰਿਕਾਰਡ ਬਣ ਗਿਆ। ਇਸ 28 ਸਾਲਾ ਬੱਲੇਬਾਜ਼ ਦਾ ਇਹ ਸਿਰਫ਼ ਤੀਜਾ ਟੀ-20 ਮੈਚ ਸੀ। ਉਸ ਨੇ 62 ਗੇਂਦਾਂ ਵਿਚ ਪੰਜ ਚੌਕਿਆਂ ਅਤੇ 14 ਛੱਕਿਆਂ ਦੀ ਮਦਦ ਨਾਲ 132 ਦੌੜਾਂ ਬਣਾਈਆਂ। ਟੀ-20 ਆਈ ਓਵਰ ਵਿਚ ਸਭ ਤੋਂ ਵੱਧ ਦੌੜਾਂ ਬਣਾਉਣ ਦਾ ਪਿਛਲਾ ਰਿਕਾਰਡ 36 ਦਾ ਸੀ, ਜਿਸ ਵਿਚ ਭਾਰਤ ਦੇ ਯੁਵਰਾਜ ਸਿੰਘ, ਵੈਸਟਇੰਡੀਜ਼ ਦੇ ਕੀਰੋਨ ਪੋਲਾਰਡ ਅਤੇ ਨੇਪਾਲ ਦੇ ਆਲਰਾਊਂਡਰ ਦੀਪੇਂਦਰ ਸਿੰਘ ਐਰੀ ਨੇ ਇੱਕ ਓਵਰ ਵਿਚ ਛੇ ਛੱਕੇ ਜੜੇ ਸਨ। ਯੁਵਰਾਜ ਨੇ 2007 ਦੇ ਟੀ-20 ਵਿਸ਼ਵ ਕੱਪ ਮੈਚ ਵਿਚ ਇੰਗਲੈਂਡ ਦੇ ਸਟੂਅਰਟ ਬ੍ਰਾਡ ਨੂੰ ਇੱਕ ਓਵਰ ਵਿਚ ਛੇ ਛੱਕੇ ਜੜੇ, ਪੋਲਾਰਡ ਨੇ 2021 ਵਿਚ ਸ੍ਰੀਲੰਕਾ ਦੇ ਅਕੀਲਾ ਦਾਨੰਜਯਾ ਦੀਆਂ ਗੇਂਦਾਂ ਕੁੱਟੀਆਂ। ਐਰੀ ਅਪਰੈਲ ਵਿਚ ਇਹ ਉਪਲਬਧੀ ਹਾਸਲ ਕਰਨ ਵਾਲਾ ਤੀਜਾ ਬੱਲੇਬਾਜ਼ ਬਣ ਗਿਆ।

# ਸਟਾਰ ਫੁਟਬਾਲਰ ਲਿਓਨਲ ਮੈਸੀ ਸੱਟ ਕਾਰਨ ਨਹੀਂ ਖੇਡੇਗਾ ਵਿਸ਼ਵ ਕੱਪ ਕੁਆਲੀਫਾਇਰ ਮੈਚ



**ਬਿਊਨਸ ਆਇਰਸ (ਅਰਜਨਟੀਨਾ), (ਪੰਜਾਬ ਮੇਲ)-** ਸਟਾਰ ਫੁਟਬਾਲਰ ਲਿਓਨਲ ਮੈਸੀ ਸੱਟ ਕਾਰਨ ਅਰਜਨਟੀਨਾ ਲਈ ਵਿਸ਼ਵ ਕੱਪ ਕੁਆਲੀਫਾਇਰ ਦੇ ਅਗਲੇ ਦੋ ਮੈਚ ਨਹੀਂ ਖੇਡੇਗਾ। ਅਰਜਨਟੀਨਾ ਦੇ ਕੋਚ ਲਿਓਨੇਲ ਸਕਾਲੋਨੀ ਨੇ 5 ਸਤੰਬਰ ਨੂੰ ਚਿਲੀ ਅਤੇ ਪੰਜ ਦਿਨ ਬਾਅਦ ਕੋਲੰਬੀਆ ਖ਼ਿਲਾਫ਼ ਹੋਣ ਵਾਲੇ ਮੈਚਾਂ ਲਈ ਆਪਣੀ 28 ਮੈਂਬਰੀ ਟੀਮ ਦਾ ਐਲਾਨ ਕੀਤਾ। ਮੈਸੀ ਫ਼ਿਲਹਾਲ ਸੱਜੇ ਗਿੱਟੇ ਦੀ ਸੱਟ ਤੋਂ ਉਭਰ ਰਿਹਾ ਹੈ। ਵਿਸ਼ਵ ਕੱਪ ਚੈਂਪੀਅਨ ਅਰਜਨਟੀਨਾ ਛੇ ਮੈਚਾਂ ਤੋਂ ਬਾਅਦ 15 ਅੰਕਾਂ ਨਾਲ ਦੱਖਣੀ ਅਮਰੀਕੀ ਕੁਆਲੀਫਾਇੰਗ ਵਿਚ ਸਿਖ਼ਰ 'ਤੇ ਹੈ।

# ਮੁੰਬਈ ਅੱਤਵਾਦੀ ਹਮਲੇ ਦੇ ਦੋਸ਼ੀ ਤਹੱਵੁਰ ਰਾਣਾ ਦੀ ਹੋਵੇਗੀ ਭਾਰਤ ਹਵਾਲਗੀ !

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਅਦਾਲਤ ਨੇ ਮੁੰਬਈ ਵਿਚ ਹੋਏ ਅੱਤਵਾਦੀ ਹਮਲਿਆਂ ’ਚ ਸ਼ਾਮਲ ਹੋਣ ਦੇ ਦੋਸ਼ੀ ਅਤੇ ਪਾਕਿਸਤਾਨੀ ਮੂਲ ਦੇ ਕੈਨੇਡੀਅਨ ਕਾਰੋਬਾਰੀ ਤਹੱਵੁਰ ਰਾਣਾ ਨੂੰ ਵੱਡਾ ਝਟਕਾ ਦਿੰਦਿਆਂ ਕਿਹਾ ਹੈ ਕਿ ਹਵਾਲਗੀ ਸੰਧੀ ਤਹਿਤ ਉਸ ਨੂੰ ਭਾਰਤ ਹਵਾਲੇ ਕੀਤਾ ਜਾ ਸਕਦਾ ਹੈ। ‘ਯੂ.ਐੱਸ. ਕੋਰਟ ਆਫ ਅਪੀਲਜ਼ ਫਾਰ ਨਾਇੰਥ ਸਰਕਟ’ ਨੇ 15 ਅਗਸਤ ਨੂੰ ਆਪਣੇ ਫੈਸਲੇ ਵਿਚ ਕਿਹਾ, “(ਭਾਰਤ-ਅਮਰੀਕਾ ਹਵਾਲਗੀ) ਸੰਧੀ ਰਾਣਾ ਦੀ ਹਵਾਲਗੀ ਦੀ ਇਜਾਜ਼ਤ ਦਿੰਦੀ ਹੈ।”



ਰਾਣਾ ਨੇ ਕੈਲੀਫੋਰਨੀਆ ਸਥਿਤ ਅਮਰੀਕੀ ਜ਼ਿਲ੍ਹਾ ਅਦਾਲਤ ਦੇ ਹੁਕਮਾਂ ਵਿਰੁੱਧ ‘ਯੂ.ਐੱਸ. ਕੋਰਟ ਆਫ਼ ਅਪੀਲਜ਼ ਫਾਰ ਨਾਇੰਥ ਸਰਕਟ’ ਵਿਚ ਪਟੀਸ਼ਨ ਦਾਇਰ ਕੀਤੀ ਸੀ। ਕੈਲੀਫੋਰਨੀਆ ਦੀ ਅਦਾਲਤ ਨੇ ਉਸ ਦੀ ਹੈਬੀਅਸ ਕਾਰਪਸ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ। ਹੈਬੀਅਸ ਕਾਰਪਸ ਪਟੀਸ਼ਨ ’ਚ ਮੁੰਬਈ ’ਚ ਹੋਏ ਅੱਤਵਾਦੀ ਹਮਲਿਆਂ ’ਚ ਕਥਿਤ ਸ਼ਮੂਲੀਅਤ ਲਈ ਰਾਣਾ ਨੂੰ ਭਾਰਤ ਹਵਾਲੇ ਕਰਨ ਦੇ ਮੈਜਿਸਟ੍ਰੇਟ ਜੱਜ ਦੇ ਹੁਕਮ ਨੂੰ ਚੁਣੌਤੀ ਦਿੱਤੀ ਗਈ ਸੀ।

‘ਯੂ.ਐੱਸ. ਕੋਰਟ ਆਫ਼ ਅਪੀਲਜ਼ ਫਾਰ ਮਾਇੰਥ ਸਰਕਟ’ ਦੇ ਜੱਜਾਂ ਦੇ ਇੱਕ ਪੈਨਲ ਨੇ ਜ਼ਿਲ੍ਹਾ ਅਦਾਲਤ ਦੇ ਫੈਸਲੇ ਦੀ ਪੁਸ਼ਟੀ ਕੀਤੀ। ਹਵਾਲਗੀ ਦੇ ਹੁਕਮਾਂ ਦੀ ਹੇਬੀਅਸ ਕਾਰਪਸ ਸਮੀਖਿਆ ਦੇ ਸੀਮਤ ਦਾਇਰੇ ਦੇ ਤਹਿਤ, ਪੈਨਲ ਨੇ ਮੰਨਿਆ ਕਿ ਰਾਣਾ ਵਿਰੁੱਧ ਦੋਸ਼ ਅਮਰੀਕਾ ਅਤੇ ਭਾਰਤ ਵਿਚਕਾਰ ਹਵਾਲਗੀ ਸੰਧੀ ਦੀਆਂ ਸ਼ਰਤਾਂ ਦੇ ਅੰਦਰ ਆਉਂਦੇ ਹਨ। ਸੰਧੀ ਵਿਚ ਹਵਾਲਗੀ ਲਈ ‘ਨੌਨ ਬਿਸ ਇਨ ਆਈਡਮ’ (ਕਿਸੇ ਵਿਅਕਤੀ ਨੂੰ ਇਕ ਦੋਸ਼ ਲਈ ਦੋ ਵਾਰ ਸਜ਼ਾ ਨਹੀਂ ਦਿੱਤੇ ਜਾਣ ਦੇ ਸਿਧਾਂਤ) ਅਪਵਾਦ ਸ਼ਾਮਲ ਹੈ।

ਜਿਸ ਦੇਸ਼ ਕੋਲੋਂ ਹਵਾਲਗੀ ਦੀ ਬੇਨਤੀ ਕੀਤੀ ਗਈ ਹੋਵੇ, ਜੇਕਰ ਲੋੜੀਂਦਾ ਵਿਅਕਤੀ ਉਸ ਦੇਸ਼ ਵਿਚ ਉਨ੍ਹਾਂ ਦੋਸ਼ਾਂ ਲਈ ਦੋਸ਼ੀ ਸਾਬਤ ਹੋ ਗਿਆ ਹੋਵੇ ਜਾਂ ਦੋਸ਼ ਮੁਕਤ ਕਰ ਦਿੱਤਾ ਗਿਆ ਹੋਵੇ, ਜਿਸ ਦੋਸ਼ ਲਈ ਹਵਾਲਗੀ ਦੀ ਬੇਨਤੀ ਕੀਤੀ ਗਈ ਹੈ, ਤਾਂ ਇਸ ਸਥਿਤੀ ਵਿਚ ਇਹ ਅਪਵਾਦ ਲਾਗੂ ਹੁੰਦਾ ਹੈ।

ਪੈਨਲ ਨੇ ਸੰਧੀ ਦੇ ਵਿਸ਼ਾ ਵਸਤੂ, ਵਿਦੇਸ਼ ਡਿਪਾਰਟਮੈਂਟ ਦੇ ਤਕਨੀਕੀ ਵਿਸ਼ਲੇਸ਼ਣ ਅਤੇ ਹੋਰ ਸਰਕਟ ਅਦਾਲਤਾਂ ਵਿਚ ਇਸ ਤਰ੍ਹਾਂ ਦੇ ਮਾਮਲਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਮੰਨਿਆ ਹੈ ਕਿ “ਅਪਰਾਧ” ਸ਼ਬਦ ਅੰਤਰੀਵ ਕਾਰਵਾਈਆਂ ਦੀ ਬਜਾਏ ਦੋਸ਼ਾਂ ਨੂੰ ਦਰਸਾਉਂਦਾ ਹੈ ਅਤੇ ਇਹ ਜ਼ਰੂਰੀ ਹੈ ਕਿ ਹਰੇਕ ਅਪਰਾਧ ਦੇ ਤੱਤ ਵਿਸ਼ਲੇਸ਼ਣ ਜ਼ਰੂਰੀ ਹੈ।

ਹਾਲਾਂਕਿ, ਜਿਊਰੀ ਨੇ ਰਾਣਾ ਨੂੰ ਭਾਰਤ ਵਿਚ ਹਮਲਿਆਂ ਨਾਲ ਸਬੰਧਤ ਅੱਤਵਾਦ ਨੂੰ ਸਮੱਗਰੀ ਸਹਾਇਤਾ ਪ੍ਰਦਾਨ ਕਰਨ ਦੀ ਸਾਜ਼ਿਸ਼ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ। ਉਨ੍ਹਾਂ ਅਪਰਾਧਾਂ ਲਈ ਰਾਣਾ ਦੀ ਸੱਤ ਸਾਲ ਦੀ ਕੈਦ ਅਤੇ ਉਸ ਦੀ ਤਰਸਪੂਰਣ ਰਿਹਾਈ ਤੋਂ ਬਾਅਦ, ਭਾਰਤ ਨੇ ਮੁੰਬਈ ਹਮਲਿਆਂ ਵਿਚ ਉਸਦੀ ਕਥਿਤ ਸ਼ਮੂਲੀਅਤ ਲਈ ਉਸਦੀ ਹਵਾਲਗੀ ਦੀ ਬੇਨਤੀ ਜਾਰੀ ਕੀਤੀ।

ਸਫਾ 1 ਦਾ ਬਾਕੀ

## ਬਾਇਡਨ ਵੱਲੋਂ ਡੈਮੋਕ੍ਰੇਟਿਕ ਪਾਰਟੀ ਕਨਵੈਨਸ਼ਨ ’ਚ ਟਰੰਪ...

ਆਧੁਨਿਕੀਕਰਨ ਕੀਤਾ ਹੈ। ਹਾਈ ਸਪੀਡ ਨੈੱਟ ਉਪਲਬਧ ਕਰਵਾਇਆ ਗਿਆ ਹੈ। ਅਸੀਂ ਦੇਸ਼ ਨੂੰ ਇਕੱਠੇ ਕੀਤਾ ਹੈ। ਅਸੀਂ ਅਰਥਵਿਵਸਥਾ ਦੇ ਵਾਧੇ ਲਈ ਬਹੁਤ ਸਖ਼ਤ ਮਿਹਨਤ ਵੀ ਕੀਤੀ ਹੈ। ਇਸ ਮੌਕੇ ਰਾਸ਼ਟਰਪਤੀ ਬਾਇਡਨ ਨੇ ਕਿਹਾ ਕਿ ਉਨ੍ਹਾਂ ਨੇ ਪਿਛਲੇ 50 ਸਾਲਾਂ ਵਿਚ ਅਮਰੀਕਾ ਨੂੰ ਸਭ ਤੋਂ ਵਧੀਆ ਸੇਵਾਵਾਂ ਪ੍ਰਦਾਨ ਕੀਤੀਆਂ ਹਨ। ਉਨ੍ਹਾਂ ਨੇ ਖੁਸ਼ੀ ਜ਼ਾਹਰ ਕੀਤੀ ਕਿ ਇਸ ਦੇ ਬਦਲੇ ਵਿਚ ਉਸ ਨੂੰ ਅਮਰੀਕੀਆਂ ਤੋਂ ਲੱਖਾਂ ਪ੍ਰਸ਼ੰਸਕ ਮਿਲੇ ਹਨ। ਉਨ੍ਹਾਂ ਕਿਹਾ ਕਿ ਕਮਲਾ ਹੈਰਿਸ ਅਤੇ ਟਿਮ ਵਾਲਜ਼ ਹੁਣ ਤੋਂ ਆਪਣੀ ਡਿਊਟੀ ਜਾਰੀ ਰੱਖਣਗੇ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਸਰਵੋਤਮ ਵਾਲੰਟੀਅਰ ਵਜੋਂ ਉਨ੍ਹਾਂ ਦੇ ਨਾਲ ਕੰਮ ਕਰਨਗੇ।

ਸਫਾ 1 ਦਾ ਬਾਕੀ

## ਸੁਨੀਤਾ ਵਿਲੀਅਮਸ ਦੇ ਪੁਲਾੜ ਯਾਨ ਦੇ ਸੜਨ ਦਾ ...

ਬੋਇੰਗ ਸਟਾਰਲਾਈਨਰ ਦੀ ਧਰਤੀ ਤੋਂ ਲਾਂਚਿੰਗ ਸਫਲ ਰਹੀ। ਪਰ ਜਦੋਂ ਇਹ ਪੁਲਾੜ ਵਿਚ ਗਿਆ, ਤਾਂ ਹੀਲੀਅਮ ਲੀਕ ਅਤੇ ਥਰਸਟਰ ਖਰਾਬ ਹੋਣ ਵਰਗੀਆਂ ਸਮੱਸਿਆਵਾਂ ਦੇਖੀਆਂ ਗਈਆਂ। ਨਾਸਾ ਵਰਤਮਾਨ ਵਿਚ ਇਸ ਗੱਲ ’ਤੇ ਵਿਚਾਰ ਕਰ ਰਿਹਾ ਹੈ ਕਿ ਕੀ ਬੋਇੰਗ ਸਟਾਰਲਾਈਨਰ ਦੀ ਵਰਤੋਂ ਕਰਕੇ ਸੁਨੀਤਾ ਵਿਲੀਅਮਸ ਦੇ ਵਾਪਸੀ ਮਿਸ਼ਨ ਨਾਲ ਅੱਗੇ ਵਧਣਾ ਹੈ ਜਾਂ ਸਪੇਸਐਕਸ ਦੀ ਵਰਤੋਂ ਕਰਕੇ ਬਚਾਅ ਮਿਸ਼ਨ ਸ਼ੁਰੂ ਕਰਨਾ ਹੈ। ਡੇਲੀ ਮੇਲ ਦੀ ਰਿਪੋਰਟ ਮੁਤਾਬਕ ਰਿਡੋਲਫੀ ਨੇ ਕਿਹਾ ਕਿ ਸੁਰੱਖਿਅਤ ਵਾਪਸੀ ਲਈ ਸਟਾਰਲਾਈਨਰ ਦੇ ਸੇਵਾ ਮੋਡੀਊਲ ਨੂੰ ਕੈਪਸੂਲ ਨੂੰ ਸਹੀ ਕੋਣ ’ਤੇ ਰੱਖਣਾ ਚਾਹੀਦਾ ਹੈ,... ਜੇਕਰ ਇਸ ਵਿਚ ਮਾਮੂਲੀ ਜਿਹੀ ਵੀ ਗ਼ਲਤੀ ਹੋ ਗਈ, ਤਾਂ ਇਸ ਦੇ ਨਤੀਜੇ ਭਿਆਨਕ ਹੋ ਸਕਦੇ ਹਨ। ਰਿਡੋਲਫੀ ਨੇ ਚਿਤਾਵਨੀ ਦਿੱਤੀ ਕਿ ਜੇਕਰ ਕੈਪਸੂਲ ਸਹੀ ਢੰਗ ਨਾਲ ਲਾਈਨ ਵਿਚ ਨਹੀਂ ਆਇਆ, ਤਾਂ ਇਹ ਧਰਤੀ ਦੇ ਵਾਯੂਮੰਡਲ ਵਿਚ ਮੁੜ ਦਾਖਲ ਹੋਣ ਦੌਰਾਨ ਸੜ ਸਕਦਾ ਹੈ। ਜਾਂ ਵਾਪਸ ਪੁਲਾੜ ਵਿਚ ਸੁੱਟਿਆ ਜਾ ਸਕਦਾ ਹੈ। ਉਨ੍ਹਾਂ ਨੇ ਵਾਪਸੀ ਸਬੰਧੀ ਤਿੰਨ ਤਰ੍ਹਾਂ ਦੇ ਖ਼ਤਰਿਆਂ ਦਾ ਜ਼ਿਕਰ ਕੀਤਾ ਹੈ। ਪਹਿਲਾ ਸੰਭਾਵੀ ਖ਼ਤਰਾ ਇਹ ਹੈ ਕਿ ਜੇਕਰ ਕੈਪਸੂਲ ਗ਼ਲਤ ਕੋਣ ’ਤੇ ਮੁੜ-ਪ੍ਰਵੇਸ਼ ਕਰਦਾ ਹੈ, ਤਾਂ ਇਹ ਵਾਯੂਮੰਡਲ ਤੋਂ ਬਾਹਰ ਨਿਕਲ ਕੇ ਪੁਲਾੜ ਵਿਚ ਵਾਪਸ ਆ ਸਕਦਾ ਹੈ। ਉਦੋਂ ਸਟਾਰਲਾਈਨਰ ਕੋਲ ਸਿਰਫ 96 ਘੰਟੇ ਦੀ ਆਕਸੀਜਨ ਅਤੇ ਅਸਫਲ ਥਰਸਟਰ ਹੋਣਗੇ। ਪੁਲਾੜ ਯਾਤਰੀ ਫਿਰ ਪੁਲਾੜ ਵਿਚ ਫਸ ਜਾਣਗੇ।

ਦੂਜੇ ਦ੍ਰਿਸ਼ ਵਿਚ, ਪੁਲਾੜ ਯਾਤਰੀ ਅਜੇ ਵੀ ਪੁਲਾੜ ਵਿਚ ਫਸੇ ਰਹਿਣਗੇ ਜੇਕਰ ਪੁਲਾੜ ਯਾਨ ਨੁਕਸਦਾਰ ਅਲਾਈਨਮੈਂਟ ਦੇ ਕਾਰਨ ਵਾਯੂਮੰਡਲ ਵਿਚ ਦੁਬਾਰਾ ਦਾਖਲ ਹੋਣ ਵਿਚ ਅਸਫਲ ਰਹਿੰਦਾ ਹੈ। ਇਸਦਾ ਨਤੀਜਾ ਉਹੀ ਹੈ ਜਿਵੇਂ ਕਿ ਇਹ ਪੁਲਾੜ ਵਿਚ ਵਾਪਸ ਉਛਲਦਾ ਹੈ। ਤੀਸਰਾ ਅਤੇ ਸਭ ਤੋਂ ਮਾੜਾ ਸਥਿਤੀ ਪੁਲਾੜ ਯਾਨ ਦਾ ਸੜਨਾ ਹੈ। ਰਿਡੋਲਫੀ ਦਾ ਕਹਿਣਾ ਹੈ ਕਿ ਜੇਕਰ ਕੈਪਸੂਲ ਬਹੁਤ ਜ਼ਿਆਦਾ ਉੱਚੇ ਕੋਣ ’ਤੇ ਵਾਯੂਮੰਡਲ ਵਿਚ ਵਾਪਸ ਆਉਂਦਾ ਹੈ, ਤਾਂ ਪੁਲਾੜ ਯਾਨ ਬਹੁਤ ਜ਼ਿਆਦਾ ਰਗੜ ਕਾਰਨ ਸੜ ਜਾਵੇਗਾ ਅਤੇ ਪੁਲਾੜ ਯਾਤਰੀ ਮੱਧ-ਹਵਾ ਵਿਚ ਮਾਰੇ ਜਾਣਗੇ।

ਸਫਾ 1 ਦਾ ਬਾਕੀ

## ਪੰਜਾਬ ਸਰਕਾਰ ਵੱਲੋਂ 4 ਸਾਬਕਾ ਵਜ਼ੀਰਾਂ ਖਿਲਾਫ਼ ਕੇਸ...

ਅਦਾਲਤੀ ਕਾਰਵਾਈ ਸ਼ੁਰੂ ਕਰਨ ਦੀ ਆਖ਼ਰੀ ਪ੍ਰਵਾਨਗੀ ਦੇਣਗੇ। ਚੇਤੇ ਰਹੇ ਕਿ ਵਿਧਾਇਕਾਂ, ਸਾਬਕਾ ਵਿਧਾਇਕਾਂ ਖ਼ਿਲਾਫ਼ ਅਦਾਲਤੀ ਕਾਰਵਾਈ ਸ਼ੁਰੂ ਕਰਨ ਦੀ ਪ੍ਰਵਾਨਗੀ ਵਿਧਾਨ ਸਭਾ ਸਪੀਕਰ ਵੱਲੋਂ ਦਿੱਤੀ ਜਾਂਦੀ ਹੈ, ਜਦੋਂਕਿ ਵਜ਼ੀਰਾਂ ਤੇ ਸਾਬਕਾ ਮੰਤਰੀਆਂ ਖ਼ਿਲਾਫ਼ ਪ੍ਰਵਾਨਗੀ ਧਾਰਾ 19 ਤਹਿਤ ਕੈਬਨਿਟ ਦੀ ਸਿਫ਼ਾਰਸ਼ ’ਤੇ ਰਾਜਪਾਲ ਵੱਲੋਂ ਦਿੱਤੀ ਜਾਂਦੀ ਹੈ ਕਿਉਂਕਿ ਵਜ਼ੀਰਾਂ ਨੂੰ ਸਹੁੰ ਰਾਜਪਾਲ ਚੁਕਾਉਂਦੇ ਹਨ। ਪਤਾ ਲੱਗਾ ਹੈ ਕਿ ਮੁੱਖ ਮੰਤਰੀ 23 ਅਗਸਤ ਨੂੰ ਇਹ ਫਾਈਲ ਰਾਜਪਾਲ ਨੂੰ ਭੇਜਣਗੇ। ਵਿਜੀਲੈਂਸ ਨੇ ਤਾਂ ਕਾਫ਼ੀ ਸਮਾਂ ਪਹਿਲਾਂ ਹੀ ਪ੍ਰਵਾਨਗੀ ਵਾਲੇ ਕੇਸ ਸਰਕਾਰ ਕੋਲ ਭੇਜ ਦਿੱਤੇ ਸਨ। ਪੰਜਾਬ ਵਿਧਾਨ ਸਭਾ ਦੇ ਸਪੀਕਰ ਵੱਲੋਂ ਵਿਧਾਇਕ ਅਮਿਤ ਰਤਨ, ਸਾਬਕਾ ਵਿਧਾਇਕ ਸਤਿਕਾਰ ਕੌਰ ਗਹਿਰੀ ਅਤੇ ਕਿੱਕੀ ਢਿੱਲੋਂ ਖ਼ਿਲਾਫ਼ ਅਦਾਲਤੀ ਕਾਰਵਾਈ ਲਈ ਪ੍ਰਵਾਨਗੀ ਦਿੱਤੀ ਗਈ ਸੀ। ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ ਖ਼ਿਲਾਫ਼ ਵੀ ਵਿਜੀਲੈਂਸ ਨੇ ਕੇਸ ਦਰਜ ਕੀਤਾ ਹੋਇਆ ਹੈ। ਕੈਬਨਿਟ ਨੇ ਤਾਂ ਉਪਰੋਕਤ ਚਾਰ ਸਾਬਕਾ ਮੰਤਰੀਆਂ ਖ਼ਿਲਾਫ਼ ਅਦਾਲਤੀ ਕਾਰਵਾਈ ਨੂੰ ਹਰੀ ਝੰਡੀ ਦੇ ਦਿੱਤੀ ਹੈ ਅਤੇ ਹੁਣ ਗੇਂਦ ਰਾਜਪਾਲ ਦੇ ਪਾਲੇ ਵਿਚ ਹੈ।

ਸਫਾ 1 ਦਾ ਬਾਕੀ

## ਕੈਨੇਡਾ ’ਚ ਐਂਟਰੀ ਲੈਂਦੇ ਸਾਰ ਲੋਕਾਂ ਨੂੰ ਰਿਫਿਊਜੀ ਬਣਨ...

ਵਿਚ ਸਿਰਫ 3 ਮਹੀਨਿਆਂ ਵਿਚ 6,000 ਭਾਰਤੀਆਂ ਨੇ ਕੈਨੇਡਾ ਵਿਚ ਸਿਆਸੀ ਸ਼ਰਨ ਮੰਗੀ ਹੈ। ਇਸ ਗਿਣਤੀ ਵਿਚ ਲਗਾਤਾਰ ਵਾਧਾ ਦੇਖਿਆ ਜਾ ਰਿਹਾ ਹੈ। ਹਾਲ ਹੀ ਵਿਚ ਕੈਨੇਡਾ ਨੇ ਇੰਟਰਨੈਸ਼ਨਲ ਵਿਦਿਆਰਥੀਆਂ ਨੂੰ ਇਕ ਵੱਡਾ ਝਟਕਾ ਦਿੱਤਾ। ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਚਿਤਾਵਨੀ ਦਿੱਤੀ ਕਿ ਉਹ ਪੱਕੇ ਤੌਰ ’ਤੇ ਕੈਨੇਡਾ ਵਿਚ ਨਹੀਂ ਰਹਿ ਸਕਦੇ। ਮਾਰਕ ਮਿਲਰ ਨੇ ਸਪੱਸ਼ਟ ਲਫਜ਼ਾਂ ਵਿਚ ਕਿਹਾ ਹੈ ਕਿ ਆਪਣੇ ਘਰ ਚਲੇ ਜਾਓ ਅਤੇ ਕੈਨੇਡਾ ਵਿਚ ਕੀਤੀ ਪੜ੍ਹਾਈ ਨੂੰ ਆਪਣੇ ਮੁਲਕ ਜਾ ਕੇ ਵਰਤੋ। ਇਮੀਗ੍ਰੇਸ਼ਨ ਮੰਤਰੀ ਨੇ ਦਾਅਵਾ ਕੀਤਾ ਕਿ ਕਿਸੇ ਨੂੰ ਵੀ ਕੈਨੇਡਾ ਵਿਚ ਪੱਕਾ ਕਰਨ ਦਾ ਵਾਅਦਾ ਨਹੀਂ ਕੀਤਾ ਗਿਆ। ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿਚ 50 ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਇਮੀਗ੍ਰੇਸ਼ਨ, ਰਿਫਿਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ ਦੇ ਅੰਕੜਿਆਂ ਅਨੁਸਾਰ 2023 ਵਿਚ ਭਾਰਤ ਤੋਂ 3.19 ਲੱਖ ਵਿਦਿਆਰਥੀ ਕੈਨੇਡਾ ਗਏ ਸਨ, ਜਿਨ੍ਹਾਂ ਵਿਚੋਂ 1.8 ਲੱਖ ਦੇ ਕਰੀਬ ਪੰਜਾਬੀ ਵਿਦਿਆਰਥੀ ਸਨ।




# ਮਾੜੀ ਕਿਸਮਤ

## 2 ਮਿੰਨੀ ਕਹਾਣੀਆਂ

ਕਿਸੇ ਪਿੰਡ ਵਿਚ ਵਿਆਹ ਸ਼ਾਦੀ ਦਾ ਪ੍ਰੋਗਰਾਮ ਚੱਲ ਰਿਹਾ ਸੀ ਕਿ ਸਰਪੰਚ ਨੇ ਸਟੇਜ ਤੋਂ ਘੋਸ਼ਣਾ ਕੀਤੀ, "ਜੇ ਕਿਸੇ ਨੂੰ ਇਸ ਵਿਆਹ 'ਤੇ ਕੋਈ ਇਤਰਾਜ਼ ਆ, ਤਾਂ ਹੁਣ ਸਾਹਮਣੇ ਆ ਕੇ ਕਹਿ ਦੇਵੇ। ਵਿਆਹ ਦੋ ਜ਼ਿੰਦਗੀਆਂ ਦਾ



ਬਲਰਾਜ ਸਿੰਘ ਸਿੱਧੂ ਕਮਾਂਡੈਂਟ.
ਪੰਡੋਰੀ ਸਿੱਧਵਾਂ 95011-00062
(Punjab Mail USA)


ਸਵਾਲ ਹੁੰਦਾ ਆ, ਇਸ ਲਈ ਬਾਅਦ ਵਿਚ ਐਵੇਂ ਗੱਲਾਂ ਕਰਨ ਦਾ ਕੋਈ ਫਾਇਦਾ ਨਈਂ।" ਇਹ ਸੁਣ ਕੇ ਬਰਾਤੀਆਂ ਦੇ ਪਿੱਛੇ ਖੜ੍ਹੀ ਇੱਕ ਮੁਟਿਆਰ ਕੁੱਛੜ ਬੱਚਾ ਚੁੱਕੀ ਅੱਗੇ ਆ ਗਈ। ਉਸ ਨੂੰ ਵੇਖ ਕੇ ਸਾਰੇ ਲੋਕਾਂ ਵਿਚ ਘੁਸਰ-ਫੁਸਰ ਹੋਣ ਲੱਗ ਪਈ ਤੇ ਗੁੱਸੇ ਵਿਚ ਆਈ ਲਾੜੀ ਨੇ ਲਾੜ੍ਹੇ ਦੇ ਥੱਪੜ ਜੜ ਦਿੱਤਾ। ਲਾੜੀ ਦਾ ਪਿਉ ਬੰਦੂਕ ਲੈਣ ਲਈ ਦੌੜ ਗਿਆ ਤੇ ਮਾਂ ਨੇ ਜ਼ਹਿਰ ਖਾਣ ਲਈ ਬੋਤਲ ਕੱਢ ਲਈ। ਸਾਰੇ ਪਾਸੇ ਅਫਰਾ-ਤਫਰੀ ਮੱਚ ਗਈ। ਸਰਪੰਚ ਨੇ ਮੌਕਾ ਸਾਂਭਦੇ ਹੋਏ ਮੁਟਿਆਰ ਨੂੰ ਪੁੱਛਿਆ, "ਦੱਸ ਕੁੜੀਏ ਤੈਨੂੰ ਕੀ ਇਤਰਾਜ਼ ਆ?" ਮੁਟਿਆਰ ਬੋਲੀ, "ਮੈਨੂੰ ਤਾਂ ਕੋਈ ਇਤਰਾਜ਼ ਨਈਂ। ਉਹ ਤਾਂ ਤੁਹਾਡੀ ਆਵਾਜ਼ ਪਿੱਛੇ ਚੰਗੀ ਤਰ੍ਹਾਂ ਸੁਣਾਈ ਨਹੀਂ ਸੀ ਦੇ ਰਹੀ, ਇਸ ਲਈ ਮੈਂ ਅੱਗੇ ਆ ਗਈ।"



## ਪੇਕੇ ਵਾਲਿਆਂ ਦਾ ਵੱਟਸਐਪ ਗਰੁੱਪ



ਗੋਂਦਾ ਸਿੰਘ ਦੀ ਪਤਨੀ ਗੁਲਾਬੋ ਨੇ ਆਪਣੇ ਪੇਕੇ ਵਾਲਿਆਂ ਦਾ ਵੱਟਸਐਪ ਗਰੁੱਪ ਬਣਾਇਆ ਹੋਇਆ ਸੀ। ਜਦੋਂ ਵੀ ਉਸ ਦਾ ਪਤੀ ਨਾਲ ਝਗੜਾ ਹੁੰਦਾ, ਤਾਂ ਉਸ ਇਸ ਦੀ ਸ਼ਿਕਾਇਤ ਗਰੁੱਪ 'ਤੇ ਕਰ ਦੇਂਦੀ। ਇੱਕ ਦਿਨ ਉਸ ਦੀ ਪਤੀ ਨਾਲ ਕੁਝ ਜ਼ਿਆਦਾ ਹੀ ਲੜਾਈ ਹੋ ਗਈ, ਤਾਂ ਉਸ ਨੇ ਇਸ ਦੀ ਸ਼ਿਕਾਇਤ ਗਰੁੱਪ 'ਤੇ ਕਰ ਦਿੱਤੀ? ਉਸ ਦੇ ਭਰਾ ਦਾ ਮੈਸੇਜ਼ ਆਇਆ, "ਭੈਣ ਤੂੰ ਚਿੰਤਾ ਨਾ ਕਰ, ਅਜੇ ਤੇਰਾ ਭਰਾ ਜ਼ਿੰਦਾ ਆ। ਜੀਜੇ ਨੂੰ ਛਿੱਤਰ ਫੇਰ ਕੇ ਬੰਦੇ ਦਾ ਪੁੱਤ ਬਣਾ ਦੇਵਾਂਗਾ।" ਮਾਂ ਨੇ ਕਿਹਾ, "ਮੇਰੀ ਫੁੱਲ ਵਰਗੀ ਧੀ ਮੈਂ ਕਿਸ ਲੀਚੜ ਨਾਲ ਵਿਆਹ ਦਿੱਤੀ ਆ। ਬਣਾਉਂਦੇ ਆਂ ਇਸ ਨੂੰ ਬੰਦੇ ਦਾ ਪੁੱਤ।" ਭੈਣ ਦਾ ਦਾ ਮੈਸੇਜ਼, "ਜੀਜਾ ਤਾਂ ਹੈ ਈ ਕਮੀਨਾ, ਮੈਂ ਤਾਂ ਪਹਿਲਾਂ ਈ ਕਿਹਾ ਸੀ।" ਪਿਉ ਦਾ ਮੈਸੇਜ਼, "ਤੂੰ ਪਹਿਲੀ ਬੱਸ 'ਤੇ ਇਥੇ ਪਹੁੰਚ ਜਾ। ਲੈਣ ਆਊ ਤਾਂ ਸਾਲੇ ਨੂੰ ਮਾਰ-ਮਾਰ ਕੇ ਬਾਂਦਰ ਬਣਾ ਦਿਆਂਗੇ।" ਭਤੀਜਾ ਵੀ ਨਵਾਂ-ਨਵਾਂ ਜਵਾਨ ਹੋਇਆ ਸੀ, "ਪ੍ਰਵਾਹ ਨਾ ਕਰ ਭੂਆ, ਦੋ-ਚਾਰ ਡੰਡੇ ਤਾਂ ਫੁੱਫੜ ਦੇ ਮੈਂ ਵੀ ਰਸੀਦ ਕਰ ਦੇਵਾਂਗਾ।" ਇਹ ਸਾਰੇ ਮੈਸੇਜ਼ ਵੇਖ ਕੇ ਗੁਲਾਬੋ ਦੀ ਭਰਜਾਈ ਨੇ ਸੋਚਿਆ ਕਿ ਕਿਤੇ ਉਹ ਸੱਚੀਂ ਹੀ ਨਾ ਪੇਕੇ ਆਣ ਵੜੇ। ਉਸ ਨੇ ਮੈਸੇਜ਼ ਕੀਤਾ, "ਗੁਲਾਬੋ ਇਹ ਤਾਂ ਚੱਲਦਾ ਈ ਰਹਿੰਦਾ ਆ ਘਰਾਂ ਵਿਚ। ਜਿੱਥੇ ਦੋ ਭਾਂਡੇ ਹੋਣਗੇ, ਖੜਕਣਗੇ ਈ। ਇਥੇ ਆਉਣ ਦੀ ਲੋੜ ਨਹੀਂ, ਤੇਰਾ ਭਰਾ ਕਿਹੜਾ ਘੱਟ ਆ।"


-ਬਲਰਾਜ ਸਿੰਘ ਸਿੱਧੂ
ਏ.ਆਈ.ਜੀ.
ਪੰਡੋਰੀ ਸਿੱਧਵਾਂ :
95011-00062


# ਸ਼ਰੇਆਮ ਚੱਲ ਰਿਹੈ ਪੰਜਾਬ ਦੀ ਧਰਤੀ ਉੱਤੇ ਚਿੱਟੇ ਦੁੱਧ ਦਾ ਕਾਲਾ ਕਾਰੋਬਾਰ



- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA


ਸਮਾਜ ਅੰਦਰ ਬਹੁਤ ਸਾਰੇ ਇਨਸਾਨ ਹੁੰਦੇ ਹਨ, ਜੋ ਅਜੋਕੀ ਸਮੇਂ ਅੰਦਰ ਆਪਣੀਆਂ ਜੇਬਾਂ ਭਰਨ ਦੇ ਲਈ ਬਹੁਤ ਸਾਰੇ ਗਲਤ ਹੱਥ ਕੰਡੇ ਅਪਣਾ ਕੇ ਵਪਾਰ ਨੂੰ ਪ੍ਰਫੁੱਲਤ ਕਰਦੇ ਰਹਿੰਦੇ ਹਨ। ਪਰ ਉਥੇ ਹੀ ਕੁਝ ਲੋਕ ਉਹ ਵੀ ਹੁੰਦੇ ਹਨ, ਜੋ ਆਪਣਾ ਵਪਾਰ ਸਹੀ ਢੰਗ ਦੇ ਨਾਲ ਚਲਾਉਣ ਵਿਚ ਸਹੀ ਲੋਕਾਂ ਦੀ ਮਦਦ ਲੈ ਕੇ ਆਪਣਾ ਧੰਦਾ ਚਾਲੂ ਰੱਖਦੇ ਹਨ ਪਰ ਉਥੇ ਹੀ ਜੋ ਗਲਤ ਲੋਕ ਹੁੰਦੇ ਹਨ, ਉਹ ਖਾਣ-ਪੀਣ ਵਾਲੀਆਂ ਵਸਤੂਆਂ ਨੂੰ ਵੀ ਨਹੀਂ ਬਖਸ਼ਦੇ। ਉਨ੍ਹਾਂ ਦਾ ਮਤਲਬ ਤਾਂ ਕੇਵਲ ਪੈਸਾ ਕਮਾਉਣਾ ਹੁੰਦਾ ਹੈ। ਅਜਿਹੇ ਲੋਕ ਸਜ਼ਾ ਦੇ ਹੱਕਦਾਰ ਤਾਂ ਹੁੰਦੇ ਹੀ ਹਨ ਪਰ ਉਹ ਕੁਦਰਤ ਦੀ ਕਚਹਿਰੀ ਵਿਚ ਵੀ ਝੂਠੇ ਪੈਂਦੇ ਹਨ। ਅਜਿਹੇ ਲੋਕਾਂ ਨੂੰ ਕਾਨੂੰਨ ਵੱਲੋਂ ਵੀ ਵੱਡੇ ਪੱਧਰ 'ਤੇ ਸਜ਼ਾ ਦੇਣ ਦੀ ਵਿਉਂਤਬੰਦੀ ਕੀਤੇ ਜਾਣ ਦੀ ਅੱਜ ਲੋੜ ਹੈ। ਅੱਜ ਅਸੀਂ ਗੱਲ ਕਰਾਂਗੇ ਦੁੱਧ ਅਤੇ ਹੋਰ ਖਾਣ-ਪੀਣ ਵਾਲੀਆਂ ਵਸਤੂਆਂ ਦੀ, ਜਿਸ ਰਾਹੀਂ ਸ਼ਰੇਆਮ ਲੋਕਾਂ ਨੂੰ ਮਿੱਠਾ ਜ਼ਹਿਰ ਵੇਚਿਆ ਜਾ ਰਿਹਾ ਹੈ।

ਅੱਜ ਸਾਡੇ ਸਮਾਜ ਅੰਦਰ ਖਾਸ ਕਰ ਮੇਰੇ ਰੰਗਲੇ ਪੰਜਾਬ ਦੀ ਧਰਤੀ ਉੱਤੇ ਭੋਲੇ ਭਾਲੀਆਂ ਇਨਸਾਨੀ ਜ਼ਿੰਦਗੀਆਂ ਨੂੰ ਦਾਅ 'ਤੇ ਲਾ ਕੇ ਵਪਾਰੀ ਵਰਗ ਵੱਲੋਂ ਵੱਡੇ ਪੱਧਰ 'ਤੇ ਬਾਜ਼ਾਰਾਂ ਅੰਦਰ ਦੁੱਧ ਤੋਂ ਬਣੀਆਂ ਵਸਤੂਆਂ ਨੂੰ ਵੇਚ ਕੇ ਕਮਾਈ ਕਰਨ ਦੀ ਲਾਲਸਾ ਤਹਿਤ ਗੋਰਖ ਧੰਦਾ ਆਮ-ਏ-ਹਾਲਾਤ ਚੱਲ ਰਿਹਾ ਹੈ। ਸਰਕਾਰ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਬਾਜ਼ਾਰਾਂ ਅੰਦਰ ਵਿੱਕ ਰਹੇ ਨਕਲੀ ਦੁੱਧ ਤੋਂ ਬਣੀਆਂ ਮਿਲਾਵਟੀ ਵਸਤੂਆਂ ਨੂੰ ਰੋਕਣ ਦੇ ਲਈ ਰੱਜ ਕੇ ਪ੍ਰਚਾਰ ਕੀਤਾ ਜਾ ਰਿਹਾ ਹੈ ਪਰ ਸਿਤਮ ਦੀ ਗੱਲ ਹੈ ਕਿ ਸਰਕਾਰ ਦੇ ਇਸ ਪ੍ਰਚਾਰ ਦਾ ਲਾਲਚੀ ਲੋਕਾਂ 'ਤੇ ਭੋਰਾ ਭਰ ਵੀ ਅਸਰ ਵਿਖਾਈ ਨਹੀਂ ਦੇ ਰਿਹਾ। ਜਿਸ ਦੀ ਬਦੌਲਤ ਪੰਜਾਬ ਦੇ ਪਸ਼ੂ ਪਾਲਕਾਂ ਵੱਲੋਂ ਲੱਖਾਂ ਖਰਚ ਕੇ ਬਣਾਏ ਡੇਅਰੀ ਫਾਰਮ ਤਬਾਹ ਹੋਣ ਕੰਢੇ ਪਹੁੰਚ ਚੁੱਕੇ ਹਨ।

ਹੈਰਾਨੀਜਨਕ ਪਹਿਲੂ ਇਹ ਕਿ ਕਿਵੇਂ ਮੁਨਾਫ਼ਾਖੋਰ ਵਰਗ ਚੰਦ ਛਿੱਲੜਾਂ ਦੇ ਮੁਨਾਫ਼ੇ ਖ਼ਾਤਰ ਦੁੱਧ ਚੁੰਘਦੀਆਂ ਮਾਸੂਮ ਜ਼ਿੰਦਗੀਆਂ ਨੂੰ ਵੀ ਦਾਅ 'ਤੇ ਲਾਉਣ ਤੋਂ ਗੁਰੇਜ਼ ਨਹੀਂ ਕਰ ਰਿਹਾ। ਅੱਜ ਦੇ ਇਸ ਦੌਰ ਨੂੰ ਵੇਖ-ਸੁਣ ਕੇ ਕਾਲਜੇ ਦਾ ਰੁੱਗ ਭਰਿਆ ਜਾਂਦਾ ਹੈ ਕਿ ਕਿੰਝ ਇਨ੍ਹਾਂ ਬੇ-ਰਹਿਮ ਲੋਕਾਂ ਵੱਲੋਂ ਦੁੱਧ ਤੋਂ ਬਣੀਆਂ ਵਸਤਾਂ ਦੇ ਮਾਮਲੇ ਵਿਚ ਨਵ-ਜਨਮੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨੂੰ ਮਿਲਾਵਟੀ ਵਸਤੂਆਂ ਰਾਹੀਂ ਮੌਤ ਦੇ ਮੂੰਹ ਵਿਚ ਧੱਕਿਆ ਜਾ ਰਿਹਾ ਹੈ। ਇਸ ਸਾਰੇ ਵਰਤਾਰੇ ਦੌਰਾਨ ਕੁਝ ਮੁਨਾਫ਼ਾਖੋਰ ਦੁਕਾਨਦਾਰਾਂ ਦੀ ਬਦੌਲਤ ਚੰਗੇ ਦੁਕਾਨਦਾਰਾਂ ਨੂੰ ਵੀ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਣ ਲੱਗਾ ਹੈ, ਜਦਕਿ ਉਹ ਇਸ ਮਾਮਲੇ ਵਿਚ ਚੰਗੀਆਂ ਵਸਤੂਆਂ ਜਨਤਾ ਨੂੰ ਵੇਚ ਰਹੇ ਹਨ।



ਉਧਰ ਇੱਕ ਪਾਸੇ ਤਾਂ ਨਕਲੀ ਦੁੱਧ ਦੀ ਬਹੁਤਾਤ ਦੇ ਕਾਰਨ ਪੰਜਾਬ ਦੇ ਪਸ਼ੂ ਪਾਲਕ ਅਪਣੇ ਪਸ਼ੂਆਂ ਨੂੰ ਵੇਚਣ ਲਈ ਮਜਬੂਰ ਹਨ ਅਤੇ ਉਨ੍ਹਾਂ ਨੂੰ ਦੁੱਧ ਦਾ ਚੰਗਾ ਭਾਅ ਨਹੀਂ ਮਿਲ ਰਿਹਾ ਪਰ ਉਧਰ ਦੂਜੇ ਪਾਸੇ ਨਕਲੀ ਦੁੱਧ ਦੇ ਠੇਕੇਦਾਰ ਚੋਖੀ ਕਮਾਈ ਰਾਹੀਂ ਆਪਣੇ ਖੀਸੇ ਭਰ ਰਹੇ ਹਨ । ਹਰ ਵਰ੍ਹੇ ਬਾਜ਼ਾਰਾਂ ਅੰਦਰ ਮਿਲਾਵਟੀ ਵਸਤੂਆਂ ਨੂੰ ਜ਼ਬਤ ਕਰਨ ਦਾ ਪ੍ਰਚਾਰ ਸਰਕਾਰ ਤੇ ਸਬੰਧਤ ਵਿਭਾਗ ਵੱਲੋਂ ਕੀਤਾ ਜਾਂਦਾ ਹੈ ਪਰ ਜ਼ਮੀਨੀ ਪੱਧਰ 'ਤੇ ਤੱਥ ਕੁਝ ਹੋਰ ਕਹਿੰਦੇ ਹਨ। ਉਨ੍ਹਾਂ ਕਿਹਾ ਕਿ ਇਸ ਦਾ ਖਮਿਆਜ਼ਾ ਲੋਕਾਂ ਨੂੰ ਭਿਆਨਕ ਬੀਮਾਰੀਆਂ ਦੇ ਰੂਪ ਵਿਚ ਭੁਗਤਣਾ ਪੈ ਰਿਹਾ ਹੈ। ਇੰਨਾ ਕੁਝ ਹੋਣ ਦੇ ਬਾਵਜੂਦ ਸਬੰਧ ਸਿਹਤ ਵਿਭਾਗ ਸਿਰਫ ਖਾਨਾਪੂਰਤੀ ਕਰਦਾ ਦਿਖਾਈ ਦਿੰਦਾ ਹੈ। ਬਾਜ਼ਾਰਾਂ ਅੰਦਰ ਬਹੁਰੰਗੀਆਂ ਮਠਿਆਈਆਂ ਅਤੇ ਪਨੀਰ ਦੇ ਲੱਗੇ ਸਟਾਲਾਂ 'ਤੇ ਜਾ ਕੇ ਕਿਸੇ ਵੀ ਸਬੰਧਤ ਵਿਭਾਗ ਦੇ ਅਧਿਕਾਰੀ ਨੇ ਕਦੇ ਚੈਕਿੰਗ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਜਾਂ ਫਿਰ ਜਾਣਬੁੱਝ ਕੇ ਉਸ ਨੂੰ ਅਣਗੌਲਿਆ ਕਿਉਂ ਕੀਤਾ ਜਾ ਰਿਹਾ ਹੈ, ਇਸ 'ਕੌੜੇ ਸੱਚ' ਨੂੰ ਸਭ ਜਾਣਦੇ ਹਨ। ਮਿਲਾਵਟੀ ਵਸਤੂਆਂ ਰਾਹੀ ਲਾਲਚੀ ਲੋਕਾਂ ਵੱਲੋਂ ਸ਼ਰ੍ਹੇਆਮ ਮਨੁੱਖੀ ਜ਼ਿੰਦਗੀਆਂ ਦੇ ਨਾਲ ਖਿਲਵਾੜ ਹੋ ਰਿਹਾ ਹੈ ਪਰ ਕਾਰਵਾਈ ਨਾ ਮਾਤਰ ਹੈ।

ਇੱਕ ਅਹਿਮ ਤੱਥ ਇਹ ਵੀ ਹੈ ਕਿ ਕਈ ਵਾਰ ਤਾਂ ਮਠਿਆਈ ਜਾਂ ਹੋਰ ਵਸਤੂ ਖਰੀਦਦੇ ਸਮੇਂ ਡੱਬੇ ਵਿਚ ਉੱਲੀ ਲੱਗੀ ਹੁੰਦੀ ਹੈ ਅਤੇ ਕਈ ਸ਼ਾਤਰ ਕਿਸਮ ਦੇ ਦੁਕਾਨਦਾਰ ਭੋਲੇ-ਭਾਲੇ ਲੋਕਾਂ ਨੂੰ ਡੱਬੇ ਸਮੇਤ ਮਠਿਆਈ ਜਾਂ ਹੋਰ ਵਸਤੂਆਂ ਵੇਚ ਰਹੇ ਹਨ। ਆਖਰ ਇਹ ਕਿਸ ਦੀ ਜ਼ਿੰਮੇਵਾਰੀ ਬਣਦੀ ਹੈ ਅਤੇ ਕਿਸ ਦੀ ਨੱਕ ਹੇਠ ਇਹ ਸਭ ਕੁਝ ਹੋ ਰਿਹਾ ਹੈ। ਇਸ ਸਭ ਕੁਝ ਦੇ ਨਤੀਜੇ ਵਜੋਂ ਹੁਣ ਗਾਹਕ ਇਨ੍ਹਾਂ ਚੀਜ਼ਾਂ ਨੂੰ ਖਰੀਦਣ ਤੋਂ ਕੰਨੀ ਕਤਰਾਉਣ ਲੱਗੇ ਹਨ। ਪਸ਼ੂ ਪਾਲਕਾਂ ਵੱਲੋਂ ਆਪਣਾ ਦਰਦ ਬੇਹੱਦ ਹੈਰਾਨ ਕਰ ਦੇਣ ਵਾਲਾ ਤੱਥ ਹੈ ਕਿ ਅੱਜ ਦੇ ਸਮੇਂ ਜਦ ਪੰਜਾਬ ਅੰਦਰ ਦੁਧਾਰੂ ਪਸ਼ੂਆਂ ਦੀ ਵੱਡੀ ਘਾਟ ਰੜਕ ਰਹੀ ਹੈ, ਤਾਂ ਕਿਸੇ ਵੀ ਖ਼ਾਸ ਦੁਕਾਨਦਾਰ ਤੋਂ ਤਰੰਤ ਜਿੰਨਾ ਮਰਜ਼ੀ ਪਨੀਰ ਖਰੀਦ ਸਕਦੇ ਹੋ, ਆਖ਼ਰ ਇਹ ਆਉਂਦਾ ਕਿੱਥੋਂ ਹੈ, ਇਹ ਸੁਆਲ ਵੱਡਾ ਹੈ।

ਸਬੰਧਤ ਵਿਭਾਗ ਨੂੰ ਚਾਹੀਦਾ ਹੈ ਕਿ ਤਿਉਹਾਰਾਂ ਦੇ ਸੀਜ਼ਨ ਮੌਕੇ ਸਰਗਰਮ ਹੋਣ ਦੀ ਥਾਂ, ਮੌਜੂਦਾ ਸਮੇਂ ਵੀ ਦਫ਼ਤਰਾਂ ਵਿਚੋਂ ਬਾਹਰ ਆ ਕੇ ਇਨਸਾਨੀ ਜ਼ਿੰਦਗੀਆਂ ਦਾ ਘਾਣ ਕਰ ਰਹੀਆਂ ਮਿਲਾਵਟੀ ਵਸਤੂਆਂ ਦੇ ਵਿਸ਼ੇ 'ਤੇ ਗੰਭੀਰ ਹੋ ਕੇ ਜਾਂਚ ਕੀਤੀ ਜਾਵੇ। ਚੰਗਾ ਹੋਵੇ ਜੇਕਰ ਸਰਕਾਰ ਵੱਲੋਂ ਪ੍ਰਚਾਰ ਕਰਨ ਦੇ ਨਾਲ-ਨਾਲ ਕਾਰਵਾਈ ਨੂੰ ਅਮਲੀ ਜਾਮਾ ਪਹਿਨਾਉਣ ਦਾ ਰਾਹ ਪੱਧਰਾ ਕੀਤਾ ਜਾਵੇ, ਤਾਂ ਕਿ ਮਨੁੱਖੀ ਜ਼ਿੰਦਗੀਆਂ ਮੌਤ ਦੇ ਮੂੰਹ ਵਿਚ ਜਾਣ ਤੋਂ ਬਚ ਸਕਣ। ਕਿਉਂਕਿ ਸਿਆਣੇ ਆਖਦੇ ਨੇ ਕਿ ਜੇਕਰ ਅਸੀਂ ਮਨੁੱਖੀ ਜ਼ਿੰਦਗੀਆਂ ਨੂੰ ਦਾਅ 'ਤੇ ਲਾ ਕੇ ਕਮਾਈ ਕਰਾਂਗੇ, ਤਾਂ ਆਉਣ ਵਾਲਾ ਭਵਿੱਖ ਵੀ ਚੰਗਾ ਨਹੀਂ ਹੋਵੇਗਾ। ਪਿਛਲੇ ਸਮੇਂ ਵੀ ਅਸੀਂ ਇਹ ਸਭ ਕੁਝ ਵੇਖ ਚੁੱਕੇ ਹਾਂ ਕਿ ਕਿਉਂਕਿ ਜੋ ਵਿਅਕਤੀ ਇਨਸਾਨੀ ਜ਼ਿੰਦਗੀ ਨੂੰ ਤਬਾਹੀ ਦੇ ਕੰਢੇ 'ਤੇ ਧੱਕ ਕੇ ਕਮਾਈਆਂ ਕਰਦੇ ਹਨ, ਉਨ੍ਹਾਂ ਦਾ ਭਵਿੱਖ ਵੀ ਚੰਗਾ ਨਹੀਂ ਹੁੰਦਾ। ਇਸ ਲਈ ਆਓ ਗੁਰਬਾਣੀ ਦੇ ਫਲਸਫੇ ਅਨੁਸਾਰ ਜ਼ਿੰਦਗੀ ਜਿਊਣ ਦੀ ਕੋਸ਼ਿਸ਼ ਕਰੀਏ, ਤਾਂ ਚੰਗਾ ਰਹੇਗਾ ਆਖਰ ਇਹੀ ਸੱਚ ਹੈ ।







Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil



Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.

ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਵਸਾਏ ਸ਼ਹਿਰ ਚਲੋ ਚਲੀਏ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ




ਬਲਵਿੰਦਰ 'ਬਾਲਮ' ਗੁਰਦਾਸਪੁਰ
ਉਕਾਂਰ ਨਗਰ, ਗੁਰਦਾਸਪੁਰ (ਪੰਜਾਬ)
ਸੰਪਰਕ 98156-25409


ਪੰਜਾਬ ਮੇਲ USA

**ਸੰਖੇਪ ਭੂਮਿਕਾ —** ੧ਓ ਦੇ ਖੋਜੀ ਕਵੀ ਬਾਬਾ ਨਾਨਕ ਨੇ 1504 ਵਿਚ ਰਾਵੀ ਨਦੀ ਦੇ ਕੰਢੇ ਕਰਤਾਰਪੁਰ ਸਾਹਿਬ ਜ਼ਿਲ੍ਹਾ ਨਾਰੋਵਾਲ ਤਹਿਸੀਲ ਸ਼ਕਰਗੜ੍ਹ ਪੰਜਾਬ ਪਾਕਿਸਤਾਨ ਦੀ ਸਥਾਪਨਾ ਕੀਤੀ। ਸਾਰੇ ਸਿੱਖ ਭਾਈਚਾਰੇ ਨੂੰ ਇਕੱਠਾ ਕੀਤਾ ਅਤੇ 22 ਸਤੰਬਰ 1939 ਨੂੰ ਜੋਤੀ ਜੋਤ ਸਮਾਉਣ ਤੱਕ 18 ਸਾਲ ਆਪਣੀਆਂ ਬਹੁਮੁੱਲੀਆਂ ਸੇਵਾਵਾਂ ਦਿੱਤੀਆਂ। ਗੁਰੂ ਜੀ ਨੇ ਆਪਣੇ ਜੀਵਨ ਕਾਲ ਦੇ 18 ਸਾਲ ਦੌਰਾਨ ਇੱਥੇ ਪ੍ਰਚਾਰ ਕੀਤਾ। ਇੱਕ ਅਮੀਰ ਖੱਤਰੀ ਧਾਰਮਿਕ ਪਰਿਵਾਰ ਕਰੋੜੀ ਦੁਆਰਾ ਦਾਨ ਕੀਤੇ ਧਨ ਨਾਲ ਕਰਤਾਰਪੁਰ ਸਾਹਿਬ ਦੀ ਸਥਾਪਨਾ ਕੀਤੀ ਗਈ। ਕਰਤਾਰਪੁਰ ਦਾ ਅਰਥ ਹੈ ਨਿਰਮਾਤਾ ਜਾਂ ਭਗਵਾਨ ਦਾ ਸ਼ਹਿਰ ਅਤੇ ਪੁਰ ਦਾ ਅਰਥ ਹੈ ਸ਼ਹਿਰ। ਲਗਭਗ 20 ਸਾਲਾਂ ਦੀ ਯਾਤਰਾ ਤੋਂ ਬਾਅਦ ਗੁਰੂ ਜੀ ਆਪਣੇ ਪਰਿਵਾਰ ਸਹਿਤ ਕਰਤਾਰਪੁਰ ਵਿਖੇ ਵਸ ਗਏ। ਗੁਰੂ ਜੀ ਦੀ ਮੌਤ ਤੋਂ ਬਾਅਦ ਹਿੰਦੂਆਂ ਅਤੇ ਮੁਸਲਮਾਨਾਂ ਦੋਵਾਂ ਨੇ ਉਨਾਂ ਉੱਪਰ ਆਪਣਾ ਦਾਅਵਾ ਕੀਤਾ ਅਤੇ ਉਨ੍ਹਾਂ ਦੀ ਯਾਦ ਵਿਚ ਇੱਕ ਦੀਵਾਰ ਦੇ ਨਾਲ ਮਕਬਰੇ ਬਣਾਏ। ਰਾਵੀ ਨਦੀ ਦੇ ਬਦਲਦੇ ਮਾਰਗ ਕਰਕੇ ਮਕਬਰੇ ਵਹਿ ਗਏ ਪਰ ਗੁਰੂ ਜੀ ਦੇ ਪਰਿਵਾਰ ਨੇ ਉਨ੍ਹਾਂ ਦੀ ਰਾਖ ਵਾਲਾ ਕਲਸ਼ ਬਚਾ ਲਿਆ ਅਤੇ ਉਸੇ ਨਦੀ ਦੇ ਸੱਜੇ ਕਿਨਾਰੇ ਵਿਚ ਸਥਾਨ ਦੇ ਦਿੱਤਾ, ਜਿੱਥੇ ਇੱਕ ਨਵੀਂ ਬਸਤੀ ਬਣਾਈ ਗਈ, ਜੋ ਵਰਤਮਾਨ ਡੇਰਾ ਬਾਬਾ ਨਾਨਕ ਦਾ ਪ੍ਰਤੀਨਿਧ ਕਰਦੀ ਹੈ। ਗੁਰੂ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਸ਼ੁਰੂਆਤੀ ਸਿੱਖ ਸਮੁਦਾਏ ਉਨ੍ਹਾਂ ਦੇ ਉੱਤਰ ਅਧਿਕਾਰੀ ਗੁਰੂ ਅਗੰਦ ਦੇਵ ਜੀ ਕਰਤਾਰਪੁਰ ਤੋਂ ਸ੍ਰੀ ਖੰਡੂਰ ਸਾਹਿਬ ਵਿਚ ਚਲੇ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ ਦੀ ਸਥਾਪਨਾ ਕੀਤੀ, ਖੇਤੀਬਾੜੀ ਕੀਤੀ ਅਤੇ ਲੰਗਰ ਦੀ ਸੁਥਾਪਨਾ ਕੀਤੀ। ਵੰਡ ਛਕਣਾ, ਕੀਰਤਨ ਕਰਨਾ, ੧ਓ ਦਾ ਸੰਦੇਸ਼ ਫੈਲਾਇਆ, ਨਾਮ ਜਪਣਾ, ਸਰਬੱਤ ਦਾ ਭਲਾ, ਅੰਧ ਵਿਸ਼ਵਾਸ ਵਿਰੁੱਧ ਦਾ ਸੰਦੇਸ਼ ਦੇਸ਼ਾਂ-ਵਿਦੇਸ਼ਾਂ ਵਿਚ ਦਿੱਤਾ। ਕਰਤਾਰਪੁਰ ਸਾਹਿਬ ਸਥਾਨ ਯਾਤਰੀਆਂ ਸ਼ਰਧਾਲੂਆਂ ਲਈ ਆਕਰਸ਼ਣ ਅਤੇ ਅਧਿਆਤਮਿਕਤਾ ਦਾ ਕੇਂਦਰ ਹੈ। ਦੁਨੀਆਂ ਭਰ ਦੇ ਲਗਭਗ 30 ਮਿਲੀਅਨ ਸਿੱਖਾਂ ਦੇ ਲਈ ਸਭ ਤੋਂ ਵੱਧ ਪਵਿੱਤਰ ਸਥਾਨਾਂ ਵਿਚੋਂ ਇੱਕ ਹੈ। ਇੱਥੇ ਮੁੱਖ ਤੀਰਥ ਭਵਨ 1925 ਵਿਚ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ। ਪਟਿਆਲੇ ਦੇ ਮਹਾਰਾਜਾ ਸਰਦਾਰ ਭੁਪਿੰਦਰ ਸਿੰਘ ਦੁਆਰਾ 135600 ਦਾ ਦਾਨ ਦਿੱਤਾ ਗਿਆ। ਇਸ ਸਥਾਨ ਦੀ ਮੁਰੰਮਤ 1995 ਵਿਚ ਪਾਕਿਸਤਾਨ ਸਰਕਾਰ ਦੁਆਰਾ ਕੀਤੀ ਗਈ। ਮਈ 2017 ਵਿਚ ਅਮਰੀਕਾ ਸਥਿਤ ਗੈਰ ਸਰਕਾਰੀ ਸੰਗਠਨ ਈਕੋ ਸਿੱਖ ਨੇ ਇਸ ਸਥਾਨ ਦੇ ਚਾਰੇ ਤਰਫ 100 ਏਕੜ ਦੇ ਪਵਿੱਤਰ ਸਥਾਨ ਦੀ ਸਥਾਪਨਾ ਦਾ ਪ੍ਰਸਤਾਵ ਰੱਖਿਆ। ਨਵੰਬਰ 2018 ਵਿਚ 42 ਏਕੜ ਖੇਤਰ ਵਿਚ ਫੈਲੇ ਪ੍ਰਾਂਗਣ, ਸੰਗ੍ਰਹਿਆਲਯ, ਲਾਇਬ੍ਰੇਰੀ, ਕਮਰੇ ਅਤੇ ਲਾਕਰ ਰੂਮ ਦੇ ਨਿਰਮਾਣ ਨਾਲ ਗੁਰਦੁਆਰੇ ਦਾ ਵਿਸਥਾਰ ਕੀਤਾ ਗਿਆ। ਇੱਥੇ 20 ਫੁੱਟ ਦਾ ਪ੍ਰਾਚੀਨ ਖੂਹ ਛੋਟੀਆਂ ਇੱਟਾਂ ਦੁਆਰਾ ਨਿਰਮਿਤ ਲਗਭਗ 500 ਸਾਲ ਪੁਰਾਣਾ ਹੈ। ਇੱਥੇ ਮੂਲ ਗੁਰੂ ਗ੍ਰੰਥ ਸਾਹਿਬ ਦੀਆਂ ਅੰਤਿਮ ਪ੍ਰਤੀਆਂ ਗੁਰੂ ਗ੍ਰੰਥ ਇਥੇ ਹਰ ਕਦਮ ਗੁਰੂ ਜੀ ਦੇ ਜੀਵਨ ਦੀ ਯਾਦ ਦਿਲਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਸਮਰੋਹ ਸਮੇਂ ਗਲਿਆਰਾ ਨਵੰਬਰ 2028 ਨੂੰ ਖੋਲ੍ਹਿਆ ਗਿਆ। ਇਸ ਮੌਕੇ 550 ਯਾਤਰੀ ਆਏ। ਨਵਜੋਤ ਸਿੰਘ ਸਿੱਧੂ ਨੇ ਆਪਣੇ ਭਾਸ਼ਣ ਵਿਚ ਕਿਹਾ ਸੀ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਗਲਿਆਰਾ ਖੋਲ੍ਹ ਕੇ ਸਿੱਖ ਸਮੁਦਾਇ ਦਾ ਦਿਲ ਜਿੱਤ ਲਿਆ ਹੈ। ਇਸ ਮੌਕੇ ਹਜ਼ਾਰਾਂ ਸ਼ਰਧਾਲੂ ਹਾਜ਼ਰ ਸਨ।

**ਸ਼ਬਦ ਚਿੱਤਰ ਵਾਰਤਾ:-** ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਸ਼ਕਰਗੜ੍ਹ ਤਹਿਸੀਲ ਜ਼ਿਲ੍ਹਾ ਨਾਰੋਵਾਲ ਪਾਕਿਸਤਾਨ ਜਾਣ ਲਈ ਕਈ ਵਾਰੀ ਪ੍ਰੋਗਰਾਮ ਬਣਿਆ ਪਰ ਕਈਆਂ ਕਾਰਨਾਂ ਕਰਕੇ ਅੱਧ ਵਿਚਾਲੇ ਹੀ ਰਹਿ ਜਾਂਦਾ। ਪਾਕਿਸਤਾਨ ਲਾਹੌਰ ਤੋਂ ਮੇਰੇ ਦੋਸਤ ਪ੍ਰੋਫੈਸਰ ਤਨਵੀਰ ਸਾਦਿਕ ਅਤੇ ਨੂਰ ਮੁਹੰਮਦ ਜੱਟ ਸਾਹਿਬ ਅਤੇ ਕਈ ਦੋਸਤਾਂ ਦੇ ਹਰ ਹਫਤੇ ਕਈ ਫੋਨ ਆਉਂਦੇ ਕਿ ਆਉ ਕਰਤਾਰਪੁਰ ਸਾਹਿਬ ਆ ਕੇ ਮਿਲ ਲਈਏ। ਲਗਭਗ ਇੱਕ ਦਹਾਕਾ ਪਹਿਲਾਂ ਅਸੀਂ ਪ੍ਰੋਫੈਸਰ ਤਨਵੀਰ ਸਾਹਿਬ ਦੀ ਬੇਟੀ ਦੀ ਸ਼ਾਦੀ 'ਤੇ ਲਾਹੌਰ ਗਏ ਸੀ, ਉਹ ਵੀ ਸਾਡੇ ਕੋਲ 8-10 ਸੱਜਣ ਲੇਖਕ ਗੁਰਦਾਸਪੁਰ ਆਏ ਸੀ। ਅਸੀਂ ਉਨ੍ਹਾਂ ਨੂੰ ਸਮਾਗਮ 'ਤੇ ਬੁਲਾਇਆ ਸੀ, ਇੱਕ ਮੇਲ ਮਿਲਾਪ ਨਾਲ ਸਾਂਝੀਵਾਲਤਾ ਦੀ ਇੱਕ ਗਹਿਰੀ ਰਿਸ਼ਤੇਨੁਮਾ ਦੋਸਤੀ ਹੋ ਗਈ। ਬਸ ਜਦੋਂ ਕਰਤਾਰਪੁਰ ਸਾਹਿਬ ਜਾਣ ਦਾ ਰਸਤਾ ਖੁੱਲ੍ਹਿਆ, ਉਦੋਂ ਤੋਂ ਹੀ ਦੋਵੇਂ ਪਾਸੇ ਸਾਡੇ ਵਿਚ ਦਿਲ ਖਿੱਚਵੀਂ ਤਾਂਘ ਤਾਂ ਸੀ ਕਿ ਜਲਦੀ ਤੋਂ ਜਲਦੀ ਆਪਸ ਵਿਚ ਮਿਲੀਏ ਤਾਂ ਆਖਿਰ ਮੇਰੇ ਪਰਮ ਮਿੱਤਰ ਉੱਘੇ ਕਹਾਣੀਕਾਰ ਰਾਜੇਸ਼ ਗੁਪਤਾ ਨਾਲ ਸਲਾਹ-ਮਸ਼ਵਰਾ ਕੀਤਾ ਅਤੇ ਸਾਡਾ ਮਨ ਬਣ ਗਿਆ ਕਿ ਕਰਤਾਰਪੁਰ ਸਾਹਿਬ ਚੱਲੀਏ, ਬਸ ਉਨ੍ਹਾਂ ਦੀ ਦੁਕਾਨ 'ਤੇ ਬੈਠੇ-ਬੈਠੇ ਫੈਸਲਾ ਲੈ ਲਿਆ। ਰਾਜੇਸ਼ ਗੁਪਤਾ ਦੀ ਹਨੂਮਾਨ ਚੌਂਕ ਗੁਰਦਾਸਪੁਰ ਵਿਖੇ ਹਾਰਡਵੇਅਰ ਦੀ ਦੁਕਾਨ ਹੈ, ਜਿੱਥੇ ਸਾਹਿਤਕਾਰਾਂ ਦਾ ਆਉਣਾ-ਜਾਣਾ ਬਣਿਆ ਰਹਿੰਦਾ ਹੈ। ਰਾਜੇਸ਼ ਗੁਪਤਾ ਜੀ ਕਹਿਣ ਲੱਗੇ ਕਿ ਮੇਰਾ ਸਾਰਾ ਪਰਿਵਾਰ ਹੀ ਜਾਵੇਗਾ ਅਤੇ ਨਾਲ ਕੁਝ ਹੋਰ ਰਿਸ਼ਤੇਦਾਰ ਵੀ, ਖੈਰ ਅਸੀਂ ਇੱਕ ਕੰਪਿਊਟਰ ਕੈਫੇ ਤੋਂ ਫਾਰਮ ਭਰਵਾ ਕੇ ਭੇਜਣ ਦਾ ਮਨ ਬਣਾ ਲਿਆ। ਕਰਤਾਰਪੁਰ ਸਾਹਿਬ ਜਾਣ ਲਈ ਇੱਕ ਮਹੀਨਾ ਬਾਅਦ 12 ਮਈ ਐਤਵਾਰ ਦੀ ਤਾਰੀਖ ਮਿਲ ਗਈ। ਐਤਵਾਰ ਸਾਰਿਆਂ ਨੂੰ ਠੀਕ ਬੈਠਦਾ ਸੀ, ਛੁੱਟੀ ਵਾਲਾ ਦਿਨ ਸੀ ਕਰਤਾਰਪੁਰ ਸਾਹਿਬ







ਜਾਣ ਲਈ ਗੂਗਲ ਤੋਂ ਖੋਜੇ ਕਰਤਾਰਪੁਰ ਕੋਰੀਡੋਰ ਆਨਲਾਈਨ ਇਸ ਵਿਚ ਜਾਣ ਲਈ ਫਾਰਮ ਆ ਜਾਣਗੇ, ਜੇ ਤੁਸੀਂ ਆਪ ਭਰ ਸਕਦੇ ਹੋ ਤਾਂ ਠੀਕ ਹੈ, ਨਹੀਂ ਤਾਂ ਕਿਸੇ ਵੀ ਕੈਫੇ ਤੋਂ ਭਰਵਾ ਲਵੋ। ਤੁਹਾਨੂੰ ਬੇਸ਼ੱਕ ਥੋੜ੍ਹ ਦੇਰ ਪਰ ਮਨਮਰਜ਼ੀ ਦੀ ਤਾਰੀਖ ਮਿਲ ਸਕਦੀ ਹੈ। ਕਰਤਾਰਪੁਰ ਸਾਹਿਬ ਜਾਣ ਲਈ ਤੁਹਾਡਾ ਪਾਸਪੋਰਟ, ਕੋਰੋਨਾ ਸਰਟੀਫਿਕੇਟ, ਦੋ ਪਾਸਪੋਰਟ ਸਾਈਜ਼ ਫੋਟੋ, ਆਧਾਰ ਕਾਰਡ, ਪੈਨ ਕਾਰਡ ਜ਼ਰੂਰੀ ਹਨ। ਪਾਸਪੋਰਟ ਸਿਰਫ ਪਹਿਚਾਣ ਪੱਤਰ ਲਈ ਇਸ ਉੱਪਰ ਕੋਈ ਮੋਹਰ ਨਹੀਂ ਲੱਗਦੀ। ਮੈਂ ਆਪਣੇ ਕੁਝ ਸ਼ਾਇਰ ਲੇਖਕ ਦੋਸਤਾਂ ਨੂੰ ਫੋਨ ਕੀਤਾ ਕਿ ਚਲੋ ਸ੍ਰੀ ਕਰਤਾਰਪੁਰ ਸਾਹਿਬ ਚੱਲੀਏ। ਉਨ੍ਹਾਂ ਨੂੰ ਕਹਿਣ ਦੀ ਦੇਰ ਸੀ, ਉਹ ਝੱਟ ਮੰਨ ਗਏ। ਦੋਸਤਾਂ ਨੂੰ ਕਿਹਾ ਕਿ ਪਾਕਿਸਤਾਨ ਲਾਹੌਰ ਤੋਂ ਵੀ ਕੁਝ ਦੋਸਤ ਸਾਨੂੰ ਉੱਥੇ ਮਿਲਣ ਲਈ ਆਉਣਗੇ। ਸਭ ਜਾਣ ਲਈ ਤਿਆਰ ਹੋ ਗਏ।

ਪਠਾਨਕੋਟ ਪੰਜਾਬ ਭਾਰਤ ਤੋਂ ਪ੍ਰਸਿੱਧ ਸ਼ਾਇਰ ਪਾਲ ਗੁਰਦਾਸਪੁਰੀ ਰਾਜ ਗੁਰਦਾਸਪੁਰੀ ਮਨਮੋਹਣ ਢਕਾਲਵੀ ਅਤੇ ਉਨ੍ਹਾਂ ਦੀ ਧਰਮ ਪਤਨੀ ਸ਼੍ਰੀਮਤੀ ਕੁਲਵੰਤ ਕੌਰ ਡਾਕਟਰ ਕੇਵਲ ਕ੍ਰਿਸ਼ਨ ਜੇ.ਪੀ. ਕਰਲਾਂਵਾਲਾ, ਮੰਗਲਦੀਪ, ਐਡਵੋਕੇਟ ਰਾਜਪਾਲ ਸਿੰਘ, ਰਾਜੇਸ਼ ਗੁਪਤਾ ਉਨ੍ਹਾਂ ਦੀ ਧਰਮ ਪਤਨੀ ਸ਼੍ਰੀਮਤੀ ਨੀਤੂ ਗੁਪਤਾ, ਡਾਕਟਰ ਮਹਿਕਜੋਤ, ਹਰ ਰਾਜਵਿੰਦਰ ਸਿੰਘ, ਸੁਰਿੰਦਰ ਕੌਰ, ਵਿਕਰਾਂਤ ਗੁਪਤਾ, ਕੁਲਵੰਤ ਕੌਰ, ਸੰਦੇਸ਼ ਕੁਮਾਰੀ ਅਤੇ ਮੈਂ ਬਲਵਿੰਦਰ ਬਾਲਮ ਅਤੇ ਪਤਨੀ ਬਲਵੀਰ ਕੌਰ ਸਭ ਨੇ ਇਕੱਠੇ ਫਰਮ ਭਰ ਕੇ ਭੇਜ ਦਿੱਤੇ। ਕੁਝ ਦਿਨਾਂ ਬਾਅਦ ਪੁਲਿਸ ਇਨਕੁਆਇਰੀ ਹੋਈ। ਪੁਲਿਸ ਸਟੇਸ਼ਨ ਤੋਂ ਇੱਕ ਫਾਰਮ ਮਿਲਦਾ ਹੈ, ਇਸ ਫਾਰਮ ਨੂੰ ਕਿਸੇ ਵੀ ਮੋਹਤਬਾਰ ਵਿਅਕਤੀ ਐੱਮ.ਐੱਲ.ਏ., ਐੱਮ.ਸੀ. ਜਾਂ ਸਰਪੰਚ ਦੁਆਰਾ ਤਸਦੀਕ ਕੀਤਾ ਜਾਂਦਾ ਹੈ। ਇਸ ਫਾਰਮ ਦੇ ਖੱਬੇ ਪਾਸੇ ਤੁਹਾਡੀ ਫੋਟੋ ਲੱਗਦੀ ਹੈ ਅਤੇ ਫੋਟੋ ਦੇ ਨਾਲ ਕਿਸੇ ਇੱਕ ਪਰਿਸ਼ਚਿਤ ਵਿਅਕਤੀ ਦੀ ਗਵਾਹੀ ਪੈਂਦੀ ਹੈ। ਇਸ ਗਵਾਹੀ ਵਿਚ ਪਰਿਚਿਤ ਵਿਅਕਤੀ ਦੇ ਦਸਤਖ਼ਤ, ਪੂਰਾ ਪਤਾ ਅਤੇ ਮੋਬਾਇਲ ਨੰਬਰ ਹੁੰਦਾ ਹੈ। ਇਸ ਪੁਲਿਸ ਇਨਕੁਆਇਰੀ ਤੋਂ ਬਾਅਦ ਇੱਕ ਟਿਕਟਨੁਮਾ ਦਸਤਾਵੇਜ਼ ਫਾਰਮ ਮਿਲ ਜਾਂਦਾ ਹੈ, ਉਸ ਨੂੰ ਕੈਫੇ ਤੋਂ ਰੰਗਦਾਰ ਪ੍ਰਿੰਟ ਵਿਚ ਕਢਵਾਉਣਾ ਹੁੰਦਾ ਹੈ, ਜੋ ਸਬੂਤ ਲਈ ਜ਼ਰੂਰੀ ਹੈ। ਜਾਣ ਤੋਂ ਪਹਿਲਾਂ ਇੱਕ ਦਿਨ ਕੋਵਿਡ ਟੈਸਟ ਸਰਟੀਫਿਕੇਟ ਨਾਲ ਲਿਜਾਣਾ ਜ਼ਰੂਰੀ ਹੈ। ਅਸਾਂ ਸਭ ਨੇ ਫੋਨ ਉੱਪਰ ਗੱਲਬਾਤ ਕਰਕੇ ਜਾਣ ਲਈ ਸਮਾਂ ਸਥਾਨ ਨਿਸ਼ਚਿਤ ਕਰ ਲਿਆ, ਜੋ ਤਾਰੀਖ ਮਿਲੀ ਸੀ, ਉਸ ਦੇ ਅਨੁਸਾਰ 12 ਮਈ ਨੂੰ ਅਸੀਂ ਗੁਰਦਾਸਪੁਰ ਤੋਂ ਲਗਭਗ ਸਵੇਰੇ ਸਾਢੇ ਸੱਤ ਵਜੇ ਦੇ ਕਰੀਬ ਆਪਣੀਆਂ ਗੱਡੀਆਂ ਉੱਪਰ ਚਲੇ ਗਏ। ਪਠਾਨਕੋਟ ਵਾਲੇ ਸਾਥੀ ਵੀ ਨਿਸ਼ਚਿਤ ਸਮੇਂ 'ਤੇ ਚੱਲ ਪਏ। ਅਸੀਂ ਸਾਰੇ ਜਣੇ ਗੁਰਦਾਸਪੁਰ ਤੋਂ ਡੇਰਾ ਬਾਬਾ ਨਾਨਕ ਕੋਰੀਡੋਰ ਵਿਖੇ ਲਗਭਗ ਇੱਕ ਘੰਟੇ ਵਿਚ ਪਹੁੰਚ ਗਏ। ਗੁਰਦਾਸਪੁਰ ਤੋਂ ਡੇਰਾ ਬਾਬਾ ਨਾਨਕ ਕੋਰੀਡੋਰ ਲਗਭਗ 40 ਕਿਲੋਮੀਟਰ ਦੇ ਕਰੀਬ ਹੈ। ਡੇਰਾ ਬਾਬਾ ਨਾਨਕ ਦਾ ਖ਼ੂਬਸੂਰਤ ਆਲੀਸ਼ਾਨ ਆਕਰਸ਼ਣ ਭਰਪੂਰ ਕੋਰੀਡੋਰ ਵੇਖ ਕੇ ਮਨ ਬਾਗ਼-ਬਾਗ਼ ਹੋ ਗਿਆ। ਸਭ ਨੂੰ ਚਾਅ ਚੜ੍ਹ ਗਏ ਇਵੇਂ ਮਹਿਸੂਸ ਹੋਣ ਲੱਗਾ ਜਿਵੇਂ ਹਕੀਕਤ ਵਿਚ ਹੀ ਅਸੀਂ ਸ੍ਰੀ ਗੁਰੂ ਨਾਨਕ ਦੇਵ



ਜੀ ਦੇ ਦਰਸ਼ਨ ਕਰਨੇ ਚੱਲੇ ਹਾਂ। ਉਨ੍ਹਾਂ ਦੀ ਇੱਕ ਤਸਵੀਰ ਜ਼ਿਹਨ ਵਿਚ ਉਤਰਨ ਲੱਗੀ, ਜਿਵੇਂ ਆਪਣੇ ਵਿਛੜੇ ਮਹਾਨ ਤੀਰਥ ਸਥਾਨ ਨੂੰ ਵੇਖਣ ਚੱਲੇ ਹੋਈਏ, ਜਿਵੇਂ ਆਪਣੀ ਵਿਛੜੀ ਧਰਤੀ ਦਾ ਨਿੱਘ ਮਾਨਣ ਲਈ ਉਸ ਦਾ ਅਸ਼ੀਰਵਾਦ, ਉਸ ਦੀਆਂ ਸ਼ੁਭਕਾਮਨਾਵਾਂ ਲੈਣ ਲਈ ਜਾ ਰਹੇ ਹੋਈਏ। ਸਾਰਾ ਤਨ, ਮਨ ਰੂਹ ਭਾਵੁਕ ਹੋ ਗਏ, ਜਿਵੇਂ ਆਪਣੇ ਦਾਦੇ ਨੂੰ ਮਿਲਣ ਲਈ ਜਾ ਰਹੇ ਹੋਈਏ। ਮਨ ਵਿਚ ਤਾਂਘ ਵਲੇਵੇ ਖਾਣ ਲੱਗੀ। ਡੇਰਾ ਬਾਬਾ ਨਾਨਕ ਕੋਰੀਡੋਰ ਨੂੰ ਲੈਂਡਸਕੇਪਿੰਗ, ਤਰ੍ਹਾਂ-ਤਰ੍ਹਾਂ ਦੇ ਸਟੈਚੂ ਖ਼ੂਬਸੂਰਤ ਸ਼ਿਲਪ ਦੀ ਕਾਰੀਗਰੀ ਆਕਰਸ਼ਕ ਬਣਾਵਟ ਸਜਾਵਟ ਅਤੇ ਸੱਭਿਆਚਾਰ ਦੀ ਰਹੂ-ਰੀਤੀ ਦਾ ਰੰਗ ਰੂਪ ਦਿੱਤਾ ਹੋਇਆ ਸੀ। ਪ੍ਰਵੇਸ਼ ਕਰਦੇ ਹੀ ਨਿੱਕਾ-ਨਿੱਕਾ ਮੀਂਹ ਸਾਡਾ ਸਵਾਗਤ ਕਰਨ ਲੱਗਾ। ਨਿੱਕਾ-ਨਿੱਕਾ ਜਾਲੀਦਾਰ ਮੀਂਹ ਜੀ ਆਇਆਂ ਨੂੰ ਕਹਿੰਦਾ ਹੋਇਆ ਕਦੀ ਤੇਜ਼ ਤੇ ਕਦੀ ਮੱਧਮ ਸੰਗੀਤ ਦੀਆਂ ਧੁੰਨਾਂ ਛੇੜਨ ਲੱਗਿਆ ਅਤੇ ਗਰਮੀ ਵਿਚ ਮੌਸਮ ਸੁਹਾਣਾ ਦਿਲਕਸ਼ ਹੋ ਗਿਆ ਸੀ। ਮੌਸਮ ਨੇ ਜਿਵੇਂ ਮਰਮਸਪਰਸ਼ੀ ਬਹਾਰ ਲੈ ਆਉਂਦੀ ਹੋਵੇ। ਪ੍ਰਵੇਸ਼ ਦੁਆਰ 'ਤੇ ਅੱਗੇ ਜਾ ਕੇ ਏਅਰਪੋਰਟ ਦੀ ਤਰਜ਼ ਵਰਗੀ ਚੈਕਿੰਗ। ਇੱਥੇ ਸਾਡੇ ਪਾਸਪੋਰਟ, ਟਿਕਟਾਂ ਵਾਲਾ ਫਾਰਮ, ਕੋਵਿਡ ਫਾਰਮ ਆਦਿ ਚੈੱਕ ਕੀਤੇ ਗਏ, ਇੱਕ-ਇੱਕ ਚੀਜ਼ ਦੀ ਚੈਕਿੰਗ, ਚੈਕਿੰਗ ਜ਼ਰੂਰਤ ਤੋਂ ਜ਼ਿਆਦਾ ਸੀ ਜਾਂ ਠੀਕ ਸੀ। ਸਾਡੇ ਲੇਖਕ ਦੋਸਤਾਂ ਨੇ ਆਪਣੀਆਂ ਨਵ ਪ੍ਰਕਾਸ਼ਿਤ ਪੁਸਤਕਾਂ ਨਾਲ ਲਿਆਂਦੀਆਂ ਸੀ ਕਿ ਉੱਥੇ ਜਾ ਕੇ ਪਾਕਿਸਤਾਨ ਦੇ ਦੋਸਤਾਂ ਨੂੰ ਦੇਵਾਂਗੇ ਅਤੇ ਉਨ੍ਹਾਂ ਕੋਲੋਂ ਪੁਸਤਕ ਵਿਮੋਚਨ ਵੀ ਕਰਵਾਵਾਂਗੇ ਪਰ ਸਕਿਉਰਟੀ ਗਾਰਡ ਵਾਲਿਆਂ ਨੇ ਪੁਸਤਕਾਂ ਲਿਜਾਣ ਤੋਂ ਮਨ੍ਹਾ ਕਰ ਦਿੱਤਾ। ਤੁਸੀਂ ਪੁਸਤਕਾਂ ਜਾਂ ਕੋਈ ਵੀ ਲਿਟਰੇਚਰ ਨਾਲ ਨਹੀਂ ਲਿਜਾ ਸਕਦੇ। ਭਾਰਤੀ ਕਰੰਸੀ ਤੋਂ ਇਲਾਵਾ ਹੋਰ ਕੋਈ ਕਰੰਸੀ ਨਾਲ ਨਹੀਂ ਲਿਜਾ ਸਕਦੇ। ਆਪਣੇ ਦੋਸਤ ਜਨਾਬ ਨੂਰ ਅਹਿਮਦ ਜੱਟ ਹੋਰਾਂ ਲਈ ਇੱਕ ਕੈਨੇਡੀਅਨ ਘੜੀ, ਇੱਕ ਪਰਫਿਊਮ ਦੀ ਸ਼ੀਸ਼ੀ, ਉਸ ਦੀ ਬੇਗ਼ਮ ਦਾ ਪੰਜਾਬੀ ਸੂਟ ਅਤੇ ਉਸ ਦੇ ਪੁੱਤਰ ਲਈ ਕੱਪੜੇ ਖੜ੍ਹੇ ਸੀ। ਸਕਿਉਰਟੀ ਵਾਲਿਆਂ ਪੰਗਾ ਖੜ੍ਹਾ ਕਰ ਦਿੱਤਾ ਕਿ ਤੁਸੀਂ ਘੜੀ ਨਾਲ ਨਹੀਂ ਲਿਜਾ ਸਕਦੇ। ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਮੇਰੇ ਪਾਕਿਸਤਾਨੀ ਦੋਸਤ ਹਨ, ਅਸੀਂ ਇੱਕ ਦੂਸਰੇ ਦੇ ਸ਼ੁਭ ਕਾਰਜਾਂ ਵਿਚ ਮਿਲਦੇ ਰਹਿੰਦੇ ਹਾਂ ਕਿਉਂਕਿ ਮੇਰੇ ਪਾਸਪੋਰਟ ਉੱਪਰ ਪਹਿਲਾਂ ਵੀ ਲਾਹੌਰ ਦੀ ਐਂਟਰੀ ਹੋਈ ਸੀ। ਉਨ੍ਹਾਂ ਮੇਰੇ ਤੋਂ ਕਾਫੀ ਪੁੱਛਕਿਛ ਕੀਤੀ ਪਰ ਮੈਂ ਘੜੀ ਨਾਲ ਜਾਣ ਲਈ ਬਜ਼ਿੱਦ ਸਾਂ। ਆਖ਼ਿਰ ਉਸ ਮਹਿਲਾ ਕਰਮਚਾਰੀ ਨੇ ਆਪਣੇ ਉੱਚ ਅਧਿਕਾਰੀ ਨਾਲ ਗੱਲ ਕੀਤੀ ਕਿ ਇੱਕ ਲੇਖਕ ਪੱਤਰਕਾਰ ਹਨ, ਜੋ ਆਪਣੇ ਦੋਸਤ ਲਈ ਘੜੀ ਆਦਿ ਸਾਮਾਨ ਲਿਜਾਣਾ ਚਾਹੁੰਦੇ ਹਨ। ਉਨ੍ਹਾਂ ਨੇ ਕੁਝ ਸੋਚ ਵਿਚਾਰ ਤੋਂ ਬਾਅਦ ਇਜਾਜ਼ਤ ਦੇ ਦਿੱਤੀ। ਇਸ ਤੋਂ ਬਾਅਦ ਇੱਕ ਕਤਾਰ ਦੇ ਰੂਪ ਵਿਚ ਸਭ ਨੂੰ ਪੋਲੀਓ ਬੂੰਦਾ ਪਿਲਾਈਆਂ ਗਈਆਂ। ਸਾਰੇ ਸਾਮਾਨ ਦੀ ਫਿਰ ਤੋਂ ਚੈਕਿੰਗ ਕੀਤੀ। ਚੈਕਿੰਗ ਤੋਂ ਬਾਅਦ ਇੱਕ ਆਖ਼ਰੀ ਹਾਲ ਵਿਚ ਪ੍ਰਵੇਸ਼ ਕੀਤਾ ਅਤੇ ਉਸ ਦੇ ਬਾਹਰ ਰਿਕਸ਼ੇਨੁਮਾ ਇਲੈਕਟਰੋਨਿਕ ਕਾਰਾਂ ਵਿਚ ਬਿਠਾ ਕੇ ਸਾਨੂੰ ਭਾਰਤ ਪਾਕਿਸਤਾਨ ਸੀਮਾ ਤੱਕ ਪਹੁੰਚਾਇਆ। ਉੱਥੇ ਚੈਕਿੰਗ ਕੀਤੀ। ਭਾਰਤ-ਪਾਕਿਸਤਾਨ ਸੀਮਾ ਵੇਖ ਕੇ ਸਭ ਦਾ ਮਨ ਖੁਸ਼ ਹੋ ਗਿਆ। ਖ਼ੁਸ਼ੀ ਰੂਹ ਤੱਕ ਉਤਰ ਗਈ, ਉੱਥੇ ਅਸੀਂ ਸਭ ਨੇ ਗਰੁੱਪ ਫੋਟੋ ਅਤੇ ਹੋਰ ਤਰ੍ਹਾਂ-ਤਰ੍ਹਾਂ ਦੇ ਐਕਸ਼ਨ ਵਿਚ ਫੋਟੋਆਂ ਖਿਚਵਾਈਆਂ, ਤਾਂ ਕਿ ਇੱਕ ਯਾਦ ਸਾਂਭੀ ਰਹੇ। ਪਾਕਿਸਤਾਨ ਸੀਮਾ 'ਤੇ ਇੱਕ ਖ਼ੂਬਸੂਰਤ ਬਸ ਖੜ੍ਹੀ ਸੀ, ਜਿਸ ਵਿਚ ਅਸੀਂ ਤੇ ਹੋਰ ਯਾਤਰੀ ਸ਼ਰਧਾਲੂ ਬੈਠ ਗਏ। ਥੋੜ੍ਹੀ ਦੇਰ ਬਾਅਦ ਬਸ ਚੱਲ ਪਈ, ਮੱਧਮ ਰਫਤਾਰ ਵਿਚ ਬੱਸ ਵਿਚ ਪੰਜਾਬੀ ਗੀਤ ਸੁਣਾਈ ਦੇਣ ਲੱਗੇ। ਪੰਜਾਬੀਅਤ ਦਾ ਰੰਗ ਬੱਝ ਗਿਆ। ਪਾਕਿਸਤਾਨ ਅਤੇ ਪੰਜਾਬ ਦਾ ਇਲਾਕਾ ਇਵੇਂ ਮਹਿਸੂਸ ਹੋਣ ਲੱਗਾ, ਜਿਵੇਂ ਵਿਛੜੇ ਹੋਏ ਦੋ ਸਕੇ ਭਰਾ ਹੋਣ। ਸਭ ਕੁਝ ਮਿਲਦਾ-ਜੁਲਦਾ। ਮੈਨੂੰ ਯਾਦ ਆ ਗਏ ਉਹ ਦਿਨ, ਮੇਰੇ ਨਾਨਕੇ ਤੇਗ ਬਾਬਾ ਨਾਨਕ ਵਿਖੇ ਸਨ। ਅਸੀਂ ਛੋਟੇ ਹੁੰਦੇ ਪਾਕਿਸਤਾਨ ਭਾਰਤ ਸੀਮਾ ਦੇ ਖੇਤਾਂ ਵਿਚ ਜਾਇਆ ਕਰਦੇ ਸਾਂ, ਸਾਡੀ ਨਾਨਕਿਆਂ ਦੀ ਜ਼ਮੀਨ ਬਿਲਕੁਲ ਪਾਕਿਸਤਾਨ ਸੀਮਾ ਦੇ ਨਾਲ ਸੀ। ਉਦੋਂ ਵਿਚਕਾਰ ਕੰਡਿਆਲੀ ਤਾਰ ਜਾਂ ਧੁੱਸੀ ਨਹੀਂ ਸੀ ਹੁੰਦੀ। ਸਿਰਫ ਇੱਕ ਟਰੈਕਟਰ ਦੇ ਸਿਆੜ ਦੀ ਸੀਮਾ ਰੇਖਾ ਹੁੰਦੀ ਹੈ, ਅਸੀਂ ਸੀਮਾ ਪਾਰ ਕਰਕੇ ਪਾਕਿਸਤਾਨ ਕਿਸਾਨਾਂ ਦੇ ਘਰਾਂ ਵਿਚ ਵੀ ਚਲੇ ਜਾਂਦੇ ਸਾਂ, ਉਹ ਵੀ ਆ ਜਾਂਦੇ ਸੀ। ਸੀਮਾ 'ਤੇ ਏਨੇ ਸਖ਼ਤ ਪਹਿਰੇ ਨਹੀਂ ਸਨ, ਚੇਤਾਵਨੀ ਜ਼ਰੂਰੀ ਹੁੰਦੀ ਸੀ। ਪਾਕਿਸਤਾਨ ਦੀ ਧਰਤੀ ਵੇਖ ਕੇ ਮੈਨੂੰ ਮੇਰਾ ਬਚਪਨ ਯਾਦ ਆ ਗਿਆ ਕਿ ਕਿਸ ਤਰ੍ਹਾਂ ਅਸੀਂ ਭਰਾਵਾਂ ਵਾਂਗੂੰ ਇੱਕ ਦੂਸਰੇ ਨੂੰ ਮਿਲਦੇ ਸੀ। ਇਹ ਪ੍ਰੰਪਰਾ, ਪਿਆਰ, ਮੁਹੱਬਤ ਅੱਜ ਵੀ ਬਰਕਰਾਰ ਹੈ, ਬਸ ਚੱਲਣ ਲੱਗਿਆਂ ਸੰਗਤਾਂ ਨੇ ਪੂਰੇ ਜੋਸ਼-ਖਰੋਸ਼ ਨਾਲ ਪੂਰੇ ਆਤਮ ਬਲ ਨਾਲ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡ ਦਿੱਤੇ। ਸਤਿਨਾਮ ਸ੍ਰੀ ਵਾਹਿਗੁਰੂ ਜੀ ਦਾ ਪਾਠ ਉਚਾਰਨ ਸ਼ੁਰੂ ਹੋ ਗਿਆ, ਇੱਕ ਸਿੰਘ ਸਾਹਿਬਾਨ ਪਹਿਲਾਂ ਸਤਿਨਾਮ ਵਾਹਿਗੁਰੂ ਬੋਲਦੇ ਅਤੇ ਉਨ੍ਹਾਂ ਦੇ ਉਚਾਰਨ ਪਿੱਛੇ ਸ਼ਰਧਾਲੂ ਉਹ ਵੀ ਬੋਲਦੇ। ਨਜ਼ਾਰੇ ਦੀਆਂ ਸੀਮਾ ਹੀ ਖ਼ਤਮ। ਬਰਲਿਨ ਦੀ ਦੀਵਾਰ ਮੈਨੂੰ ਯਾਦ ਆ ਗਈ। ਪਾਕਿਸਤਾਨ ਦੇ ਕੋਰੀਡੋਰ ਵਿਚ ਬਸ ਪ੍ਰਵੇਸ਼ ਕਰ ਗਈ। ਭਾਰਤ ਪਾਕਿਸਤਾਨ ਸੀਮਾ ਤੋਂ ਇਹ ਕੋਰੀਡੋਰ ਲਗਭਗ 5 ਕਿਲੋਮੀਟਰ ਦੂਰ ਹੈ, ਚਾਰੇ ਪਾਸੇ ਖੇਤ ਦੇ ਦ੍ਰਿਸ਼ ਉੱਥੇ ਬੱਸ ਰੁਕਦੀ ਹੈ, ਸਭ ਉੱਤਰ ਜਾਂਦੇ ਹਨ। ਇਸ ਦੇ ਨਾਲ ਸੱਜੇ ਪਾਸੇ ਛੱਤ ਵਾਲਾ ਖੁੱਲ੍ਹਾ ਪਲੇਟਫਾਰਮ ਹੈ, ਇੱਥੋਂ ਪਾਕਿਸਤਾਨੀ ਕਰੰਸੀ ਮਿਲਦੀ ਹੈ। ਤੁਸੀਂ ਇੱਥੇ ਜਿੰਨੀ ਮਰਜ਼ੀ ਇੱਛਾ ਮੁਤਾਬਿਕ ਕਰੰਸੀ ਲੈ ਸਕਦੇ ਹੋ, ਇੱਥੇ ਹੀ ਅਧਿਕਾਰੀ ਪ੍ਰਵੇਸ਼ ਫੀਸ ਅਮਰੀਕਾ ਦੇ 20 ਡਾਲਰ ਲੈਂਦੇ ਹਨ। ਅਸੀਂ ਸਭ ਨੇ ਪਾਕਿਸਤਾਨੀ ਕਰੰਸੀ ਜ਼ਰੂਰਤ ਮੁਤਾਬਕ ਲੈ ਲਈ। ਉੱਥੇ ਖਰੀਦੋ-ਫਰੋਖ਼ਤ ਲਈ ਮਿੰਨੀ ਬਾਜ਼ਾਰ ਵੀ ਹੈ, ਜੋ ਆਰਜੀ ਤੌਰ 'ਤੇ ਬਣਾਇਆ ਗਿਆ ਹੈ। ਪਾਕਿਸਤਾਨ ਦੀ ਕਰੰਸੀ ਦੇ ਮੁਤਾਬਿਕ ਭਾਰਤ ਦਾ ਇੱਕ ਰੁਪੱਈਆ ਅਤੇ ਪਾਕਿਸਤਾਨ ਦੇ ਦੋ ਰੁਪਈਏ ਅੱਸੀ ਪੈਸੇ ਬਣਦੇ ਹਨ। ਕਰੰਸੀ ਚੈੱਕ ਕਰਨ ਤੋਂ ਬਾਅਦ ਪਾਕਿਸਤਾਨ ਚੈਕਿੰਗ ਵਿਭਾਗ ਦੀ ਇਮਾਰਤ ਸ਼ੁਰੂ ਹੋ ਜਾਂਦੀ ਹੈ। ਇਸ ਦੇ ਪ੍ਰਵੇਸ਼ ਦੁਆਰ ਤੋਂ ਪਹਿਲਾਂ ਕਈ ਏਕੜ ਖੁੱਲ੍ਹਾ-ਡੁੱਲਾ ਖ਼ੂਬਸੂਰਤ ਪਾਰਕ ਹੈ। ਇਸ ਪਾਰਕ ਵਿਚ ਸ੍ਰੀ ਕਿਰਪਾਨ ਸਾਹਿਬ ਦਾ ਦਿਲਕਸ਼ ਸਟੈਚੂ ਮਿਆਨ ਵਿਚ ਬੰਦ ਨਜ਼ਰ ਆਉਂਦਾ ਹੈ, ਜਿਸ ਦੀ ਮਿਆਨ ਨੂੰ ਖ਼ੂਬਸੂਰਤ ਸ਼ੈਲੀ ਅਤੇ ਸ਼ਿਲਪ ਵਿਚ ਸਜਾਇਆ ਗਿਆ ਹੈ। ਸਿੱਖ ਸੱਭਿਆਚਾਰ ਦਾ ਸੁੰਦਰ ਪ੍ਰਤੀਕ। ਇੱਥੇ ਸਭਨਾਂ ਫੋਟੋਆਂ ਖਿੱਚਵਾਈਆਂ, ਮੀਂਹ ਫਿਰ ਮੱਧਮ ਸੰਗੀਤ ਦੀ ਧੁੰਨਾਂ ਛੇੜਨ ਲੱਗ ਪਿਆ। ਅਸੀਂ ਜਲਦੀ-ਜਲਦੀ ਚੈਕਿੰਗ ਵਿਭਾਗ ਦੀ ਇਮਾਰਤ ਵਿਚ ਪ੍ਰਵੇਸ਼ ਕਰ ਗਏ, ਉੱਥੇ ਫਿਰ ਪੂਰੀ ਚੈਕਿੰਗ ਸਾਰੇ ਕਾਗਜ਼ਾਤ ਵੇਖੇ ਜਾਂਦੇ ਹਨ। ਇੱਕ ਬੈਗ ਵਿਚ ਤੁਸੀਂ ਸੱਤ ਤੋਂ ਅੱਠ ਕਿਲੋ ਭਾਰ ਨਾਲ ਲਿਜਾ ਸਕਦੇ ਹੋ। ਇਸ ਇਮਾਰਤ ਤੋਂ ਬਾਹਰ ਫਿਰ ਬੱਸਾਂ ਲੱਗੀਆਂ ਹੋਈਆਂ ਸੀ, ਸਭ ਯਾਤਰੀ ਬੈਠ ਗਏ। ਫਿਰ ਜੈਕਾਰਿਆਂ ਦੀ ਗੂੰਜ। ਬੱਸ ਨੇ ਸਭ ਨੂੰ ਕਰਤਾਰਪੁਰ ਸਾਹਿਬ ਦੇ ਬਾਹਰ ਚੈਕਿੰਗ ਪੋਸਟ 'ਤੇ ਉਤਾਰ ਦਿੱਤਾ। ਉਸ ਦੇ ਬਾਹਰ ਨਿਕਲਦਿਆਂ ਹੀ ਸ੍ਰੀ ਦਰਬਾਰ ਸਾਹਿਬ ਦੀ ਸਹੀ ਇਮਾਰਤ ਨਜ਼ਰ ਆਉਂਦੀ ਹੈ। ਇੱਕ ਉਤਸੁਕਤਾ ਵਿਚ ਜਗਿਆਸਾ ਨੂੰ ਖੰਭ ਲੱਗ ਗਏ। ਸਭ ਤੋਂ ਪਹਿਲਾਂ ਦਰਸ਼ਨੀ ਡਿਉੜੀ ਦੇ ਮਨਮੋਹਣੇ ਦਰਸ਼ਨ। ਸਭ ਕੁਝ ਇੱਕ ਨਾਟਕ ਵਾਂਗ ਦਿਖਾਈ ਦੇ ਰਿਹਾ ਸੀ ਕਿ ਅੱਗੇ ਕੀ ਹੋਵੇਗਾ। ਇਕਾਗਰਤਾ ਅਧਿਆਤਮਿਕਤਾ ਨੂੰ ਛੂਹ ਰਹੀ ਸੀ। ਦਰਸ਼ਨੀ ਡਿਊੜੀ ਦੇ ਮੁੱਖ ਦੁਆਰ 'ਤੇ ਜਦੋਂ ਸ਼ਰਧਾਲੂ ਅੰਦਰ ਪ੍ਰਵੇਸ਼ ਕਰਨ ਲੱਗਦੇ ਹਨ, ਉਨ੍ਹਾਂ ਨੂੰ ਉਥੇ ਰੋਕ ਕੇ ਇਕ ਮੁਸਲਮਾਨ ਮੁਲਾਜ਼ਿਮ ਅਤੇ ਪਾਕਿਸਤਾਨੀ ਸਿੱਖ ਲੜਕੀ ਨੇ ਸਭ ਨੂੰ ਸ੍ਰੀ ਕਰਤਾਰਪੁਰ ਸਾਹਿਬ ਦੀ ਸੰਖੇਪ ਜਿਹੀ ਜਾਣਕਾਰੀ ਦਿੱਤੀ। ਕਿਥੇ ਕੀ ਹੈ? ਸਭ ਕੁਝ ਸਮਝਾਉਂਦੇ ਹਨ।

ਇਸ ਤੋਂ ਬਾਅਦ ਅਸੀਂ ਅੰਦਰ ਪ੍ਰਵੇਸ਼ ਕੀਤਾ। ਤਨ, ਮਨ, ਰੂਹ ਆਨੰਦਿਤ ਹੋਈ ਜਾ ਰਹੀ ਸੀ। ਜਿਵੇਂ ਹਕੀਕਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਣੇਂ ਹੋਣ। ਪ੍ਰਵੇਸ਼ ਦੁਆਰ ਦੇ ਬਰਾਮਦੇ ਵਿਚੋਂ ਅੰਦਰਲੇ ਸਾਰੇ ਦ੍ਰਿਸ਼ ਨਜ਼ਰ ਆਉਂਦੇ ਹਨ। ਸੰਗਮਰਮਰ ਦਾ ਦਿਲਕਸ਼ ਫਰਸ਼, ਸਾਰੀ ਇਮਾਰਤ ਸਫ਼ੇਦ ਰੰਗ ਦੀ ਜਿਵੇਂ ਸ਼ਾਂਤੀ ਅਤੇ ਭਾਈਚਾਰੇ ਦਾ ਸੰਦੇਸ਼ ਪ੍ਰਵੇਸ਼ ਦੁਆਰ ਦੇ ਨਾਲ ਖੱਬੇ ਪਾਸੇ ਜੋੜਾ ਘਰ ਹੈ। ਜਿੱਥੇ ਸਭ ਨੇ ਆਪਣੇ-ਆਪਣੇ ਜੋੜੇ (ਜੁੱਤੇ) ਜਮ੍ਹਾਂ ਵਰਕਾ ਕੇ ਟੋਕਣ ਲੈ ਲਏ। ਇੱਥੇ ਜੋੜਿਆਂ ਦੀ ਸੇਵਾ ਵਿਚ ਸਭ ਮੁਸਲਮਾਨ ਭਾਈਚਾਰੇ ਦੇ ਹੀ ਸ਼ਰਧਾਲੂ ਸਨ। ਨਾਲ ਹੀ ਪੁਲਿਸ ਦਾ ਡਿਊਟੀ ਰੂਮ ਹੈ। ਸਭ ਨੇ ਦਰਸ਼ਨੀ ਡਿਊੜੀ ਦੀਆਂ ਤਸਵੀਰਾਂ ਖਿੱਚੀਆਂ। ਵੱਖ-ਵੱਖ ਦ੍ਰਿਸ਼ਾਂ ਅਤੇ ਵੱਖ-ਵੱਖ ਅੰਦਾਜ਼ ਵਿਚ। ਇਸ ਸਥਾਨ 'ਤੇ ਸ੍ਰੀ ਦਰਬਾਰ ਸਾਹਿਬ ਦਾ ਅਧਿਆਤਮਿਕ ਅਤੇ ਸਕੂਨ ਭਰਿਆ ਅਲੌਕਿਕ ਦ੍ਰਿਸ਼ ਤਨ, ਮਨ, ਰੂਹ ਨੂੰ ਛੂਹ ਜਾਂਦਾ ਹੈ। ਜਲਦੀ-ਜਲਦੀ ਨਜ਼ਦੀਕ ਪਹੁੰਚਣ ਦੀ ਇੱਛਾ ਮਨ ਵਿਚ ਲਿਲਕਦੀ ਹੈ। ਸ੍ਰੀ ਦਰਬਾਰ ਸਾਹਿਬ ਦੇ ਚਾਰੇ ਪਾਸਿਆਂ ਤੋਂ ਤੁਸੀਂ ਅੰਦਰ ਜਾ ਸਕਦੇ ਹੋ। ਚਾਰੇ ਪਾਸੇ ਲੰਬਾ-ਚੌੜਾ ਬਰਾਮਦਾ ਨੁਮਾਂ ਗਲਿਆਰਾ ਹੈ। ਪ੍ਰਾਚੀਨ ਸਮੇਂ ਦੀ ਸ਼ਿਲਪਸ਼ੈਲੀ ਦੀ ਤਰਜ਼ ਵਿਚ ਆਧੁਨਿਕ ਸਮੱਗਰੀ ਨਾਲ ਬਣਿਆ।

■ ਬਾਕੀ ਅਗਲੇ ਅੰਕ 'ਚ

# ਭਾਦੋਂ ਧੁੱਪਾਂ ਕਹਿਰ ਦੀਆਂ, ਝੜੀਆਂ ਕਈ-ਕਈ ਪਹਿਰ ਦੀਆਂ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
98781-11445
ਪੰਜਾਬ ਮੇਲ USA

ਦੇਸੀ ਮਹੀਨਿਆਂ ਦੇ ਚੱਕਰ ਵਿਚ ਤੀਹ ਦਿਨਾਂ ਦਾ ਰੁੱਤਬਾ ਰੱਖਦਾ ਭਾਦੋਂ ਮਹੀਨਾ ਨਾਨਕਸ਼ਾਹੀ ਕੈਲੰਡਰ ਦਾ ਛੇਵਾਂ ਮਹੀਨਾ ਹੈ। ਇਹ ਅੰਗਰੇਜ਼ੀ ਮਹੀਨਿਆਂ ਦੇ ਅਗਸਤ-ਸਤੰਬਰ ਵਿਚ ਆਉਂਦਾ ਹੈ। ਮੌਸਮ, ਅਧਿਆਤਮਕ, ਸਮਾਜਿਕ ਅਤੇ ਸੱਭਿਆਚਾਰਕ ਪੱਖੋਂ ਭਾਦੋਂ ਮਹੀਨਾ ਤਰ੍ਹਾਂ-ਤਰ੍ਹਾਂ ਦੇ ਰੰਗ ਬਿਖੇਰਦਾ ਹੋਇਆ ਮਾਨਵਤਾ ਨੂੰ ਸੁਨੇਹੇ ਦਿੰਦਾ ਹੈ। ਸਭ ਤੋਂ ਪਹਿਲਾਂ ਪਵਿੱਤਰ ਗੁਰਬਾਣੀ ਵਿਚ ਇਸ ਮਹੀਨੇ ਜੀਊਣ ਦੀ ਜਾਂਚ ਅਤੇ ਖੋਟੇ-ਖਰੇ ਦੀ ਪਰਖ ਕਰਵਾਈ ਗਈ ਹੈ। ਇਸ ਤੋਂ ਇਲਾਵਾ ਜੇਹਾ ਬੀਜਣਾ ਉਹੀ ਕੱਟਣ ਦੇ ਸੁਨੇਹੇ ਨਾਲ ਮੰਦੇ ਕਰਮਾਂ ਤੋਂ ਮੋੜਿਆ ਗਿਆ ਹੈ। ਭਾਦੋਂ ਮਹੀਨੇ ਨੂੰ ਦੁਨੀਆਂਦਾਰੀ ਅਤੇ ਮਾਨਵਤਾ ਦੇ ਲਹਿਜ਼ੇ ਤੋਂ ਵਿਚਾਰਣ ਦਾ ਹੁਕਮ ਹੈ:-

"ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ,
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ,
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ,
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ,
ਛਡਿ ਖੜੋਤੇ ਖਿਨੈ ਮਾਹਿ, ਜਿਨ ਸਿਉ ਲਗਾ ਹੇਤੁ,
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ,
ਜੇਹਾ ਬੀਜੈ ਸੋ ਲੁਣੈ ਕਰਮਾਂ ਸੰਦੜਾ ਖੇਤੁ"
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ,
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ"

ਭਾਦੋਂ ਵਿਚ ਜੱਟ ਨੂੰ ਵੱਜਿਆ ਮੁੜਕੇ ਦਾ ਜੱਫ਼ਾ ਕਹਾਵਤ ਮਸ਼ਹੂਰ ਕਰ ਗਿਆ "ਭਾਦੋਂ ਵਿਚ ਜੱਟ ਸਾਧ ਹੋ ਗਿਆ" ਗੱਲ ਇਉਂ ਸੀ ਕਿ ਇਹ ਮਹੀਨਾ ਲਹੂ ਵਾਂਗ ਚੋਂਦੇ ਮੁੜ੍ਹਕੇ ਦਾ ਹੁੰਦਾ ਹੈ। ਉਧਰ ਹੱਥੀਂ ਕਿਰਤ ਨਾਲ ਖੇਤੀ ਕੀਤੀ ਜਾਂਦੀ ਸੀ। ਜੱਟ ਦਾ ਸਿਦਕ ਅਤੇ ਸਿਰੜ ਵੀ ਭਾਦੋਂ ਹੀ ਪਰਖਦਾ ਸੀ। ਖੇਤੀ ਮੀਂਹ 'ਤੇ ਨਿਰਭਰ ਹੁੰਦੀ ਸੀ। ਇਹ ਮਹੀਨਾ ਮੀਂਹ ਅਤੇ ਹੁੰਮਸ ਵਿਚ ਵੀ ਜੱਟ ਨੂੰ ਵਿਹਲਾ ਨਹੀਂ ਬੈਠਣ ਦਿੰਦਾ, ਕਿਉਂਕਿ ਕੰਮ ਕਰਨਾ ਹੀ ਪੈਂਦਾ ਹੈ। ਇਸ ਮਹੀਨੇ ਮੱਕੀਆਂ ਵਿਚੋਂ ਘਾਹ ਵੱਢਣਾ ਇੱਕ ਤਰ੍ਹਾਂ ਸਿਰੜ ਦਾ ਸਿਖ਼ਰ ਹੁੰਦਾ ਹੈ। ਭਾਦੋਂ ਮਹੀਨੇ ਮੱਕੀਆਂ ਦੇ ਖੇਤਾਂ ਵਿਚ ਸਾਹ ਰੁੱਕਦਾ ਹੈ, ਇਸ ਫ਼ਸਲ ਵਿਚੋਂ ਬਾਹਰ ਆ ਕੇ ਵਿਚ ਇਉਂ ਲੱਗਦਾ ਕਿ ਕਿਸੇ ਹੋਰ ਦੁਨੀਆਂ ਵਿਚ ਆ ਗਏ ਹਾਂ। ਇਸੇ ਲਈ ਹੀ ਇਸ ਨੂੰ ਭੜਦਾਹ ਵੀ ਕਿਹਾ ਜਾਂਦਾ ਹੈ। ਭਾਦੋਂ ਵਿਚ ਅਜਿਹਾ ਵਰਤਾਰਾ ਵੀ ਹੁੰਦਾ ਹੈ ਕਿ ਬਾਹਰ ਮੀਂਹ ਵਰ੍ਹਦਾ ਹੈ, ਅੰਦਰ ਪਸੀਨਾ ਚੋਂਦਾ ਹੈ। ਧੁੱਪ ਅਤੇ ਮੀਂਹ, ਹੁੰਮਸ ਅਤੇ ਨਮੀ ਦਾ ਪ੍ਰਤੀਕਰਮ ਦਿੰਦੇ ਹੋਏ ਇਸ ਮਹੀਨੇ ਨੇ ਸਾਹਿਤਕ ਸੱਤਰਾਂ ਨੂੰ ਉੱਗਣ ਦਾ ਮੌਕਾ ਦਿੱਤਾ:-

"ਭਾਦੋਂ ਧੁੱਪਾਂ ਕਹਿਰ ਦੀਆਂ ਝੜੀਆਂ ਕਈ ਕਈ ਪਹਿਰ ਦੀਆਂ"

"ਭਾਦੋਂ ਦੀ ਤਿੜਕੀ ਮਤਰੇਈ ਦੀ ਝਿੜਕੀ"

ਦੁਪਹਿਰੇ ਨਿਕਲੀ ਧੁੱਪ ਦੀ ਆਰ-ਪਾਰ ਹੁੰਦੀ ਚਮਕ ਨੂੰ ਮਤਰੇਈ ਮਾਂ ਵਾਲੇ ਸਲੂਕ ਬਰਾਬਰ ਮੰਨਿਆ ਹੈ। ਕੁਝ ਮਤਰੇਈਆਂ ਸਮੇਂ ਅਨੁਸਾਰ ਦੂਜੇ ਦੇ ਬੱਚੇ ਨੂੰ ਸ਼ਾਂਤ ਮਾਹੌਲ ਵਿਚ ਵੀ ਇੱਕਦਮ ਝਿੜਕ ਦਿੰਦੀਆਂ ਸਨ। ਜਿਵੇਂ ਮਾਂ ਅਤੇ ਮਤਰੇਈ ਵਿਚ ਫ਼ਰਕ ਹੈ, ਇਸੇ ਤਰ੍ਹਾਂ ਹੀ ਭਾਦੋਂ ਅਤੇ ਹੋਰ ਮਹੀਨੇ ਦੀ ਧੁੱਪ ਵਿਚ ਵੀ ਫ਼ਰਕ ਹੁੰਦਾ ਹੈ। ਭਾਦੋਂ ਮਹੀਨਾ ਤਪਸ਼ ਦੇ ਨਾਲ-ਨਾਲ ਹੋਰ ਵੰਨਗੀਆਂ ਵੀ ਪੇਸ਼ ਕਰਦਾ ਹੈ। ਹੀਰ ਦਾ ਮੁਕਲਾਵਾ ਵੀ ਇਸੇ ਭਾਦੋਂ ਵਿਚ ਬੋਲਦਾ ਹੈ:-

"ਭਾਦੋਂ ਦਾ ਹੀਰ ਦਾ ਧਰਿਆ ਮੁਕਲਾਵਾ,
ਉਸ ਨੂੰ ਖ਼ਬਰ ਨਾ ਕਾਈ,
ਮਹਿੰਦੀ ਸ਼ਗਨਾਂ ਦੀ ਚੜ੍ਹ ਗਈ ਦੂਣ ਸਵਾਈ"

ਇਸੇ ਲਈ ਗਵਾਹੀ ਵੀ ਮਿਲਦੀ ਹੈ:-

"ਤੀਆਂ ਸਾਉਣ ਦੀਆਂ ਭਾਦੋਂ ਦੇ ਮੁਕਲਾਵੇ"

ਸਾਉਣ ਮਹੀਨਾ ਸ਼ਗਨਾ ਦਾ ਨਿੱਘ ਮਾਨਣ ਲਈ ਕੁੜੀਆਂ ਨੂੰ ਬੁਲਾਉਂਦਾ ਹੈ। ਚਾਅ ਮਲਾਰ ਅਤੇ ਇਕੱਠੀਆਂ ਹੋਈਆਂ ਦੀਆਂ ਰੌਣਕਾਂ ਵਿਛੋੜਾ ਸਹਿਣ ਨਹੀਂ ਕਰ ਸਕਦੀਆਂ, ਇਸ ਲਈ ਕਿਹਾ ਗਿਆ ਹੈ:-

"ਭਾਦੋਂ ਚੜ੍ਹਦੀ ਨੂੰ ਅੱਗ ਲੱਗ ਜਾਵੇ,
ਸਾਉਣ ਵੀਰ ਇਕੱਠੀਆਂ ਕਰੇ,
ਭਾਦੋਂ ਚੰਦਰੀ ਵਿਛੋੜੇ ਪਾਵੇ"

ਇਸ ਮਹੀਨੇ ਰੂਪਨਗਰ ਜ਼ਿਲ੍ਹੇ ਵਿਚ ਪੈਂਦੇ ਬਿਭੌਰ ਸਾਹਿਬ ਨੂੰ ਉੱਚਾ ਰੁਤਬਾ ਮਿਲਿਆ ਸੀ। ਭਾਦੋਂ ਸੁਦੀ ਅਸ਼ਟਮੀ ਨੂੰ ਇੱਥੇ ਧਾਰਮਿਕ ਮੇਲਾ ਲੱਗਦਾ ਹੈ। ਚੌਪਈ ਸਾਹਿਬ ਨਾਲ ਵੀ ਇਸ ਮਹੀਨੇ ਦੀ ਗੂੜ੍ਹੀ ਸਾਂਝ ਹੈ:-

"ਭਾਦ੍ਰਵ ਸੁਦੀ ਅਸ਼ਟਮੀ ਰਵਿ ਵਾਰਾ,
ਤੀਰ ਸਤੁਦ੍ਰਵ ਗ੍ਰੰਥ ਸੁਧਾਰਾ"

ਮੇਲੇ ਪੰਜਾਬ ਦੀ ਸ਼ਾਨ ਹੋਣ ਕਰਕੇ ਇਸ ਮਹੀਨੇ ਵੀ ਵੱਡਾ ਮੇਲਾ ਛਪਾਰ ਲੁਧਿਆਣਾ ਵਿਖੇ ਮਨਾਇਆ ਜਾਂਦਾ ਹੈ। ਇਹ ਮੇਲਾ ਭਾਦੋਂ ਦੀ ਚਾਨਣੀ ਚੌਦਸ ਨੂੰ ਲੱਗਦਾ ਹੈ:-

"ਆਰੀ ਆਰੀ ਆਰੀ ਮੇਲਾ ਤਾਂ ਛਪਾਰ ਲੱਗਦਾ,
ਜਿਹੜਾ ਲੱਗਦਾ ਜਹਾਨ ਤੋਂ ਭਾਰੀ"


ਭਾਦੋਂ ਸੁਵੱਖਤੇ ਤੋਂ ਆਥਣ ਤੱਕ ਜੀਵਨ ਦੇ ਪੰਧ ਨੂੰ ਗੁੰਝਲਦਾਰ ਬਣਾ ਕੇ ਰੱਖਦਾ ਹੈ। ਦੂਜਾ ਪਲ ਹੀ ਬਦਲਵੇਂ ਪਰਛਾਵੇਂ ਪਾ ਦਿੰਦਾ ਹੈ:-

"ਭਾਦੋਂ ਦੇ ਛਰਾਟੇ ਗੁੰਨੇ ਰਹਿ ਗਏ ਆਟੇ"

ਗਰਮੀ, ਮੀਂਹ, ਧੁੱਪ ਅਤੇ ਮੁੜ੍ਹਕਾ ਮਨੁੱਖੀ ਸਰੀਰ ਦਾ ਰੰਗ ਵੀ ਬਦਲ ਦਿੰਦਾ ਹੈ, ਇਸ ਲਈ ਇਸ ਨਕਸ਼ੇ ਨੂੰ ਸੁਰਾਂ ਇਉਂ ਬਿਆਨਦੀਆਂ ਹਨ:-

"ਭਾਦੋਂ ਬਦਰੰਗ, ਗੋਰਾ ਕਾਲਾ ਰੰਗ"

ਪੰਜਾਬੀ ਸੱਭਿਆਚਾਰ, ਸਾਹਿਤ ਅਤੇ ਸੰਸਕ੍ਰਿਤੀ ਵਿਚ ਭਾਦੋਂ ਨੂੰ ਬਣਦਾ ਰੁਤਬਾ ਤਾਂ ਦਿੱਤਾ ਗਿਆ ਹੈ, ਪਰ ਕਿਰਤੀਆਂ ਨੂੰ ਇਸ ਦੀ ਮਾਰ ਝੱਲਣੀ ਪੈਂਦੀ ਹੈ। ਕਿਸਾਨੀ ਜੀਵਨ ਲਈ ਇਹ ਕਸਵੱਟੀਆਂ ਲਗਾਉਂਦਾ ਹੈ। ਕੁਦਰਤ ਅਤੇ ਬਨਸਪਤੀ ਦੇ ਪੱਖ ਤੋਂ ਕੁਦਰਤ ਨੇ ਇਹ ਰੁੱਤ ਤਿਆਰ ਕੀਤੀ ਹੈ ਕਿਉਂਕਿ ਇਸ ਦੀ ਤਪਸ਼ ਧਰਤੀ ਅਤੇ ਬਨਸਪਤੀ ਨੂੰ ਜ਼ਰੂਰੀ ਹੁੰਦੀ ਹੈ। ਰੁੱਤਾਂ ਦੇ ਬਦਲਾਓ ਵਿਚ ਇਸ ਮਹੀਨੇ ਨਾਲ ਅਗਲੀ ਰੁੱਤ ਦੀ ਬੁਨਿਆਦ ਰੱਖੀ ਜਾਂਦੀ ਹੈ।



# ਤੁਸੀਂ ਵੀ ਕਿਤੇ ਬੇਵਜ੍ਹਾ ਟਰੱਕ ਸਟਾਰਟ ਤਾਂ ਨ੍ਹੀਂ ਰੱਖਦੇ !

ਜਸਪਾਲ ਸਿੰਘ ਨਾਗਰਾ
'ਮਹਿੰਦਪੁਰੀਆ'
ਯੂਬਾ ਸਿਟੀ, ਕੈਲੀਫੋਰਨੀਆ
(ਅਮਰੀਕਾ)
ਫੋਨ: +1-360-448-1989

ਪੰਜਾਬ ਮੇਲ USA

ਗਰਮੀਆਂ ਦੇ ਦਿਨ ਸਨ। ਮੈਂ ਟਰੱਕ ਚਲਾ ਰਿਹਾ ਸਾਂ। ਮੈਂ ਆਪਣੇ ਵਾਕਫ਼ਕਾਰ ਓਨਰ ਅਪਰੇਟਰ ਨੂੰ ਫੋਨ ਲਾ ਲਿਆ। ਗੱਲਬਾਤ ਦਾ ਸਿਲਸਿਲਾ ਸ਼ੁਰੂ ਹੋਇਆ। ਮੈਂ ਉਸਨੂੰ ਪੁੱਛਿਆ ਕਿ ਅੱਜ ਕਿੱਧਰ ਲੋਡ ਲੈ ਕੇ ਜਾ ਰਹੇ ਹੋ, ਤਾਂ ਉਸਨੇ ਮੋੜਵੇਂ ਜਵਾਬ ਵਿਚ ਕਿਹਾ ਕਿ ਉਹ ਸਟਾਕਟਨ ਲੋਡ ਲਾਹ ਰਿਹਾ ਹੈ ਤੇ ਖ਼ੁਦ ਟਰੇਲਰ ਦੀ ਛਾਵੇਂ ਬੈਠ ਰਿਹਾ ਹੈ। ਮੈਂ ਉਸਨੂੰ ਟਰੱਕ ਸਟਾਰਟ ਕਰਕੇ ਏ.ਸੀ. ਚਲਾ ਕੇ ਬੈਠਣ ਦੀ ਸਲਾਹ ਦਿੱਤੀ। ਉਹਦਾ ਜਵਾਬ ਸੀ ਕਿ ਤੇਲ ਵੀ ਬਹੁਤ ਮਹਿੰਗਾ ਤੇ ਆਈਡਲ ਟਰੱਕ ਚਲਾਉਣ ਨਾਲ ਡੈਫ ਸਿਸਟਮ ਵੀ ਛੇਤੀ ਖਰਾਬ ਹੋ ਜਾਂਦਾ। ਫੇਰ ਉਸਨੂੰ ਮੈਂ ਉਸ ਵਲੋਂ ਕੀਤਾ ਵਾਕਿਆ ਯਾਦ ਕਰਵਾਇਆ ਕਿ ਜਦੋਂ ਤੂੰ ਕਿਸੇ ਦੂਜੀ ਕੰਪਨੀ ਦੀ ਡਰਾਈਵਰੀ ਕਰਦਾ ਸੀ, ਉਦੋਂ ਬੜਾ ਹੁੱਬ-ਹੁੱਬ ਕੇ ਦੱਸ ਰਿਹਾ ਸੀ ਕਿ ਮੈਂ ਛੱਤੀ ਘੰਟੇ ਲਗਾਤਾਰ ਟਰੱਕ ਸਟਾਰਟ ਰੱਖਿਆ। ਉਦੋਂ ਇਹ ਸਾਰਾ ਕੁੱਝ ਨਹੀਂ ਸੀ ਹੋ ਰਿਹਾ, ਜੋ ਮੈਨੂੰ ਤੂੰ ਦੱਸਿਆ ਹੈ। ਉਹ ਮੇਰੀ ਗੱਲ ਸੁਣਕੇ ਸ਼ਰਮਿੰਦਾ ਜਿਹਾ ਹੋਇਆ ਢੀਠਾਂ ਵਾਂਗ ਹਿੜ-ਹਿੜ ਕਰਕੇ ਹੱਸਦਾ ਰਿਹਾ।

ਇਹ ਇੱਕ ਉਦਾਹਰਣ ਮਾਤਰ ਹੈ। ਅਜਿਹਾ ਕੁੱਝ ਨਵੇਂ ਪੂਰ ਦੇ ਬਹੁ-ਗਿਣਤੀ ਡਰਾਈਵਰ ਕਰਦੇ ਹਨ। ਇਹ ਇੱਕ ਗੈਰ ਜ਼ਿੰਮੇਵਰਾਨਾ ਰਵੱਈਆ ਹੈ। ਇਸ ਕਿਸਮ ਦੇ ਡਰਾਈਵਰਾਂ ਨੂੰ ਇਹ ਸੋਝੀ ਨਹੀਂ ਕਿ ਉਨ੍ਹਾਂ ਦੇ ਅਜਿਹਾ ਕਰਨ ਨਾਲ ਉਹ ਕੰਪਨੀ ਮਾਲਕਾਂ ਦਾ ਤਾਂ ਆਰਥਿਕ ਨੁਕਸਾਨ ਕਰ ਰਹੇ ਹਨ, ਜਦੋਂਕਿ ਆਪਣੀ ਸਿਹਤ ਦਾ ਬਹੁਤ ਜ਼ਿਆਦਾ ਨੁਕਸਾਨ ਕਰਦੇ ਹਨ, ਜਿਸਦੀ ਭਰਪਾਈ ਪੈਸੇ ਨਾਲ ਨਹੀਂ ਹੋ ਸਕਦੀ। ਜਦੋਂ ਅਸੀਂ ਬੇਵਜ੍ਹਾ ਰਾਤ ਨੂੰ ਸੌਣ ਸਮੇਂ ਟਰੱਕ ਸਟਾਰਟ ਕਰਕੇ ਸੌਂਦੇ ਹਾਂ, ਤਾਂ ਟਰੱਕ ਦੀ ਲਗਾਤਾਰ ਹੋ ਰਹੀ ਵਾਈਬਰੇਸ਼ਨ ਸਾਡੇ ਸਰੀਰ ਦੇ ਅੰਗਾਂ ਨੂੰ ਪ੍ਰਭਾਵਿਤ ਕਰਦੀ ਹੈ, ਜਿਸ ਨਾਲ ਬਲੱਡ ਪਰੈਸ਼ਰ, ਬੋਲਾਪਨ, ਸਾਹ ਦੀਆਂ ਬੀਮਾਰੀਆਂ ਅਤੇ ਸਭ ਤੋਂ ਜ਼ਿਆਦਾ ਮਰਦਪੁਣਾ (**impotence**) ਪ੍ਰਭਾਵਿਤ ਹੁੰਦਾ ਹੈ। ਘੱਟਦੀ ਮਰਦਾਨਾ ਤਾਕਤ ਸਮਾਜ ਵਿਚ ਖਲਬਲੀ ਪੈਦਾ ਕਰਦੀ ਹੈ, ਜਿਸ ਨਾਲ ਪਰਿਵਾਰਾਂ ਵਿਚ ਕਲੇਸ਼ ਅਤੇ ਤਲਾਕ ਵਰਗੇ ਮੁੱਦੇ ਖੜ੍ਹੇ ਹੁੰਦੇ ਹਨ।




ਇਸ ਗੱਲ ਦਾ ਗਿਆਨ ਤਾਂ ਅੱਜ ਦੇ ਸਮੇਂ ਵਿਚ ਸਾਰਿਆਂ ਨੂੰ ਹੀ ਹੈ ਕਿ ਤੇਲ ਊਰਜਾ ਦਾ ਇੱਕ ਕੁਦਰਤੀ ਸੋਮਾ ਹੈ, ਜਿਸਨੂੰ ਖਤਮ ਹੋਣ 'ਤੇ ਮੁੜ ਪੈਦਾ ਨਹੀਂ ਕੀਤਾ ਜਾ ਸਕਦਾ। ਇਹੋ ਕਾਰਣ ਹੈ ਕਿ ਸਰਕਾਰਾਂ ਇਸਦੇ ਬਦਲ ਵਿਚ ਸੂਰਜੀ ਊਰਜਾ ਨੂੰ ਵਰਤਣ ਵੱਲ ਜ਼ਿਆਦਾ ਧਿਆਨ ਦੇ ਰਹੀਆਂ ਹਨ। ਇਸ ਗੱਲ ਦਾ ਸਾਨੂੰ ਸਾਰਿਆਂ ਨੂੰ ਹੀ ਧਿਆਨ ਰੱਖਣ ਦੀ ਲੋੜ ਹੈ ਕਿ ਜਦੋਂ ਤੇਲ (ਡੀਜ਼ਲ ਜਾਂ ਪੈਟਰੋਲ) ਬਲਦਾ ਹੈ, ਤਾਂ ਕਾਰਬਨ ਡਾਈਆਕਸਾਈਡ ਅਤੇ ਕਾਰਬਨ-ਮੋਨੋਆਕਸਾਈਡ ਗੈਸ ਪੈਦਾ ਹੁੰਦੀ ਹੈ, ਜਿਹੜੀ ਸਮੁੱਚੇ ਵਾਤਾਵਰਣ ਨੂੰ ਦੂਸ਼ਿਤ ਕਰਦੀ ਹੈ। ਦੂਸ਼ਿਤ ਵਾਤਾਵਰਣ ਸਾਡੀ ਸਾਹ ਲੈਣ ਦੀ ਪ੍ਰਕਿਰਿਆ 'ਤੇ ਮਾੜਾ ਅਸਰ ਪਾਉਂਦਾ ਹੈ। ਇਸ ਕੁਦਰਤੀ ਸੋਮੇ ਨੂੰ ਬਚਾਕੇ ਰੱਖਣਾ ਵੀ ਸਾਡਾ ਫਰਜ਼ ਹੈ।

ਬੇਵਜ੍ਹਾ ਚਲਾਇਆ ਟਰੱਕ ਇੰਜਣ ਵਿਚ ਵਿਗਾੜ ਪੈਦਾ ਕਰਦਾ ਹੈ। ਜਦੋਂ ਰਸਤੇ ਵਿਚ ਟਰੱਕ ਖਰਾਬ ਹੋ ਜਾਂਦਾ ਹੈ, ਤਾਂ ਇਹ ਮੱਤ ਸੋਚੋ ਕਿ ਕੰਪਨੀ ਦਾ ਨੁਕਸਾਨ ਹੋ ਰਿਹਾ, ਇਸਦੇ ਨਾਲ ਡਰਾਈਵਰ ਦੀ ਖੱਜਲ-ਖੁਆਰੀ ਵੀ ਵੱਧਦੀ ਹੈ ਅਤੇ ਆਰਥਿਕ ਨੁਕਸਾਨ ਵੀ ਹੋ ਰਿਹਾ ਹੈ। ਦੁਨੀਆਂ ਦੇ ਸਫਲ ਲੋਕਾਂ ਦੀਆਂ ਜੀਵਨੀਆਂ ਪੜ੍ਹਕੇ ਵੇਖੋ, ਤਾਂ ਤੁਹਾਨੂੰ ਸਮਝ ਲੱਗੇਗੀ ਕਿ ਸਫਲ ਹੋਣ ਦਾ ਪਹਿਲਾ ਨੁਸਖ਼ਾ ਇਹੋ ਹੀ ਹੈ ਕਿ ਜਦੋਂ ਉਨ੍ਹਾਂ ਨੇ ਕਿਸੇ ਦੂਜੇ ਲਈ ਵੀ ਕੰਮ ਕੀਤਾ, ਤਾਂ ਉਸਨੂੰ ਹਮੇਸ਼ਾ ਆਪਣਾ ਕੰਮ ਸਮਝ ਕੇ ਹੀ ਕੀਤਾ ਹੈ, ਤਾਂ ਹੀ ਉਹ ਸਫਲ ਹੋ ਸਕੇ ਹਨ। ਅਸੀਂ ਦੂਜੇ ਲੋਕਾਂ ਨੂੰ ਸਫਲ ਹੋਇਆ ਵੇਖਕੇ ਸਫ਼ਲ ਹੋਣਾ ਤਾਂ ਚਾਹੁੰਦੇ ਹਾਂ ਪਰ ਉਨ੍ਹਾਂ ਦੀ ਸਫ਼ਲਤਾ ਦੇ ਗੁੱਝੇ ਭੇਦਾਂ ਨੂੰ ਸਮਝਣ ਦੀ ਕੋਸ਼ਿਸ ਨਹੀਂ ਕਰਦੇ। ਆਪਣੇ ਮੰਨ ਵਿਚ ਰਾਤੋ-ਰਾਤ ਸਫ਼ਲ ਹੋਣ ਦਾ ਵਹਿਮ ਨਾ ਪਾਲੋ। ਸਫ਼ਲ ਹੋਣ ਲਈ ਜਿਹੜੇ ਗੁਣ ਹੋਣੇ ਚਾਹੀਦੇ ਹਨ, ਉਨ੍ਹਾਂ ਗੁਣਾਂ ਨੂੰ ਆਪਣੇ ਅੰਦਰ ਭਰਨ ਦੀ ਕੋਸ਼ਿਸ਼ ਵੀ ਕਰੋ।

ਦੁਨੀਆਂ ਵਿਚ ਅਸੰਭਵ ਕੁੱਝ ਵੀ ਨਹੀਂ ਹੈ ਪਰ ਅਸੰਭਵ ਨੂੰ ਸੰਭਵ ਵਿਚ ਬਦਲਣ ਲਈ ਚੰਗੇ ਗੁਣਾਂ ਦੇ ਧਾਰਨੀ ਹੋਣਾ ਅਤੇ ਸਖ਼ਤ ਮਿਹਨਤ ਕਰਨ ਦੇ ਜਜ਼ਬੇ ਦੀ ਲੋੜ ਹੈ। ਜਿਸ ਵਿਅਕਤੀ ਵਿਚ ਸਹਿਜਤਾ, ਸੁਹਿਰਦਤਾ ਅਤੇ ਸਹਿਣਸ਼ੀਲਤਾ ਵਾਲੇ ਗੁਣ ਹੋਣ, ਉਹ ਜ਼ਿੰਦਗੀ ਵਿਚ ਕਿਤੇ ਵੀ ਚਲਾ ਜਾਵੇ, ਹਮੇਸ਼ਾ ਖੁਸ਼ੀਆਂ ਖੇੜਿਆਂ ਵਾਲਾ ਜੀਵਨ ਹੀ ਬਸਰ ਕਰੇਗਾ। ਜਿਹੜੇ ਲੋਕ ਨਿੱਜ ਤੱਕ ਸੀਮਿਤ ਰਹਿੰਦੇ ਹਨ, ਉਹ ਜ਼ਿੰਦਗੀ ਵਿਚ ਨਾਮਣਾ ਖੱਟਣ ਵਾਲਾ ਕੀਰਤੀਮਾਨ ਕਦੇ ਵੀ ਸਥਾਪਿਤ ਨਹੀਂ ਕਰ ਸਕਣਗੇ। ਸੁਹਿਰਦ ਡਰਾਈਵਰ ਭਾਵੇਂ ਓਨਰ ਅਪਰੇਟਰ ਹੋਣ ਤੇ ਭਾਵੇਂ ਉਹ ਕਿਸੇ ਕੰਪਨੀਂ ਲਈ ਕੰਮ ਕਰਦੇ ਹੋਣ, ਉਹ ਹਮੇਸ਼ਾ ਇੱਕ ਹੀ ਸੋਚ ਨਾਲ ਕੰਮ ਕਰਦੇ ਹਨ ਕਿ ਉਨ੍ਹਾਂ ਕਰਕੇ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ ਅਤੇ ਨਾ ਹੀ ਕੋਈ ਆਰਥਿਕ ਨੁਕਸਾਨ ਹੋਵੇ। ਜਦੋਂ ਤੁਸੀਂ ਦੂਜੇ ਦੇ ਕੰਮ ਨੂੰ ਆਪਣਾ ਸਮਝਕੇ ਕਰਨ ਲੱਗ ਪਏ, ਤਾਂ ਸਮਝ ਲਓ ਕਿ ਤੁਸੀਂ ਸਫਲਤਾ ਦੀ ਪੌੜੀ ਦੇ ਪਹਿਲੇ ਡੰਡੇ 'ਤੇ ਪੈਰ ਧਰ ਲਿਆ ਹੈ, ਹੁਣ ਜ਼ਿੰਦਗੀ ਵਿਚ ਤੁਹਾਨੂੰ ਸਫ਼ਲ ਇਨਸਾਨ ਬਣਨ ਤੋਂ ਦੁਨੀਆਂ ਦੀ ਕੋਈ ਤਾਕਤ ਨਹੀਂ ਰੋਕ ਸਕਦੀ। ਜ਼ਿੰਦਗੀ ਵਿਚ ਨਿੱਕੀਆਂ-ਨਿੱਕੀਆਂ ਗੱਲਾਂ ਹੀ ਸਫਲਤਾ ਦੀਆਂ ਨੀਂਹਾਂ ਬਣਦੀਆਂ ਹਨ।

## 6 ਸਤੰਬਰ ਜਨਮ ਦਿਹਾੜੇ 'ਤੇ ਵਿਸ਼ੇਸ਼

# 'ਦ ਬਲੈਕ ਪ੍ਰਿੰਸ: ਮਹਾਰਾਜਾ ਦਲੀਪ ਸਿੰਘ'

ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲ USA



29 ਜੂਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦੇ ਅੱਖਾਂ ਮੀਟ ਜਾਣ ਉਪਰੰਤ ਲਾਹੌਰ ਦਰਬਾਰ 'ਚ ਬੁਰਛਾਗਰਦੀ ਸ਼ੁਰੂ ਹੋ ਗਈ। ਸ਼ੇਰੇ ਪੰਜਾਬ ਦਾ ਵੱਡਾ ਬੇਟਾ ਖੜਕ ਸਿੰਘ ਮਹਾਰਾਜਾ ਬਣਿਆਂ ਪਰ ਉਹ ਛੇਤੀ ਹੀ 5 ਨਵੰਬਰ 1840 ਨੂੰ ਚੜ੍ਹਾਈ ਕਰ ਗਏ। ਉਨ੍ਹਾਂ ਦੇ ਸੰਸਕਾਰ ਤੋਂ ਵਾਪਸ ਆਉਂਦਿਆਂ, ਗੱਦੀ ਦੇ ਅਗਲੇ ਦਾਅਵੇਦਾਰ ਮਹਾਰਾਜਾ ਖੜਕ ਸਿੰਘ ਦੇ ਬੇਟੇ ਕੰਵਰ ਨੌਂ ਨਿਹਾਲ ਸਿੰਘ ਨੂੰ ਡੋਗਰਿਆਂ ਦਰਵਾਜ਼ੇ ਦੀ ਡਿਊੜੀ ਗਿਰਾ ਕੇ ਮਰਵਾ ਦਿੱਤਾ। ਕੰਵਰ ਨੌਨਿਹਾਲ, ਸ਼ਹੀਦ ਸ਼ਾਮ ਸਿੰਘ ਅਟਾਰੀ ਵਾਲਾ ਦੀ ਬੇਟੀ ਨਾਨਕੀ ਨੂੰ ਵਿਆਹਿਆ ਹੋਇਆ ਸੀ। ਨੌਨਿਹਾਲ ਦੀ ਮਾਤਾ ਮਹਾਰਾਣੀ ਚੰਦ ਕੌਰ ਨੇ ਖ਼ਬਰ ਆਮ ਕਰ ਦਿੱਤੀ ਕਿ ਨੌਨਿਹਾਲ ਦੀ ਪਤਨੀ ਗਰਭਵਤੀ ਹੈ, ਸੋ ਉਹ ਆਉਣ ਵਾਲੇ ਛੋਟੇ ਕੰਵਰ ਦੇ ਨਾਂ ਪੁਰ ਆਪ ਮਹਾਰਾਣੀ ਬਣ ਗਈ। ਉਸ ਨੂੰ ਵੀ ਗੋਲੀਆਂ ਪਾਸੋਂ ਜ਼ਹਿਰ ਦਿਵਾ ਕੇ ਮਰਵਾ ਦਿੱਤਾ ਗਿਆ। ਉਪਰੰਤ ਮਹਾਰਾਜਾ ਰਣਜੀਤ ਸਿੰਘ ਦਾ ਅਗਲਾ ਪੁੱਤਰ ਸ਼ੇਰ ਸਿੰਘ ਰਾਜਾ ਬਣਿਆਂ। ਇਸ ਨੂੰ ਵੀ ਸੰਧਾਵਾਲੀਆ ਸਰਦਾਰਾਂ ਸ. ਲਹਿਣਾ ਸਿੰਘ ਤੇ ਸ. ਅਜੀਤ ਸਿੰਘ ਨੇ ਸਮੇਤ ਉਸ ਦੇ ਬੇਟੇ ਟਿੱਕਾ ਪਰਤਾਪ ਸਿੰਘ ਤੇ ਬੁਰਛਾਗਰਦੀ ਪਿੱਛੇ ਪੁਆੜੇ ਦੀ ਜੜ੍ਹ ਧਿਆਨ ਸਿੰਘ ਡੋਗਰਾ, 15 ਸਤੰਬਰ 1843 ਨੂੰ ਕਤਲ ਕਰ ਕੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਅਤੇ ਮਹਾਰਾਣੀ ਜ਼ਿੰਦਾ ਦੇ ਸਭ ਤੋਂ ਛੋਟੇ ਬੇਟੇ, 6 ਸਤੰਬਰ 1838 ਨੂੰ ਜਨਮੇ ਮਹਾਰਾਜਾ ਦਲੀਪ ਸਿੰਘ ਨੂੰ ਗੱਦੀ 'ਤੇ ਬਿਠਾ ਦਿੱਤਾ। ਰਾਜ ਪ੍ਰਬੰਧ ਰਾਣੀ ਜ਼ਿੰਦਾ ਅਤੇ ਉਹਦੇ ਭਾਈ ਸ. ਜਵਾਹਰ ਸਿੰਘ ਔਲਖ ਦੇ ਹੱਥ ਰਿਹਾ। ਸ਼ਾਹ ਮੁਹੰਮਦ ਆਪਣੇ ਜੰਗਨਾਮੇ 'ਚ ਇੰਝ ਕੀਰਨੇ ਪਾਉਂਦਾ ਹੈ:-

'ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ
ਫਿਰਦੇ ਸ਼ੁੱਤਰ ਜਿਓਂ ਬਾਝ ਮੁਹਾਰ ਮੀਆਂ
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ
ਭੂਤ ਮੰਡਲੀ ਹੋਈ ਤਿਆਰ ਮੀਆਂ'

29 ਮਾਰਚ 1849 ਨੂੰ ਫਿਰੰਗੀ ਨੇ ਲਾਹੌਰ ਸੰਧੀ ਨੂੰ ਛਿੱਕੇ ਟੰਗ ਕੇ ਪੰਜਾਬ 'ਤੇ ਕਬਜ਼ਾ ਕਰ ਲਿਆ। ਡਲਹੌਜ਼ੀ ਦੀ ਇਸ ਭੈੜੀ ਚਾਲ 'ਤੇ ਇਕ ਈਮਾਨਦਾਰ ਗੋਰਾ ਮੇਜਰ ਐਡਵਰਡ ਟਿੱਪਣੀ ਕਰਦਾ ਹੈ, "ਅਣਜਾਣ ਲੋਕ ਸਾਨੂੰ ਬੇਕਸੂਰ ਮਨ ਲੈਣ ਪਰ ਰੱਬ ਅਤੇ ਸਾਡੀ ਜ਼ਮੀਰ ਕਦਾਚਿਤ ਨਹੀਂ ਮਨ ਸਕੇਗੀ।" ਇਸ ਬਾਲ ਮਹਾਰਾਜਾ ਨੂੰ 50,000 ਪੌਂਡ ਸਾਲਾਨਾ ਪੈਨਸ਼ਨ ਮੁਕੱਰਰ ਕਰਕੇ ਮਹਾਰਾਜਾ ਸ਼ੇਰ ਸਿੰਘ ਦੇ ਸ਼ਹਿਜ਼ਾਦੇ ਸਹਿਦੇਵ ਸਿੰਘ ਸਮੇਤ, ਫਤਿਹਗੜ੍ਹ ਯੂ.ਪੀ. 'ਚ ਈਸਾਈ ਪ੍ਰਚਾਰਕ ਮਿਸਟਰ ਲੋਗਨ ਪਾਸ ਭੇਜ ਦਿੱਤਾ। ਜਿਸ ਨੇ ਕੇਵਲ 13 ਸਾਲ ਦੇ ਬਾਲ ਮਹਾਰਾਜਾ ਦੇ ਜਿਹਨ 'ਚ ਸਬਜ਼ਬਾਗ਼ ਦਿਖਾ-ਦਿਖਾ, ਈਸਾਈਅਤ ਨੂੰ ਕੁੱਟ-ਕੁੱਟ ਭਰ ਦਿੱਤਾ ਕਿ ਮਹਾਰਾਜਾ ਦਲੀਪ ਸਿੰਘ ਨੇ ਜਿੱਥੇ ਆਪਣੀ ਸਿੱਖ ਮੰਗੇਤਰ ਜੋ, ਹਜ਼ਾਰਾ ਦੇ ਗਵਰਨਰ ਸਰਦਾਰ ਚਤਰ ਸਿੰਘ ਦੀ ਬੇਟੀ ਤੇ ਸਰਦਾਰ ਸ਼ੇਰ ਸਿੰਘ ਅਟਾਰੀ ਵਾਲਾ ਦੀ ਭੈਣ ਸੀ, ਨਾਲ ਸ਼ਾਦੀ ਰਚਾਉਣ ਤੋਂ ਨਾਂਹ ਕਰ ਦਿੱਤੀ, ਉਥੇ ਲਾਹੌਰ ਖ਼ਾਲਸਾ ਦਰਬਾਰ/ਪੰਜਾਬ ਨੂੰ ਵੀ ਵਿਸਾਰ ਦਿੱਤਾ। ਅੱਗੇ ਜਾ ਕੇ 8 ਮਾਰਚ 1853 ਨੂੰ ਉਹ ਬਪਤਿਸਮਾ ਲੈ ਕੇ ਈਸਾਈ ਬਣ ਗਏ। ਇਸ ਦਾ ਖੁਲਾਸਾ ਮਿਸਟਰ ਲੋਗਨ, ਲੇਡੀ ਲੋਗਨ ਨੂੰ ਲਿਖੇ ਖ਼ਤਾਂ 'ਚ ਇੰਝ ਕਰਦਾ ਹੈ:-

1. ਇਹ ਮੁੰਡਾ ਬਹੁਤ ਚੁਸਤ ਹੈ। ਪਰ ਮੈਂ ਬਾਰ ਲੋ ਅਤੇ ਟਾਮੀ ਸਕਾਟ ਨਾਲ ਮਿਲ ਕੇ ਇਸ ਨੂੰ ਛੇਤੀ ਆਪਣੇ ਰਾਹਾਂ 'ਤੇ ਤੋਰ ਲਵਾਂਗਾ।

2. ਮੇਰਾ ਵਿਚਾਰ ਹੈ ਕਿ ਮਹਾਰਾਜਾ ਹੁਣ ਆਪਣੀ ਮਾਂ ਨੂੰ ਮਿਲਣ ਦੀ ਇੱਛਾ ਨਹੀਂ ਰੱਖਦਾ। ਉਹ ਰਾਣੀ, ਸ਼ੇਰੇ ਪੰਜਾਬ ਤੇ ਪੰਜਾਬ ਦੀ ਗੱਲ ਕਰੀਏ ਤਾਂ ਖਿੱਝਦਾ ਹੈ।

ਇਸ ਘਟਨਾਕ੍ਰਮ ਦੇ ਪਿੱਛੋਂ ਮਹਾਰਾਜਾ ਨੂੰ 19 ਅਪ੍ਰੈਲ 1854 ਦੇ ਦਿਨ ਈਸਾਈ ਮੰਡਲੀ ਨਾਲ ਇੰਗਲੈਂਡ ਨੂੰ ਵਿਦਾ ਕਰਦਿਆਂ ਲਾਰਡ ਡਲਹੌਜ਼ੀ ਨੇ ਮਹਾਰਾਜਾ ਨੂੰ ਬਾਈਬਲ ਦੀ ਕਾਪੀ ਭੇਟ ਕਰਦਿਆਂ ਕਿਹਾ, "ਪਿਆਰੇ ਮਹਾਰਾਜ, ਇਹ ਕਾਪੀ ਮੈਂ ਤਾਂ ਭੇਟ ਕਰ ਰਿਹੈਂ, ਤਾਂ ਜੋ ਤੂੰ ਮੈਨੂੰ ਜੀਵਨ ਭਰ ਯਾਦ ਰੱਖੇਂ।"





ਮਹਾਰਾਜਾ ਦਾ ਦਿਲ ਜਿੱਤਣ ਜਾਂ ਬਹਿਲਾਉਣ ਲਈ ਉਸ ਨੂੰ ਸ਼ਾਹੀ ਪਰਿਵਾਰ ਨਾਲ ਕੁਝ ਸਮਾਂ ਸ਼ਾਹੀ ਮਹੱਲ ਓਸਬੋਰਨ ਹਾਊਸ ਵਿਚ ਰੱਖਿਆ ਗਿਆ। ਉਪਰੰਤ 19 ਮਾਰਚ 1854 ਨੂੰ ਲੰਡਨ ਦੇ ਬਾਹਰੀ ਨਾਰਫੋਕ ਦੇ ਐਲਵੇਡਨ ਪਾਰਕ ਵਿਚ ਵਸਾ ਦਿੱਤਾ। ਬਾਅਦ 'ਚ ਉਹ ਸਕਾਟਲੈਂਡ ਦੇ ਕਸਬਾ ਪਰਥਸ਼ਾਇਰ 'ਚ ਰਹਿਣ ਲੱਗੇ। ਜਿਥੇ ਉਨ੍ਹਾਂ ਪਾਸ ਵੱਡਾ ਮਹਿਲ ਤੇ ਕਾਫੀ ਜਗੀਰ ਸੀ। ਉਹ ਉਥੇ **The Black Prince of Perthshire** ਨਾਲ ਮਸ਼ਾਹੂਰ ਹੋਏ। 1857 ਦੇ ਗ਼ਦਰ, ਸੰਧਾਵਾਲੀਆ ਸਰਦਾਰਾਂ ਦੇ ਮੁੜ ਮਿਲਾਪ ਅਤੇ ਫਿਰੰਗੀ ਦੀ ਬੇਰੁਖੀ ਨੇ ਮਹਾਰਾਜਾ ਦੇ ਦਿਲ 'ਚ ਮੁੜ 'ਸੋਜ਼-ਏ-ਵਤਨ' ਦੀ ਚਿਣਗ ਲਾਈ। ਉਸ ਨੂੰ ਆਪਣੀ ਮਾਂ ਅਤੇ ਲਾਹੌਰ ਦਰਬਾਰ ਦੀ ਤੜਫ ਸਤਾਉਣ ਲੱਗੀ। ਉਹ ਫਰਵਰੀ 1861 ਨੂੰ ਭਾਰਤ ਪਹੁੰਚਿਆ, ਤਾਂ ਭਾਰਤੀਆਂ 21 ਤੋਪਾਂ ਦੀ ਸਲਾਮੀ ਦਿੱਤੀ।

ਉਹਨੇ ਆਪਣੇ ਖੁੱਸੇ ਰਾਜ ਦੀ ਮੁੜ ਬਹਾਲੀ ਲਈ ਉੱਚ ਭਾਰਤੀਆਂ ਨਾਲ ਵੱਖ-ਵੱਖ ਬੈਠਕਾਂ ਕੀਤੀਆਂ ਪਰ ਫਿਰੰਗੀ ਨੇ ਉਸ ਨੂੰ ਪੰਜਾਬ ਜਾਣ ਦੀ ਆਗਿਆ ਨਾ ਦਿੱਤੀ। ਲਾਰਡ ਕੈਨਿੰਗ ਨੂੰ ਖ਼ਬਰ ਹੋਈ, ਤਾਂ ਉਹਨੇ ਰਾਣੀ ਜ਼ਿੰਦਾ ਅਤੇ ਮਹਾਰਾਜਾ ਨੂੰ ਮੁਲਾਕਾਤ ਦੇ ਸਥਾਨ ਰਾਣੀ ਗੰਜ ਤੋਂ ਛੇਤੀ ਤੋਂ ਛੇਤੀ ਮੁੜ ਵਲੈਤ ਭੇਜਣ ਦਾ ਆਦੇਸ਼ ਦਿੱਤਾ। ਵਲੈਤ 'ਚ ਹੀ 1863 ਦੀ ਅਗਸਤ ਨੂੰ ਰਾਣੀ ਜ਼ਿੰਦਾ, ਅਕਤੂਬਰ ਨੂੰ ਮਿਸਟਰ ਲੋਗਨ ਅਤੇ ਦਸੰਬਰ ਨੂੰ ਮਹਾਰਾਜਾ ਦੇ ਅੰਗਰੇਜ ਬੇਲੀ ਮਿਸਟਰ ਕਨਸੋਰਟ ਦੇ ਚਲਾਣਾ ਕਰ ਜਾਣ 'ਤੇ ਮਹਾਰਾਜਾ ਬਹੁਤ ਬੇਚੈਨ ਰਹਿਣ ਲੱਗਾ। ਉਹ ਰਾਣੀ ਜ਼ਿੰਦਾ ਦੇ ਫੁੱਲ ਅਤੇ ਰਾਖ ਲੈ ਕੇ ਬੰਬਈ ਆਣ ਉਤਰਿਆ, ਤਾਂ ਫਿਰੰਗੀ ਹਕੂਮਤ ਨੇ ਉਹਨੂੰ ਹਰਦੁਆਰ/ਅੰਬਰਸਰ ਜਾਣ ਦੀ ਆਗਿਆ ਨਾ ਦਿੱਤੀ। ਮਜਬੂਰਨ ਮਹਾਰਾਜਾ ਰਾਣੀ ਦੇ ਫੁੱਲ/ਰਾਖ ਨਾਸਿਕ ਵਿਖੇ ਨਰਬਦਾ ਨਦੀ 'ਚ ਬਹਾ ਕੇ ਵਾਪਸ ਮੁੜ ਗਏ।

ਵਲੈਤ ਵਾਪਸ ਜਾਂਦਿਆਂ ਉਨ੍ਹਾਂ ਮਿਸਰ ਦੇ ਸ਼ਹਿਰ ਅਦਨ ਵਿਖੇ ਮਿਸਰੀ ਲੜਕੀ ਬੰਬਾ ਮੂਲਰ ਨਾਲ 7 ਜੂਨ 1864 ਨੂੰ ਸ਼ਾਦੀ ਰਚਾ ਲਈ। ਉਪਰੰਤ ਉਹਦੇ ਘਰ 3 ਧੀਆਂ ਤੇ 3 ਪੁੱਤਰ ਪੈਦਾ ਹੋਏ। ਹੁਣ ਮਹਾਰਾਜਾ ਦੀ ਪੈਨਸ਼ਨ ਤੇ ਹੋਰ ਸਹੂਲਤਾਂ 'ਚ ਹੋਰ ਵਧੇਰੇ ਕਟੌਤੀ ਕਰ ਦਿੱਤੀ ਗਈ। ਇਥੋਂ ਤੱਕ ਕਿ ਉਸ ਨੂੰ ਲਾਹੌਰ ਦਰਬਾਰ ਜਾਂ ਹੋਰ ਬਾਹਰੀ ਨਿੱਜੀ ਸੰਪਤੀ 'ਚੋਂ ਕੋਈ ਹਿੱਸਾ ਨਾ ਦਿੱਤਾ ਗਿਆ। ਗੋਰਾ ਸਰਕਾਰ ਤੇ ਮਹਾਰਾਜਾ ਵਿਚ ਪਾੜਾ ਇਸ ਕਦਰ ਵਧ ਗਿਆ ਕਿ ਇਕ ਦਿਨ ਮਹਾਰਾਜਾ ਨੇ ਭਾਰਤੀ ਵਤਨ ਪ੍ਰਸਤਾਂ ਦੇ ਨਾਮ ਪੁਰ ਖ਼ਤ ਲਿਖਿਆ:-

"ਪਿਆਰੇ ਭਾਰਤ ਵਾਸੀਓ: ਮੇਰਾ ਇੰਗਲੈਂਡ ਛੱਡਣ ਦਾ ਕੋਈ ਵਿਚਾਰ ਨਹੀਂ ਸੀ। ਪਰ ਵਾਹਿਗੁਰੂ ਜੀ ਦੀ ਇੱਛਾ ਹੈ, ਮੈਂ ਆ ਰਿਹਾ ਹਾਂ। ਮੈਂ ਸਿੱਖ ਧਰਮ ਛੱਡ, ਈਸਾਈ ਹੋਣ ਦੀ ਸੱਚੇ ਦਿਲੋਂ ਮੁਆਫੀ ਮੰਗਦਾ ਹਾਂ। ਮੈਂ ਨਿਆਣਪੁਣੇ 'ਚ ਗਲਤੀ ਕੀਤੀ ਹੈ। ਮੈਂ ਭਾਰਤ ਆਉਣਾ ਚਾਹੁੰਦਾ ਹਾਂ ਪਰ ਮੇਰੇ ਰਸਤੇ 'ਚ ਰੁਕਾਵਟਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਹਨ।"

**ਤੁਹਾਡਾ ਲਹੂ ਅਤੇ ਮਾਸ: ਦਲੀਪ ਸਿੰਘ**

ਇਹ ਚਿੱਠੀ 17 ਅਪ੍ਰੈਲ 1886 ਦੀ ਟ੍ਰਿਬਿਊਨ ਅਖ਼ਬਾਰ 'ਚ ਛਪੀ।

ਦਲੀਪ ਸਿੰਘ ਚੜ੍ਹਦੇ ਅਪ੍ਰੈਲ 1886 'ਚ ਭਾਰਤ ਲਈ ਤੁਰਿਆ ਤਾਂ ਲਾਰਡ ਡਫਰਨ ਦੇ ਹੁਕਮ 'ਤੇ ਉਸ ਨੂੰ ਅਦਨ ਦੀ ਬੰਦਰਗਾਹ ਤੋਂ ਮੁੜ ਵਾਪਸ ਮੋੜ ਦਿੱਤਾ। ਇਥੇ ਮਹਾਰਾਜਾ ਨੇ ਅੰਮ੍ਰਿਤ ਵੀ ਛਕਿਆ। ਇੰਗਲੈਂਡ ਪੁੱਜਦਿਆਂ ਮਹਾਰਾਜਾ ਨੇ ਸਰਕਾਰੀ ਪੈਨਸ਼ਨ ਅਤੇ ਹੋਰ ਸਾਰੀਆਂ ਸਹੂਲਤਾਂ ਲੈਣੀਆਂ ਖ਼ੁਦ ਬੰਦ ਕਰ ਦਿੱਤੀਆਂ। ਉਪਰੰਤ ਉਨ੍ਹਾਂ ਫਰਾਂਸ ਅਤੇ ਪਾਂਡੀਚੇਰੀ ਪਹੁੰਚਣ ਦਾ ਯਤਨ ਕੀਤਾ ਪਰ ਅਸਫਲ ਰਹੇ। ਫਿਰ ਉਹ 1887 'ਚ ਜਰਮਨ ਰਾਹੀਂ ਰੂਸ ਮਦਦ ਲਈ ਗਏ। ਉਸ ਨੇ ਭਾਰਤੀ ਖਾਸ ਕਰ ਪੰਜਾਬੀਆਂ ਦੇ ਨਾਮ ਅਖਬਾਰਾਂ ਰਾਹੀਂ ਬੇਨਤੀ ਕੀਤੀ ਕਿ ਹਰ ਭਾਰਤੀ ਇਕ ਪਾਈ ਤੇ ਹਰ ਪੰਜਾਬੀ ਇਕ ਆਨਾ ਰੋਜ਼ਾਨਾ ਮਦਦ ਕਰੇ, ਤਾਂ ਕਿ ਉਹ ਫਿਰੰਗੀ ਪਾਸੋਂ ਰੂਸੀ ਸਹਿਯੋਗ ਨਾਲ ਖੁੱਸੇ ਪੰਜਾਬ ਨੂੰ ਮੁੜ ਪ੍ਰਾਪਤ ਕਰੇ ਸਕੇ।


ਅਫਸੋਸ ਕਿ ਨਾ ਤਾਂ ਉਸ ਨੂੰ ਰੂਸ ਤੇ ਨਾ ਹੀ ਵਤਨ ਪ੍ਰਸਤਾਂ ਤੋਂ ਕੋਈ ਹੁੰਗਾਰਾ ਮਿਲਿਆ। ਇਥੇ ਹੀ ਉਸ ਨੂੰ ਆਪਣੀ ਪਤਨੀ ਬੰਬਾ ਮੂਲਰ ਦੀ ਮੌਤ ਹੋਣ ਦੀ ਦੁਖਦਾਈ ਖ਼ਬਰ ਮਿਲੀ ਕਿ ਦੋਹਰੀ ਨਿਰਾਸ਼ਾ 'ਚ ਉਹ ਵਾਪਸ ਫਰਾਂਸ ਪਰਤ ਆਏ। ਜਿਥੇ ਉਸ ਨੇ ਪੈਰਿਸ ਦੀ ਇਕ ਮੇਮ ਐਡਾ ਡੌਗਲਸ ਨਾਲ ਸ਼ਾਦੀ ਰਚਾਈ। ਉਸ ਦੀ ਕੁੱਖ ਤੋਂ ਦੋ ਲੜਕੀਆਂ ਪੈਦਾ ਹੋਈਆਂ। ਅਖ਼ੀਰ ਮਹਾਰਾਜਾ ਦਲੀਪ ਸਿੰਘ ਗ਼ੁਮਨਾਮੀ ਅਤੇ ਫਟੇ ਹਾਲ ਦੀ ਸਥਿਤੀ 'ਚ ਪੈਰਿਸ ਦੇ ਹੋਟਲ ਵਿਚ 22 ਅਕਤੂਬਰ 1893 ਨੂੰ ਅੱਖਾਂ ਮੀਟ ਗਿਆ। ਉਸ ਦੀ ਹੁਣ ਤੱਕ ਬਚੀ ਆਖ਼ਰੀ ਨਿਸ਼ਾਨੀ ਵੱਡੀ ਬੇਟੀ ਬੰਬਾ ਦਲੀਪ ਸਿੰਘ 104-ਏ ਮਾਡਲ ਟਾਊਨ ਲਾਹੌਰ ਰਹਿੰਦਿਆਂ ਬੇ-ਔਲਾਦ 10 ਮਾਰਚ 1957 ਨੂੰ ਸਵਰਗਵਾਸ ਹੋ ਗਈ।


ਮਹਾਰਾਜਾ ਦਲੀਪ ਸਿੰਘ ਦੀ ਬੇਬੱਸੀ 'ਤੇ ਇਕ ਪੇਂਡੂ ਜਗਿਆਸੂ ਸਿੱਖ ਬਜ਼ੁਰਗ ਲੰਬੜਦਾਰ ਨੇ ਬਹੁਤ ਨਿਰਾਸ਼ਾ 'ਚ ਇੰਝ ਟਿੱਪਣੀ ਕੀਤੀ:-

"ਮਹਾਰਾਜਾ ਦਲੀਪ ਸਿੰਘ ਦੀ ਫਿਰੰਗੀ ਨੇ ਵਾਹ ਨਹੀਂ ਚੱਲਣ ਦਿੱਤੀ। ਉਸ ਵਕਤ ਸਹੂਲਤਾਂ ਅਤੇ ਪ੍ਰਚਾਰ ਹਿੱਤ ਮੀਡੀਆ ਦੀ ਵੀ ਵੱਡੀ ਘਾਟ ਸੀ। ਪੰਜਾਬ 'ਚ ਸਿਰ ਦੀ ਬਾਜ਼ੀ ਲਾਉਣ ਲਈ ਕੋਈ ਯੋਗ ਸਰਦਾਰ ਵੀ ਨਾ ਨਿੱਤਰਿਆ ਤਦੋਂ। ਪਰ ਇਦੇ ਨਾਲ ਹੀ ਵੱਡਾ ਝੋਰਾ ਹੋਰ ਵੀ ਏ। ਉਹ ਇਹ ਕਿ ਦਲੀਪ ਸਿਹੁੰ ਵਲੋਂ ਕਿਸੇ ਖਾਨਦਾਨੀ ਸਿੱਖ ਸਰਦਾਰ ਦੀ ਬੇਟੀ ਨਾਲ ਸ਼ਾਦੀ ਰਚਾਉਣ ਨਾਲੋਂ ਮੇਮਾ ਨਾਲ ਹੀ ਸ਼ਾਦੀਆਂ ਰਚਾਈਆਂ ਗਈਆਂ, ਜਿਸ ਦਾ ਅੰਜ਼ਾਮ ਇਹ ਹੋਇਆ ਕਿ ਜਿਥੇ ਮਹਾਰਾਜਾ ਖ਼ੁਦ ਆਪਣੀ ਅਮੀਰ ਵਿਰਾਸਤ ਤੋਂ ਟੁੱਟਾ ਰਿਹਾ, ਉਥੇ ਉਸ ਦੀ ਸੰਤਾਨ ਵੀ ਮਹਾਰਾਜਾ ਦੇ ਅਮੀਰ ਪਿਛੋਕੜ ਨੂੰ ਪਛਾਣ ਨਾ ਸਕੀ। ਦਲੀਪ ਸਿਹੁੰ ਦੀ ਬੇਟੀ ਬੰਬਾ ਦਲੀਪ ਸਿੰਘ ਦਾ ਲਾਹੌਰ ਵਿਖੇ, ਏਡਵਰਡ ਮੈਡੀਕਲ ਕਾਲਜ ਦੇ ਗੋਰਾ (ਪ੍ਰਿੰਸੀਪਲ ਡਾ: ਡੇਵਿਡ ਵਾਟਰਜ ਸੁਦਰਲੈਂਡ) ਨਾਲ ਅਤੇ ਉਸ ਦੀ ਹੰਗਰੀ ਤੋਂ ਸਹਾਇਕ (ਮੈਰੀ ਐਂਟੋਨੀਨੈੱਟ) ਨਾਲ ਰਈਸ ਉਮਰਾਓ ਸਿੰਘ ਸ਼ੇਰਗਿੱਲ (ਮਸ਼ਹੂਰ ਆਰਟਿਸਟ ਅੰਮ੍ਰਿਤਾ ਸ਼ੇਰਗਿੱਲ ਦੇ ਪਿਤਾ) ਦਾ ਸ਼ਾਦੀ ਰਚਾਉਣਾ ਵੀ ਇਸੇ ਕੜੀ ਦਾ ਹਿੱਸਾ ਹੈ। ਅੱਜ ਵੀ ਵਿਦੇਸ਼ਾਂ 'ਚ ਸਿੱਖ ਜੁਆਨੀ ਵਲੋਂ ਗ਼ੈਰ ਪੰਜਾਬੀਆਂ ਨਾਲ ਵਿਆਹ ਕਰਵਾਉਣਾ ਆਪਣੀਆਂ ਨਸਲਾਂ ਨੂੰ ਜੜ੍ਹੋਂ ਉਖਾੜਣ ਅਤੇ ਅਮੀਰ ਵਿਰਾਸਤ ਦੇ ਚੀਰ ਹਰਨ ਤੁੱਲ ਬ ਦਸਤੂਰ ਜਾਰੀ ਹੈ। ਇਹ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ।"



# ਪਵਨ ਹਰਚੰਦਪੁਰੀ ਦੀ 'ਮਹਾਨ ਯੋਧਿਆਂ ਦੀਆਂ ਵਾਰਾਂ' ਪੁਸਤਕ ਵਿਲੱਖਣ ਬਹਾਦਰੀ ਦੀ ਗਾਥਾ




-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਪਵਨ ਹਰਚੰਦਪੁਰੀ ਬਹੁ-ਵਿਧਾਵੀ ਸਾਹਿਤਕਾਰ ਹੈ। ਉਸ ਦੀਆਂ ਹੁਣ ਤੱਕ 45 ਦੇ ਲਗਪਗ ਪੁਸਤਕਾਂ ਸਾਹਿਤ ਦੇ ਵੱਖ-ਵੱਖ ਰੂਪਾਂ ਦੀਆਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ ਮਹਾਂ ਕਾਵਿ, ਅਖ਼ੰਡ ਕਾਵਿ, ਗ਼ਜ਼ਲ ਸੰਗ੍ਰਹਿ, ਗੀਤ ਸੰਗ੍ਰਹਿ, ਬਾਲ ਕਾਵਿ ਸੰਗ੍ਰਹਿ, ਬਾਲ ਕਾਵਿ ਕਹਾਣੀ ਸੰਗ੍ਰਹਿ, ਵਾਰਤਕ/ਖੋਜ, ਸੰਪਾਦਨਾ ਅਤੇ ਅਨੁਵਾਦ ਦੀਆਂ ਪੁਸਤਕਾਂ ਸ਼ਾਮਲ ਹਨ। ਵਿਚਾਰ ਚਰਚਾ ਅਧੀਨ 'ਮਹਾਨ ਯੋਧਿਆਂ ਦੀਆਂ ਵਾਰਾਂ' ਪੁਸਤਕ ਵਿਚ 18 ਸਿਰਲੱਥ ਯੋਧਿਆਂ ਦੀ ਬਹਾਦਰੀ ਦੀਆਂ ਵਾਰਾਂ ਸ਼ਾਮਲ ਹਨ। ਇਹ 18 ਯੋਧੇ ਕੋਈ ਆਮ ਵਿਅਕਤੀ ਨਹੀਂ, ਸਗੋਂ ਇਹ ਉਹ ਮਹਾਨ ਯੋਧੇ ਹਨ, ਜਿਨ੍ਹਾਂ ਨੇ ਆਪਣੀ ਕਾਬਲੀਅਤ ਨਾਲ ਇਤਿਹਾਸ ਵਿਚ ਵਿਲੱਖਣ ਯੋਗਦਾਨ ਪਾਇਆ ਹੈ। ਪਵਨ ਹਰਚੰਦਪੁਰੀ ਨੇ ਵੀ ਉਨ੍ਹਾਂ ਮਹਾਨ ਯੋਧਿਆਂ ਦੀ ਬਹਾਦਰੀ ਨੂੰ ਬਾਕਮਾਲ ਢੰਗ ਨਾਲ ਲਿਖਿਆ ਹੈ, ਜਿਨ੍ਹਾਂ ਨੂੰ ਪੜ੍ਹਕੇ ਪਾਠਕਾਂ ਦੇ ਲੂੰ ਕੰਡ੍ਹੇ ਖੜ੍ਹੇ ਹੋ ਜਾਂਦੇ ਤੇ ਖ਼ੂਨ ਖੌਲਣ ਲੱਗ ਜਾਂਦੇ ਹਨ। ਇਨ੍ਹਾਂ ਵਿਚੋਂ 8 ਵਾਰਾਂ ਸਿੱਖ ਇਤਿਹਾਸ ਨਾਲ ਸੰਬੰਧਤ ਯੋਧਿਆਂ ਹਰੀ ਸਿੰਘ ਨਲੂਆ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਸ਼ਾਮ ਸਿੰਘ ਅਟਾਰੀਵਾਲਾ, ਦੀਵਾਨ ਦਰਬਾਰਾ ਸਿੰਘ ਤੇ ਨਵਾਬ ਕਪੂਰ ਸਿੰਘ, ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਨੀ ਸਿੰਘ ਅਤੇ ਭਾਈ ਤਾਰੂ ਸਿੰਘ ਸ਼ਾਮਲ ਹਨ। ਵਾਰ ਦਾ ਅਰਥ ਹਮਲਾ ਕਰਨਾ ਦੱਸਿਆ ਗਿਆ ਹੈ। ਵਾਰਾਂ ਵਿਚ ਵੀ ਸ਼ਬਦੀ ਹਮਲੇ ਹੀ ਕੀਤੇ ਜਾਂਦੇ ਹਨ। ਵਾਰ ਦੀ ਸਿਰਜਣਾ ਦਾ ਕਾਰਜ ਛੇਵੇਂ ਗੁਰੂ ਸ੍ਰੀ ਹਰਿ ਗੋਬਿੰਦ ਜੀ ਦੇ ਸਮੇਂ ਹੋਈ ਸੀ। ਵਾਰ ਮਨੁੱਖਤਾ ਵਿਰੋਧੀ ਸਥਿਤੀਆਂ ਉਤੇ ਵਾਰ ਕਰਦੀ ਹੈ। ਵਾਰਾਂ ਖਾਸ ਤੌਰ 'ਤੇ ਜੰਗਜੂ ਯੋਧਿਆਂ ਬਾਰੇ ਲਿਖੀਆਂ ਜਾਂਦੀਆਂ ਹਨ ਜਾਂ ਜਿਨ੍ਹਾਂ ਦਾ ਆਪੋ-ਆਪਣੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਹੋਵੇ। ਵਾਰ ਨੂੰ ਕਾਵਿ ਛੰਦ/ਪਾਉੜੀ ਛੰਦ ਵੀ ਕਿਹਾ ਜਾਂਦਾ ਹੈ। ਵਾਰ ਲਿਖਣੀ ਬਹੁਤ ਔਖੀ ਹੈ ਕਿਉਂਕਿ ਛੰਦ ਬੱਧ ਲਿਖਣੀ ਪੈਂਦੀ ਹੈ। ਵਾਰ ਬੀਰ ਰਸ ਨਾਲ ਭਰਪੂਰ ਹੁੰਦੀ ਹੈ। ਇਹ ਡਰ ਕੱਢਦੀ ਹੈ। ਇਸ ਤੋਂ ਇਲਾਵਾ ਵਿਅਕਤੀਆਂ, ਇਤਿਹਾਸਕ ਘਟਨਾਵਾਂ ਅਤੇ ਸਥਿਤੀਆਂ ਬਾਰੇ ਵਾਰਾਂ ਲਿਖਣ ਲਈ ਉਨ੍ਹਾਂ ਦੀ ਸਹੀ ਇਤਿਹਾਸਕ ਤੇ ਮਿਥਹਾਸਕ ਜਾਣਕਾਰੀ ਹੋਣੀ ਜ਼ਰੂਰੀ ਹੁੰਦੀ ਹੈ। ਵਾਰ ਪੰਜਾਬੀ ਸਾਹਿਤ ਦਾ ਲੋਕ ਗੀਤਾਂ ਦੀ ਤਰ੍ਹਾਂ ਪੁਰਾਣਾ ਸਾਹਿਤ ਰੂਪ ਹੈ। ਗੀਤ ਇਸ਼ਕ ਮਜਾਜੀ ਤੇ ਹਕੀਕੀ ਨਾਲ ਸੰਬੰਧਤ ਹੁੰਦੇ ਹਨ ਪ੍ਰੰਤੂ ਵਾਰਾਂ ਧਾਰਮਿਕ ਅਤੇ ਇਤਿਹਾਸਕ ਘਟਨਾਵਾਂ ਜਾਂ ਯੋਧਿਆਂ ਦੀ ਬਹਾਦਰੀ ਨਾਲ ਸੰਬੰਧਤ ਹੁੰਦੀਆਂ ਹਨ। ਅਸਲ ਵਿਚ ਵਾਰਾਂ ਦਾ ਸਿੱਖ ਇਤਿਹਾਸ ਨਾਲ ਗੂੜ੍ਹਾ ਸੰਬੰਧ ਹੈ। ਸਿੱਖ ਕੌਮ ਬਹਾਦਰੀ, ਦਲੇਰੀ ਤੇ ਜੰਗਜੂ ਪ੍ਰਵਿਰਤੀ ਵਾਲੀ ਹੁੰਦੀ ਹੈ। ਪਵਨ ਹਰਚੰਦਪੁਰੀ ਨੇ ਇਸ ਪੁਸਤਕ ਵਿਚ ਕਈ ਨਵੇਕਲੇ ਕੰਮ ਕੀਤੇ ਹਨ, ਜਿਨ੍ਹਾਂ ਵਿਚ ਭਗਵਾਨ ਪਰਸੂ ਰਾਮ, ਕਿਰਤੀ ਕਾਮਿਆਂ ਅਤੇ ਲੈਨਿਨ ਦੀ ਵਾਰ ਲਿਖਣਾ ਸ਼ਾਮਲ ਹੈ। ਇਨ੍ਹਾਂ ਵਾਰਾਂ ਵਿਚ 100 ਤੋਂ ਵੱਧ ਵਿਅਕਤੀਆਂ ਅਤੇ ਇਤਨੇ ਹੀ ਸਥਾਨਾਂ ਦਾ ਜ਼ਿਕਰ ਆਉਂਦਾ ਹੈ, ਉਨ੍ਹਾਂ ਬਾਰੇ ਸਹੀ ਜਾਣਕਾਰੀ ਲਿਖੀ ਗਈ ਹੈ। ਪਵਨ ਹਰਚੰਦਪੁਰੀ ਨੇ ਤੱਥਾਂ ਨਾਲ ਘਟਨਾਵਾਂ ਨੂੰ ਤਰਤੀਬ ਅਨੁਸਾਰ ਲਿਖਿਆ ਹੈ। ਘਟਨਾ ਕਦੋਂ ਕਿਸ ਸਮੇਂ ਤੇ ਕਿਥੇ ਵਾਪਰੀ ਤੇ ਉਸ ਦਾ ਕੀ ਅਸਰ ਹੋਇਆ, ਸਾਰਾ ਕੁਝ ਦਿੱਤਾ ਗਿਆ ਹੈ। ਕੁਝ ਸਿੱਖ ਗਦਾਰਾਂ ਵੱਲੋਂ ਯੁੱਧ ਦੇ ਮੈਦਾਨ ਵਿਚ ਕੀਤੀਆਂ ਗਈਆਂ ਗਦਾਰੀਆਂ ਨੂੰ ਵੀ ਦਰਸਾਇਆ ਗਿਆ ਹੈ। ਇੱਕ ਕਿਸਮ ਨਾਲ ਵਾਰਾਂ ਦੇ ਰੂਪ ਵਿਚ ਸ਼ਾਇਰ ਨੇ ਉਨ੍ਹਾਂ ਮਹਾਨ ਯੋਧਿਆਂ ਦੇ ਰੇਖਾ ਚਿੱਤਰ ਲਿਖੇ ਹਨ। ਹਰ ਯੋਧੇ ਦੀ ਵਾਰ ਲਿਖਣ ਲੱਗਿਆਂ ਸ਼ਾਇਰ ਨੇ ਉਨ੍ਹਾਂ ਦੇ ਮਾਤਾ-ਪਿਤਾ, ਜਨਮ, ਪਾਲਣ-ਪੋਸ਼ਣ ਅਤੇ ਯੁੱਧ ਦੀ ਸਿੱਖਿਆ ਦਾ ਵਰਣਨ ਕੀਤਾ ਹੈ। ਉਨ੍ਹਾਂ ਮਹਾਨ ਯੋਧਿਆਂ ਦੇ ਜੀਵਨ 'ਤੇ ਕਿਸ ਵਿਅਕਤੀ ਦਾ ਪ੍ਰਭਾਵ ਪਿਆ ਹੈ, ਆਦਿ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਦੇ ਨਾਲ ਹੀ ਹਰ ਯੋਧੇ ਦੀ ਵਾਰ ਦੇ ਅੰਤ ਵਿਚ ਤੋੜਾ ਲਿਖਿਆ ਹੈ, ਜਿਸ ਵਿਚ ਉਸ ਯੋਧੇ ਦੀ ਕਾਰਗੁਜ਼ਾਰੀ ਦੇ ਗੁਣਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ। ਨੌਜਵਾਨ ਪੀੜ੍ਹੀ ਲਈ ਇਹ ਵਾਰਾਂ ਇਤਿਹਾਸ ਨੂੰ ਜਾਨਣ ਲਈ ਮਾਰਗ ਦਰਸ਼ਕ ਦਾ ਕੰਮ ਕਰਨਗੀਆਂ ਕਿਉਂਕਿ ਵਰਤਮਾਨ ਸਮੇਂ ਵਿਚ ਪਾਠਕ ਪੁਸਤਕਾਂ ਪੜ੍ਹਨ ਵਿਚ ਬਹੁਤੀ ਰੁਚੀ ਨਹੀਂ ਰੱਖਦਾ ਪ੍ਰੰਤੂ ਵਾਰ ਸਾਹਿਤ ਦਾ ਅਜਿਹਾ ਰੂਪ ਹੈ, ਜਿਸ ਨੂੰ ਪੜ੍ਹਨ ਲਈ ਪਾਠਕ ਵਿਚ ਦਿਲਚਸਪੀ ਬਣੀ ਰਹਿੰਦੀ ਹੈ। ਸ਼ਾਇਰ ਨੇ ਵਾਰਾਂ ਵਿਚ ਦਿਲਚਸਪੀ ਕਾਇਮ ਰੱਖੀ ਹੈ, ਤਾਂ ਜੋ ਪਾਠਕ ਇਕ ਵਾਰ ਸ਼ੁਰੂ ਕਰਕੇ ਖ਼ਤਮ ਕੀਤੇ ਬਿਨਾ ਰਹਿ ਨਹੀਂ ਸਕੇ। ਪਵਨ ਹਰਚੰਦਪੁਰੀ ਦੀ ਇਹ ਪੁਸਤਕ ਇਤਿਹਾਸ ਦੇ ਖੋਜੀ ਵਿਦਿਆਰਥੀਆਂ ਲਈ ਲਾਹੇਵੰਦ ਹੋਵੇਗੀ।

**ਦੂਜੀ ਵਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਲਿਖੀ ਹੈ, ਜਿਸ ਵਿਚ ਉਨ੍ਹਾਂ ਨੂੰ ਮਾਤਾ ਸੁੰਦਰੀ ਦੇ ਆਸ਼ੀਰਵਾਦ, ਅਹਿਮਦ ਸ਼ਾਹ ਅਬਦਾਲੀ ਨਾਲ ਟੱਕਰ, ਸਰਹੰਦ ਨੂੰ ਫ਼ਤਿਹ ਕਰਨਾ, ਲਾਹੌਰ ਦਾ ਰਾਜਾ ਬਣਨਾ, ਕਪੂਰਥਲੇ ਨੂੰ ਆਹਲੂਵਾਲੀਆ ਮਿਸਲ ਦੀ ਰਾਜਧਾਨੀ ਬਣਾਉਣਾ ਅਤੇ ਲਾਲ ਕਿਲ੍ਹੇ 'ਤੇ ਕੇਸਰੀ ਝੰਡਾ ਲਹਿਰਾਉਣ ਬਾਰੇ ਦਰਸਾਇਆ ਗਿਆ ਹੈ। ਜੱਸਾ ਸਿੰਘ ਆਹਲੂਵਾਲੀਆ ਦੀ ਯੁੱਧ ਕਲਾ ਬਾਰੇ ਬਿਹਤਰੀਨ ਢੰਗ ਨਾਲ ਦਰਸਾਇਆ ਗਿਆ ਹੈ**

ਇਸ ਪੁਸਤਕ ਦੀ ਪਹਿਲੀ ਵਾਰ ਹਰੀ ਸਿੰਘ ਨਲੂਆ ਦੀ ਹੈ, ਜਿਸ ਦੀ ਬਹਾਦਰੀ ਦੇ ਡੰਕੇ ਵੱਜਦੇ ਸਨ। ਹਰੀ ਸਿੰਘ ਨਲੂਆ ਦੀ ਦਲੇਰੀ ਦਾ ਛੱਪਾ ਅਜਿਹਾ ਪਿਆ ਹੋਇਆ ਸੀ ਕਿ ਔਰਤਾਂ ਬੱਚਿਆਂ ਨੂੰ ਡਰਾਉਣ ਲਈ ਹਰੀ ਸਿੰਘ ਨਲੂਆ ਆ ਗਿਆ ਕਹਿੰਦੀਆਂ ਸਨ। ਪਵਨ ਹਰਚੰਦਪੁਰੀ ਨੇ ਵਾਰਾਂ ਦੇ ਵਿਚ ਹਰੀ ਸਿੰਘ ਨਲੂਆ ਦੀ ਚੜ੍ਹਤ ਤੋਂ ਘਬਰਾਏ ਹੋਏ ਅਫ਼ਗਾਨੀਆਂ ਦੇ ਦਿਲਾਂ ਦੇ ਡਰ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਸ਼ਾਇਰ ਨੇ ਹਰੀ ਸਿੰਘ ਨਲੂਆ ਦੇ ਵਿਅਕਤਿਵ ਨੂੰ ਦ੍ਰਿਸ਼ਟਾਂਤਿਕ ਰੂਪ ਵਿਚ ਦਰਸਾਉਂਦਿਆਂ ਲਿਖਿਆ ਹੈ:

ਪਹੁੰਚ ਗਿਆ ਸੀ ਹਰੀ ਸਿੰਘ, ਲੈ ਫ਼ੌਜਾਂ ਭਾਰੀ,
ਜੋ ਸੁਫ਼ਨੇ ਲਏ ਅਫ਼ਗਾਨੀਆਂ, ਗਏ ਮਾਰ ਉਡਾਰੀ।
ਪੈਰ ਉਖੜ ਗਏ ਉਨ੍ਹਾਂ ਦੇ, ਤੱਕ ਲਸ਼ਕਰ ਸਾਰੀ,
ਨਲੂਆ ਆ ਗਿਆ ਆਖਕੇ, ਗੱਲ ਡਰ ਪਰਚਾਰੀ।
ਫ਼ੌਜੀ ਤਿੱਤਰ ਹੋ ਗਏ, ਛੱਡ ਗਏ ਸਰਦਾਰਾਂ,
ਆਖਣ ਕਿਹੜਾ ਖਾਊਗਾ, ਸਿੰਘਾਂ ਤੋਂ ਮਾਰਾਂ।
ਭੱਜ ਤੁਰੀਆਂ ਸੀ ਜੰਗ 'ਚੋਂ, ਡਾਰਾਂ ਦੀਆਂ ਡਾਰਾਂ,
ਆਖਣ ਰੰਡੀਆਂ ਕਰਨਗੇ, ਇਹ ਸਾਡੀਆਂ ਨਾਰਾਂ।

ਦੂਜੀ ਵਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਲਿਖੀ ਹੈ, ਜਿਸ ਵਿਚ ਉਨ੍ਹਾਂ ਨੂੰ ਮਾਤਾ ਸੁੰਦਰੀ ਦੇ ਆਸ਼ੀਰਵਾਦ, ਅਹਿਮਦ ਸ਼ਾਹ ਅਬਦਾਲੀ ਨਾਲ ਟੱਕਰ, ਸਰਹੰਦ ਨੂੰ ਫ਼ਤਿਹ ਕਰਨਾ, ਲਾਹੌਰ ਦਾ ਰਾਜਾ ਬਣਨਾ, ਕਪੂਰਥਲੇ ਨੂੰ ਆਹਲੂਵਾਲੀਆ ਮਿਸਲ ਦੀ ਰਾਜਧਾਨੀ ਬਣਾਉਣਾ ਅਤੇ ਲਾਲ ਕਿਲ੍ਹੇ 'ਤੇ ਕੇਸਰੀ ਝੰਡਾ ਲਹਿਰਾਉਣ ਬਾਰੇ ਦਰਸਾਇਆ ਗਿਆ ਹੈ। ਜੱਸਾ ਸਿੰਘ ਆਹਲੂਵਾਲੀਆ ਦੀ ਯੁੱਧ ਕਲਾ ਬਾਰੇ ਬਿਹਤਰੀਨ ਢੰਗ ਨਾਲ ਦਰਸਾਇਆ ਗਿਆ ਹੈ:

ਜੱਸਾ ਸਿੰਘ ਜੋ ਆਹਲੂਵਾਲੀਆ, ਬਣਿਆਂ ਸਿੱਖ ਧਰਮ ਦਾ ਮਾਣ,
ਜੀਵਨ ਸਿੱਖੀ ਖਾਤਰ ਲਾ ਗਿਆ, ਉਹਨੇ ਸਾਂਭੀ ਸਹੀ ਕਮਾਣ।
ਉਹਨੇ ਭਰੇ ਸਿੱਖਾਂ ਵਿਚ ਹੌਂਸਲੇ, ਦੇ ਕੇ ਜਿੱਤਾਂ ਦੇ ਪਰਮਾਣ,
ਹਰੇ ਹਮਲਾਵਰ ਤੇ ਧਾੜਵੀ, ਜੋ ਸੀ ਕਰਦੇ ਹਿੰਦ ਦਾ ਘਾਣ।

ਤੀਜੇ ਮਹਾਨ ਯੋਧੇ ਬਾਰੇ 'ਜੰਗਨਾਮਾ: ਸਰਦਾਰ ਜੱਸਾ ਸਿੰਘ ਰਾਮਗੜ੍ਹੀਆ' ਦੀ ਬਹਾਦਰੀ ਬਾਰੇ ਸ਼ਾਇਰ ਲਿਖਦਾ ਹੈ:

ਸਿੰਘ ਤਿੰਨ ਸੌ ਆਜ਼ਾਦ ਕਰਾਏ ਉਸਨੇ, ਦਿੱਤਾ ਸਬਕ ਉਸ ਮੰਨੂੰ ਮੀਰ ਤਾਈਂ।
ਪਦਵੀ 'ਰਾਮਗੜ੍ਹੀਆ' ਜੱਸਾ ਸਿੰਘ ਪਾਈ, ਲੜਿਆ ਸੱਚ ਲਈ ਸਿੰਘ ਅਖ਼ੀਰ ਤਾਈਂ।

ਸ਼ਾਮ ਸਿੰਘ ਅਟਾਰੀ ਦੀ ਦਲੇਰੀ ਦਾ ਜ਼ਿਕਰ ਕਰਦਾ ਪਵਨ ਹਰਚੰਦਪੁਰੀ ਲਿਖਦਾ ਹੈ:

ਸ਼ਾਮ ਸਿੰਘ ਸੀ ਜੰਗ ਦੇ ਅੰਦਰ, ਭੜਥੂ ਪਾਉਂਦਾ, ਨਾਲ ਹੌਂਸਲੇ ਫ਼ੌਜ ਨੂੰ, ਸੀ ਉਹ ਲੜਾਉਂਦਾ।
ਗੋਰੇ ਲਸ਼ਕਰ ਪਲਟਣਾ ਨੂੰ, ਮੂਹਰੇ ਲਾਉਂਦਾ, ਫਿਰਦਾ ਸ਼ੇਰ ਪੰਜਾਬ ਦਾ, ਸੀ ਅੱਤ ਮਚਾਉਂਦਾ।

ਗ਼ਦਰੀ ਬਾਬਿਆਂ ਦੀ ਵਾਰ ਵਿਚ, ਗ਼ਦਰੀਆਂ ਜਿਨ੍ਹਾਂ ਵਿਚ ਮਹਾਨ ਗ਼ਦਰੀ ਸ਼ਹੀਦ ਰਾਇ ਸਾਹਿਬ ਅਹਿਮਦ ਖ਼ਾਂ ਖਰਲ ਦਾ ਜੋਸ਼ ਅਤੇ ਆਜ਼ਾਦੀ ਪ੍ਰਾਪਤੀ ਦੀ ਸਿਕ ਬਾਰੇ ਲਿਖਿਆ ਹੈ:

ਭਾਰਤ ਆ ਕੇ ਗੋਰਿਆਂ, ਸੰਗ ਮੱਥਾ ਲਾਇਆ, ਵੇਖ ਉਨ੍ਹਾਂ ਦੇ ਹੌਂਸਲੇ, ਗੋਰਾ ਘਬਰਾਇਆ।
ਫੌਜ ਨਾਲ ਵੀ ਜੋੜੀਆਂ, ਯੋਧਿਆਂ ਨੇ ਤਾਰਾਂ, ਤੁਰੇ ਹਜ਼ਾਰਾਂ ਸੂਰਮੇ, ਸੀ ਬੰਨ੍ਹ ਬੰਨ੍ਹ ਡਾਰਾਂ।

ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਬੇਦਾਵਾ ਦੇਣ ਵਾਲੇ ਸਿੰਘਾਂ ਨੂੰ ਮਾਈ ਭਾਗੋ ਦੀ ਵੰਗਾਰ ਦਾ ਨਮੂਨਾ:

ਲਓ ਪਹਿਨ ਕੱਚ ਦੀਆਂ ਚੂੜੀਆਂ, ਤੁਸੀਂ ਸਾਂਭੋ ਹੁਣ ਘਰ ਬਾਰ,
ਸਾਡਾ ਨਾਲ ਗੁਰੂ ਗੋਬਿੰਦ ਦੇ, ਧੀ ਬਾਬਲ ਵਰਗਾ ਪਿਆਰ।
ਅਸੀਂ ਕੱਠੀਆਂ ਹੋ ਕੇ ਔਰਤਾਂ, ਹੁਣ ਚੁੱਕਾਂਗੀਆਂ ਤਲਵਾਰ,
ਅਸੀਂ ਜਾਣਾ ਹੈ ਹੁਣ ਜੰਗ ਨੂੰ, ਥੋਡੇ ਵਾਂਗ ਨਾ ਮੰਨਣੀ ਹਾਰ।

ਊਧਮ ਸਿੰਘ ਦੀ ਵਾਰ ਵਿਚ ਸ਼ਾਇਰ ਲਿਖਦਾ ਹੈ:

ਜੀਹਨੂੰ ਮੌਤ ਡਰਾਉਣੀ ਕਹਿ ਰਿਹਾਂ, ਉਸ ਮੌਤ 'ਤੇ ਮੈਨੂੰ ਮਾਣ,
ਹੁਣ ਇੰਗਲਿਸਤਾਨ ਦਾ ਟੁੱਟ ਜੂ, ਕੁੱਲ ਦੁਨੀਆਂ ਵਿਚੋਂ ਤਾਣ।

ਸਿੱਖਾਂ ਦੀ ਖ਼ਾਨਾਜੰਗੀ ਤੇ ਆਪਸੀ ਫੁੱਟ ਨੂੰ ਰੋਕਣ ਲਈ ਦਰਬਾਰਾ ਸਿੰਘ ਦਾ ਯੋਗਦਾਨ ਕਪੂਰ ਸਿੰਘ ਨੂੰ ਨਵਾਬ ਬਣਾਉਣ, ਹਰੀ ਸਿੰਘ ਨੂੰ ਤਰਨਾ ਦਲ ਤੇ ਜੱਸਾ ਸਿੰਘ ਨੂੰ ਬੱਢਾ ਦਲ ਦੇ ਮੁਖੀ ਬਣਾਕੇ ਤੇ ਦਰਬਾਰਾ ਸਿੰਘ ਦੇ ਆਪ ਜਥੇਦਾਰ ਬਣਨ ਬਾਰੇ ਵੀ ਬਾਕਮਾਲ ਵਾਰ ਲਿਖੀ ਹੈ। ਪੰਜਾਬ ਦੇ ਅਣਖੀਲੇ ਗੱਭਰੂਆਂ, ਕਿਰਤੀ-ਕਾਮਿਆਂ, ਸ਼ਿਕਾਗੋ ਦੇ ਸ਼ਹੀਦਾਂ ਅਤੇ ਲੈਨਿਨ ਬਾਰੇ ਵੀ ਵਾਰਾਂ ਲਿਖੀਆਂ। ਭਗਵਾਨ ਪਰਸੂ ਦੀ ਵਾਰ ਵਿਚ ਲਿਖਿਆ ਹੈ:

ਹੱਲਾ ਬੋਲਿਆ ਰਾਮ ਦੀ ਫ਼ੌਜ ਨੇ, ਦਿੱਤੇ ਧਾੜਵੀ ਉਨ੍ਹਾਂ ਹਿਲਾ।
ਚੁੱਕ ਪਰਸਾ ਆਪਣਾ ਰਾਮ ਨੇ, ਦਿੱਤਾ ਜ਼ਾਲਮਾ ਉਤੇ ਚਲਾ।
ਉਹਨੇ ਵੱਢ ਵੱਢ ਸੁੱਟੇ ਸੂਰਮੇ, ਦਿੱਤੀ ਜੰਗ ਵਿਚ ਅੱਗ ਵਰ੍ਹਾ,
ਹੋਈ ਰਾਮ-ਰਾਮ ਚਹੁੰ-ਕੂੰਟ ਸੀ, ਦਿੱਤੇ ਵੈਰੀ ਸੀ ਕੰਬਣ ਲਾ।

ਬਾਬਾ ਬੰਦਾ ਸਿੰਘ ਬਹਾਦਰ ਜਿਸ ਨੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਸੀ, ਬਾਰੇ ਸ਼ਾਇਰ ਨੇ ਵਾਰ ਵਿਚ ਲਿਖਿਆ ਹੈ:

ਸਿੱਖ ਰਾਜ ਚਲਾਇਆ ਸੀ ਓਸਨੇ, ਦੁਨੀਆਂ 'ਤੇ ਪਹਿਲੀ ਵਾਰ,
ਖੁੰਢੀ ਪੈਣ ਨਾ ਦਿੱਤੀ ਓਸਨੇ, ਤਿੱਖੀ ਸਿੱਖੀ ਸਿਦਕ ਦੀ ਧਾਰ।

ਤੇਜਾ ਸਿੰਘ ਸੁਤੰਤਰ ਮੁਜ਼ਾਹਰਾ ਲਹਿਰ ਦਾ ਮੋਢੀ ਸੀ, ਉਸ ਦੀਆਂ ਸਰਗਰਮੀਆਂ ਦੀ ਵਾਰ ਵਿਚ ਲਿਖਿਆ ਹੈ:

ਖੜ੍ਹੀ ਕਰੀ ਮੁਜ਼ਾਹਰਾ ਲਹਿਰ ਸੀ, ਕੀਤਾ ਵੱਡਾ ਉਸ ਫਰਮਾਨ,
ਕਿਹਾ ਜਮੀ ਜੋ ਵਾਹੇ ਓਸਦੀ, ਹੁਣ ਕਿਰਤੀ ਨਹੀਂ ਨਾਦਾਨ।
ਕਹਿੰਦਾ ਵੱਡੇ ਜਾਗੀਰਦਾਰ ਜੋ, ਲੈਂਦੇ ਧੱਕੇ ਨਾਲ ਲਗਾਨ,
ਉਹਨੇ ਯੁੱਧ ਗੁਰੀਲਾ ਛੇੜਿਆ, ਲੱਖਾਂ ਭਰਤੀ ਕਰ ਕਿਰਸਾਨ।

ਸ਼ਹੀਦ ਭਾਈ ਮਨੀ ਸਿੰਘ ਦੀ ਸਿੱਖ ਧਰਮ ਦੀ ਸੇਵਾ ਅਤੇ ਸ਼ਹੀਦੀ ਬਾਰੇ ਵਾਰ ਵਿਚ ਲਿਖਿਆ:

ਮਨੀ ਸਿੰਘ ਨੇ ਸੀ ਰੱਖਿਆ ਸੀ ਹੌਂਸਲਾ, ਉਹ ਸੀ ਪੂਰਾ ਈ ਮਰਦ ਦਲੇਰ
ਬਾਲ ਉਮਰੇ ਸੀ ਸਿੱਖੀ ਧਾਰਲੀ, ਕਦੇ ਡੋਲਿਆ ਨਾ ਬਬਰ ਸ਼ੇਰ।
ਸੱਤ ਪੁੱਤਰ ਸ਼ਹੀਦੀਆਂ ਪਾ ਗਏ, ਮਨੋ ਕਦੇ ਨਾ ਸੀ ਹੋਇਅ ਢੇਰ,
ਗਿਆਰਾਂ ਭਾਈ ਲੜ ਹੋਏ ਸ਼ਹੀਦ ਸੀ, ਮਨੀ ਸਿੰਘ ਸਿੱਖੀ ਤੇ ਮੇਰ।

ਭਾਈ ਤਾਰੂ ਸਿੰਘ ਦੀ ਸਿਦਕਦਿਲੀ ਵੇਖਣ ਵਾਲੀ ਸੀ:

ਸਿੱਖੀ ਸੇਵਾ ਧਰਮ ਦੇ ਵਾਸਤੇ, ਤਾਰੂ ਸਿੰਘ ਗਿਆ ਪਿਰਤਾਂ ਪਾ,
ਤੱਕ ਜ਼ੁਲਮ ਨਾ ਭੋਰਾ ਡੋਲਿਆ, ਭੋਰਾ ਮੂੰਹੋਂ ਨਾ ਮਾਰੀ ਧਾ।
ਉਸਨੇ ਕੇਸਾਂ ਸੁਆਸਾਂ ਨਾਲ ਹੀ, ਦਿੱਤਾ ਆਪਣਾ ਸਿਦਕ ਪੁਗਾ,
ਉਹੋ ਅਮਰ ਹੋ ਗਿਆ ਦੁਨੀ ਵਿਚ, ਜਿੰਦ ਧਰਮ ਦੇ ਲੇਖੇ ਲਾ।

ਪਵਨ ਹਰਚੰਦਪੁਰੀ ਨੂੰ ਬਹੁਤ ਸਾਰੀਆਂ ਸਮਾਜਿਕ, ਸਾਹਿਤਕ ਅਤੇ ਸੱਭਿਆਚਾਰਕ ਸੰਸਥਾਵਾਂ ਵੱਲੋਂ ਮਾਨ-ਸਨਮਾਨ ਵੀ ਦਿੱਤੇ ਗਏ ਹਨ। ਉਨ੍ਹਾਂ ਨੂੰ ਭਾਰਤੀ ਸਾਹਿਤ ਅਕਾਡਮੀ ਵੱਲੋਂ ਬਾਲ ਸਾਹਿਤ ਪੁਰਸਕਾਰ ਅਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ੍ਰੀ ਗੁਰੂ ਹਰਿ ਕ੍ਰਿਸ਼ਨ ਬਾਲ ਸਾਹਿਤ ਵੱਲੋਂ ਬਾਲ ਸਾਹਿਤ ਪੁਰਸਕਾਰ ਦਿੱਤਾ ਗਿਆ ਹੈ।

119 ਪੰਨਿਆਂ, 250 ਰੁਪਏ ਕੀਮਤ ਵਾਲੀ ਇਹ ਪੁਸਤਕ ਨਵਰੰਗ ਪਬਲੀਕੇਸ਼ਨਜ਼ ਨੇ ਪ੍ਰਕਾਸ਼ਤ ਕੀਤੀ ਹੈ।

# ਸਿੱਖੀ ਸਿੱਖਿਆ ਗੁਰ ਵੀਚਾਰਿ



-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955



ਪੰਜਾਬ ਮੇਲ USA

ਉਪਰੋਕਤ ਮਹਾਂਵਾਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਹੋਇਆ ਹੈ। ਇਸ ਮਹਾਂਵਾਕ ਦੇ ਸ਼ਬਦੀ ਅਰਥ ਹਨ ਕਿ ਸਿੱਖਣਾ, ਭਾਵ ਸਿੱਖ ਉਹ ਹੈ, ਜਿਹੜਾ ਸਿੱਖਿਆਰਥੀ ਹੈ। ਸਿੱਖਦੇ ਰਹਿਣਾ ਹੀ ਸਿੱਖੀ ਜੀਵਨ ਹੈ, ਪਰ ਅਫਸੋਸ ਦੀ ਗੱਲ ਹੈ ਕਿ ਸਿੱਖ ਧਰਮ ਦੀ ਸਥਾਪਤੀ ਨੂੰ ਸਦੀਆਂ ਹੀ ਬੀਤ ਗਈਆਂ, ਅਜੇ ਇਸ ਵਿਸ਼ੇ ਬਾਰੇ ਛਿੱਕੂ ਵਿਚੋਂ ਇਕ ਪੂਣੀ ਵੀ ਨਹੀਂ ਕੱਤੀ। ਜਿਸ ਦਾ ਸਿੱਟਾ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਵੇਲੇ ਦੇ ਸਮਾਜ ਤੇ ਵਰਤਮਾਨ ਸਮਾਜ ਵਿਚ ਕੋਈ ਅੰਤਰ ਨਹੀਂ ਆਇਆ। ਕਿਉਂਕਿ ਅਸੀਂ ਧਰਮ ਨੂੰ ਅੱਜ ਤੱਕ ਸਮਝ ਹੀ ਨਹੀਂ ਸਕੇ। ਅਸੀਂ ਗੁਰਬਾਣੀ ਪੜ੍ਹਦੇ ਹਾਂ, ਗੁਰੂ ਘਰ ਵੀ ਜਾਂਦੇ ਹਾਂ, ਕੀਰਤਨ ਤੇ ਕਥਾ ਵੀ ਸੁਣਦੇ ਹਾਂ, ਪਰ ਸਿੱਖਦੇ ਕੁਝ ਵੀ ਨਹੀਂ। ਭਾਵ ਗੁਰਬਾਣੀ ਮਨੁੱਖ ਨੂੰ ਸਿੱਖਿਆ ਕੀ ਦਿੰਦੀ ਹੈ। ਮਨੁੱਖ ਨੇ ਕਰਨਾ ਕੀ ਹੈ ਅਤੇ ਮਨੁੱਖ ਕਰ ਕੀ ਰਿਹਾ ਹੈ। ਇਹ ਦਸ਼ਾ ਇਕ ਸਾਧਾਰਨ ਸਿੱਖ ਦੀ ਹੀ ਨਹੀਂ, ਸਗੋਂ ਸਾਡੇ ਪ੍ਰਚਾਰਕਾਂ, ਧਾਰਮਿਕ ਆਗੂਆਂ ਅਤੇ ਗੁਰੂ ਘਰਾਂ ਦੇ ਪ੍ਰਬੰਧਕਾਂ ਦੀ ਵੀ ਇਹੋ ਦਸ਼ਾ ਹੈ।

ਕੇਸ ਦਾੜ੍ਹੀ ਰੱਖਣ ਅਤੇ ਅੰਮ੍ਰਿਤ ਛਕਣ ਨਾਲ ਕੋਈ ਮਨੁੱਖ ਧਰਮੀ ਨਹੀਂ ਬਣ ਜਾਂਦਾ, ਪਰ ਅਸੀਂ ਇਸ ਨੂੰ ਹੀ ਧਰਮ ਸਮਝਿਆ। ਇਹ ਤਾਂ ਸਿੱਖੀ ਸਰੂਪ ਹੈ ਅਤੇ ਜਿੰਨੀ ਦੇਰ ਸਿੱਖੀ ਕਿਰਦਾਰ ਦਾ ਮਨੁੱਖ ਨਹੀਂ ਬਣ ਸਕਦਾ ਹੈ। ਤੁਸੀਂ ਕੀ ਹੋ ? ਤੁਹਾਡੇ ਪਾਸ ਕੀ ਹੈ ? ਇਹ ਜੀਵਨ ਦੇ ਦੋ ਪਹਿਲੂ ਹਨ। ਅਸੀਂ ਜਾਇਦਾਦ ਬਣਾਉਣ, ਡਾਕਟਰ ਬਣਨ, ਅਧਿਆਪਕ ਬਣਨ ਦਾ ਯਤਨ ਕਰਦੇ ਹਾਂ ਅਤੇ ਬੱਚਿਆਂ ਨੂੰ ਇਸ ਦੀ ਸਿੱਖਿਆ ਦਿੰਦੇ ਹਾਂ, ਪਰ ਅਸੀਂ ਇਹ ਕਦੀਂ ਨਹੀਂ ਸੋਚਿਆ ਕਿ ਅਸੀਂ ਚੰਗੇ ਮਨੁੱਖ ਵੀ ਬਣਨਾ ਹੈ। ਇਕ ਚੰਗਾ ਡਾਕਟਰ ਬਣਨਾ, ਇਕ ਚੰਗਾ ਲੇਖਕ ਬਣਨਾ, ਇਕ ਚੰਗਾ ਅਧਿਆਪਕ ਬਣਨਾ ਵੱਖਰੀ ਗੱਲ ਹੈ ਅਤੇ ਇਕ ਚੰਗਾ ਮਨੁੱਖ ਬਣਨਾ ਦੂਜੀ ਗੱਲ ਹੈ। ਅੱਜ ਸਮਾਜ ਦੀ ਧਾਰਮਿਕ, ਰਾਜਨੀਤਿਕ, ਵਿਦਿਅਕ, ਸੱਭਿਆਚਾਰ, ਮਨੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਭੁੱਲਦੇ ਜਾ ਰਹੇ ਹਾਂ। ਅੱਜ ਦਾ ਮਨੁੱਖ ਏਨਾ ਪਦਾਰਥਵਾਦੀ ਹੋ ਗਿਆ ਹੈ ਕਿ ਉਸ ਨੂੰ ਪੈਸੇ ਬਿਨਾਂ ਕੁਝ ਵੀ ਹੋਰ ਨਜ਼ਰ ਨਹੀਂ ਆਉਂਦਾ। ਅੱਜ ਅਸੀਂ ਪਰਿਵਾਰਕ ਰਿਸ਼ਤਿਆਂ ਦੀ ਅਹਿਮੀਅਤ ਨੂੰ ਭੁੱਲ ਗਏ ਹਾਂ। ਕਦੀ ਸਮਾਂ ਹੁੰਦਾ ਸੀ ਕਿ ਪਰਿਵਾਰਕ ਰਿਸ਼ਤਿਆਂ ਵਿਚ ਕਿੰਨਾ ਨਿੱਘ ਹੁੰਦਾ ਸੀ, ਭਾਵ ਚਾਚਾ, ਤਾਇਆ, ਮਾਮਾ, ਫੁੱਫੜ ਆਦਿ ਸ਼ਬਦ ਮਨੁੱਖੀ ਮਨ ਨੂੰ ਕਿੰਨਾ ਸਕੂਨ ਦਿੰਦੇ ਸੀ। ਪਰ ਅੱਜਕੱਲ੍ਹ ਆਂਟੀ ਤੇ ਅੰਕਲ ਹੀ ਰਹਿ ਗਿਆ ਹੈ। ਅਸੀਂ ਲੇਖ ਦਾ ਆਰੰਭ ਸਿੱਖਣ ਤੋਂ ਕੀਤਾ ਸੀ। ਸਿੱਖ ਧਰਮ ਦਾ ਆਰੰਭ ਵੀ ਸਿੱਖਣ ਤੋਂ ਹੀ ਹੋਇਆ ਸੀ। ਉਸ ਵੇਲੇ ਸਮਾਜ ਵਿਚ ਬਹੁਤ ਊਣਤਾਈਆਂ ਸਨ, ਭਾਵ ਮਨੁੱਖ, ਮਨੁੱਖ ਨੂੰ ਮਨੁੱਖ ਨਹੀਂ ਸਮਝਦਾ ਸੀ। ਊਚ-ਨੀਚ, ਜਾਤਾਂ-ਪਾਤਾਂ, ਅਮੀਰੀ-ਗਰੀਬੀ ਦਾ ਬੋਲਬਾਲਾ ਸੀ। ਰਾਜੇ ਹੀ ਆਪਣੀ ਪਰਜਾ ਉੱਤੇ ਅਕਹਿ ਅਤੇ ਅਸਹਿ ਜ਼ੁਲਮ ਕਰਦੇ ਸਨ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਰਾਜੇ ਸ਼ੀਂਹ ਮੁਕੱਦਮ ਕੁੱਤੇ ॥"

ਧਰਮ ਦਾ ਵੀ ਇਹੋ ਹਾਲ ਸੀ। ਇਸਤਰੀ ਜਾਤੀ ਦੀ ਦਸ਼ਾ ਵੀ ਬਿਆਨ ਤੋਂ ਬਾਹਰ ਸੀ, ਜਿਸ ਕਰਕੇ ਗੁਰੂ ਜੀ ਨੇ ਫੁਰਮਾਇਆ ਸੀ:

"ਸੋ ਕਿਉਂ ਮੰਦਾ ਆਖੀਐ, ਜਿਤ ਜੰਮਹਿ ਰਜਾਨ ॥"

ਗੁਰਬਾਣੀ ਪੜ੍ਹਨਾ, ਸਿਮਰਨ ਕਰਨਾ ਅਤੇ ਅੰਮ੍ਰਿਤ ਛਕਣਾ, ਇਹ ਚੰਗੇ ਮਨੁੱਖ ਬਣਨ ਦੇ ਸਾਧਨ ਹਨ, ਨਾ ਕਿ ਮਨੋਰਥ। ਸਿੱਖ ਧਰਮ ਅਤੇ ਗੁਰਬਾਣੀ ਮਨੁੱਖ ਨੂੰ ਪੂਰਨ ਮਨੁੱਖ ਬਣਨ ਦੀ ਸਿੱਖਿਆ ਦਿੰਦੀ ਹੈ। ਸਿੱਖ ਧਰਮ ਤੋਂ ਪਹਿਲੇ ਵੀ ਧਰਮ ਤਾਂ ਸਨ ਪਰ ਉਹ ਮਨੁੱਖਤਾ 'ਤੇ ਪੂਰੇ ਨਹੀਂ ਉਤਰਦੇ ਸਨ, ਜਿਵੇਂ ਨਿਰਧਨਾਂ ਨੂੰ ਤਾਂ ਮੰਦਰਾਂ ਵਿਚ ਜਾਣ ਦੀ ਵੀ ਆਗਿਆ ਨਹੀਂ ਸੀ ਅਤੇ ਅਮੀਰ ਗਰੀਬਾਂ 'ਤੇ ਜ਼ੁਲਮ ਕਰਦੇ ਸਨ। ਗੁਰੂ ਜੀ ਨੇ ਸਿੱਖ ਧਰਮ ਦੀ ਸਥਾਪਨਾ ਹੀ ਇਸ ਲਈ ਕੀਤੀ ਸੀ ਕਿ ਮਨੁੱਖ ਪੂਰਨ ਮਨੁੱਖ ਬਣੇ ਅਤੇ ਸੇਵਾ ਸਿਮਰਨ ਦਾ ਧਾਰਨੀ ਬਣੇ। ਗੁਰੂ ਜੀ ਨੇ ਮਨੁੱਖ ਨੂੰ ਚੰਗਾ ਮਨੁੱਖ ਬਣਕੇ ਸ਼ੁੱਭ ਕੰਮ ਕਰਨ 'ਤੇ ਜ਼ੋਰ ਦਿਤਾ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਅਮਲਾਂ 'ਤੇ ਹੋਣੇ ਨੇ ਨਿਬੇੜੇ ਤੇ ਜਾਤ ਕਿਸੇ ਪੁੱਛਣੀ ਨਹੀਂ।" ਜਦੋਂ ਗੁਰੂ ਜੀ ਨੂੰ ਪੁੱਛਿਆ ਗਿਆ ਸੀ ਕਿ ਹਿੰਦੂ ਵੱਡਾ ਕਿ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ, "ਸ਼ੁੱਭ ਅਮਲਾਂ ਬਾਝੋਂ ਦੋਨੋ ਰੋਇ ॥"

ਸੋ ਅੰਤ ਵਿਚ ਜਦੋਂ ਤੱਕ ਮਨੁੱਖ ਦੇ ਸੁਭਾਅ ਵਿਚ ਬੇਨੇਮੀ ਤੇ ਵਹਿਸ਼ੀਪੁਣੇ ਦੀ ਲਕੀਰ ਮਿੱਟ ਨਹੀਂ ਜਾਂਦੀ, ਭਾਵ ਮਨੁੱਖ ਪੂਰਨ ਮਨੁੱਖ ਨਹੀਂ ਬਣ ਜਾਂਦਾ, ਤਾਂ ਸਮਾਜ ਦਾ ਸੁਧਾਰ ਨਹੀਂ ਹੋ ਸਕਦਾ। ਦੂਸਰੀ ਗੱਲ, ਜਦੋਂ ਤੱਕ ਅਸੀਂ ਗੁਰਬਾਣੀ ਦੇ ਅਨੁਸਰ ਭਾਵ ਗੁਰੂ ਜੀ ਦੀ ਸਿੱਖਿਆ, ਉਪਦੇਸ਼ਾਂ ਤੇ ਸਿਧਾਂਤਾਂ ਦੇ ਅਨੁਸਾਰ, ਆਪਣਾ ਜੀਵਨ ਨਹੀਂ ਗੁਜ਼ਾਰਦੇ, ਮਨੁੱਖ ਜੀਵਨ ਸੁੱਖਮਈ, ਸ਼ਾਂਤ, ਸੰਤੁਸ਼ਟ ਤੇ ਖੁਸ਼ਹਾਲ ਨਹੀਂ ਹੋ ਸਕਦਾ। ਤੀਜੀ ਗੱਲ, ਚੰਗੇ ਸਮਾਜ ਦੀ ਸਿਰਜਣਾ ਨਹੀਂ ਹੋ ਸਕਦੀ, ਜਦੋਂ ਤੱਕ ਘੱਟੋ-ਘੱਟ ਵਿਸ਼ੇਸ਼ ਵਿਅਕਤੀ ਭਾਵ ਧਾਰਮਿਕ ਆਗੂ, ਰਾਜਨੀਤਿਕ, ਪੱਤਰਕਾਰ, ਸਾਹਿਤਕਾਰ ਅਤੇ ਅਧਿਆਪਕ ਚੰਗੇ, ਸੱਚੇ ਤੇ ਸੁੱਚੇ ਕਿਰਦਾਰ ਵਾਲੇ ਨਹੀਂ ਹੁੰਦੇ।

ਮਨੁੱਖ ਨੇ ਸਿੱਖਣਾ ਕੀ ਹੈ ? ਸਾਰੀ ਉਮਰ ਮਨੁੱਖ ਸਿੱਖਦਾ ਹੈ, ਜਿਹੜਾ ਸਿੱਖਣਾ ਚਾਹੁੰਦਾ ਹੈ, ਕਿਉਂਕਿ ਗਿਆਨ ਕਦੀ ਵੀ ਸਮਾਪਤ ਨਹੀਂ ਹੁੰਦੀ।

ਮਨੁੱਖ ਘੱਟੋ-ਘੱਟ ਕਾਮ, ਕ੍ਰੋਧ, ਲੋਭ, ਅਹੰਕਾਰ ਤੇ ਈਰਖਾ ਦਾ ਤਿਆਗ ਕਰੇ ਅਤੇ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ ਤੇ ਨਿਮਰਤਾ ਦਾ ਧਾਰਨੀ ਬਣੇ। ਕਿਸੇ ਦਾ ਬੁਰਾ ਨਾ ਕਰੋ। ਕਿਸੇ ਦਾ ਦਿਲ ਨਾ ਦੁਖਾਓ। ਕਿਸੇ ਨਾਲ ਧੋਖਾ ਨਾ ਕਰੋ। ਕਿਸੇ ਦਾ ਹੱਕ ਨਾ ਖਾਓ। ਜਿਵੇਂ ਗੁਰੂ ਜੀ ਫੁਰਮਾਉਂਦੇ ਹਨ "ਹੱਕ ਪਰਾਇਆ, ਨਾਨਕਾ ਉਸ ਸੂਅਰ ਉਸ ਗਾਇ ॥" ਗਲਤ ਕੰਮ ਨਾ ਕਰੋ, ਜਿਵੇਂ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨਾ ਕੀਚੇ ਜਿਤ ਅੰਤ ਪਛੋਤਾਈਐ ॥" ਗੁਰੂ ਜੀ ਨੇ ਸਿੱਖ ਧਰਮ ਵਿਚ ਨਿਮਰਤਾ ਨੂੰ ਬਹੁਤ ਮਹਾਨਤਾ ਦਿੱਤੀ ਹੈ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ ॥" ਜੇ ਤੁਸੀਂ ਬੰਦੇ ਨਹੀਂ ਬਣ ਸਕਦੇ, ਤਾਂ ਪਸ਼ੂ ਵੀ ਨਾ ਬਣੋ, ਭਾਵ ਜੋ ਤੁਸੀਂ ਕਿਸੇ ਦਾ ਭਲਾ ਨਹੀਂ ਕਰ ਸਕਦੇ, ਤਾਂ ਬੁਰਾ ਵੀ ਨਾ ਕਰੋ। ਪਰਉਪਕਾਰੀ, ਕਲਿਆਣਕਾਰੀ ਅਤੇ ਮਾਨਵਵਾਦੀ ਬਣੋ। ਭੈੜੀ ਸੰਗਤ ਤੋਂ ਬਚੋ, ਕਿਉਂਕਿ ਜੈਸੀ ਸੰਗਤ ਵੈਸੀ ਰੰਗਤ।

ਸਿੱਖ ਕੌਮ ਜਾਂ ਸਿੱਖ ਭਾਈਚਾਰੇ ਲਈ ਸਭ ਤੋਂ ਜ਼ਰੂਰੀ ਗੱਲ ਸਿੱਖਣ ਵਾਲੀ ਇਹ ਹੈ ਕਿ ਕੌਮ ਨੂੰ ਏਕਤਾ ਦੀ ਲੋੜ ਹੈ। ਕੌਮ ਦੀ ਵਰਤਮਾਨ ਦਸ਼ਾ ਬਹੁਤ ਚਿੰਤਾ ਦਾ ਵਿਸ਼ਾ ਹੈ। ਪ੍ਰਾਪਤੀ ਕਿਸੇ ਵੀ ਪ੍ਰਕਾਰ ਦੀ ਹੋਵੇ, ਉਸ ਵਾਸਤੇ ਅਨੁਸ਼ਾਸਨ ਤੇ ਏਕਤਾ ਦੀ ਲੋੜ ਹੁੰਦੀ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਹੋਏ ਇਕਤ੍ਰ ਮਿਲਹੁ ਮੇਰੇ ਭਾਈ,
ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰ ਨਾਮੈ ਕੇ ਹੋਵਉ ਜੋੜੀ, ਗੁਰ ਮੁਖਿ ਬੈਸਹੁ ਸਫਾ ਵਿਛਾਇ ॥੧ ॥
ਜਬ ਲਗ ਦੁਨੀਆਂ ਰਹੀਏ, ਨਾਨਕ
ਕਿਛ ਸੁਣੀਐ, ਕਿਛੁ ਕਹੀਐ" ॥

---

# ਇਮਤਿਆਜ਼ ਅਲੀ ਨੂੰ "ਚਮਕੀਲਾ" ਬਣਾਉਣ ਸਮੇਂ ਮੇਰੇ ਨਾਲ ਸੰਪਰਕ ਚਾਹੀਦਾ ਸੀ, ਆਖ਼ਿਰ ਮੇਰੀ "ਕਬਜ਼ਾ" ਵਿਚ ਚਮਕੀਲਾ ਸੀ : ਮਨਜੀਤ ਸਿੰਘ ਸਰਾਂ

-ਪੇਸ਼ਕਸ਼ : ਅੰਮ੍ਰਿਤ ਪਵਾਰ

ਪੰਜਾਬ ਮੇਲ USA

ਫਤਹਿਗੜ੍ਹ ਕੋਰੋਟਣਾ ਦੇ ਮਨਜੀਤ ਸਿੰਘ ਸਰਾਂ ਦਾ ਨਾਮ ਪੰਜਾਬੀ ਫ਼ਿਲਮਾਂ ਦੇ ਨਿਰਮਾਤਾ ਤੇ ਨਿਰਦੇਸ਼ਕ ਵਜੋਂ ਸਫਲ ਰਿਹਾ ਹੈ ਤੇ ਨਾਲ ਹੀ 100 ਤੋਂ ਵੱਧ ਵੀਡਿਓ ਗੀਤਾਂ ਦੇ ਨਿਰਦੇਸ਼ਕ ਮਨਜੀਤ ਸਰਾਂ ਨੇ ਬਹੁਤ ਦੇਰ ਪੰਜਾਬ ਦੇ ਇੱਕ ਉੱਘੇ ਅਖ਼ਬਾਰ ਲਈ ਪੱਤਰਕਾਰੀ ਵੀ ਕੀਤੀ ਹੈ। ਇਥੇ ਹੀ ਬੱਸ ਨਹੀਂ, ਮਨਜੀਤ ਸਿੰਘ ਨੇ ਜਲੰਧਰ ਦੂਰਦਰਸ਼ਨ ਲਈ ਸੀਰੀਅਲ ਵੀ ਬਣਾਏ ਤੇ ਰੰਗਾਰੰਗ ਪ੍ਰੋਗਰਾਮ ਵੀ ਚਲਾਏ ਹਨ। ਫ਼ਿਲਮ ਫੋਟੋਗ੍ਰਾਫੀ ਵਿਚ ਉਸ ਨੂੰ ਖਾਸ ਤਜ਼ਰਬਾ ਰਿਹਾ। ਕਹਿ ਸਕਦੇ ਹੋ ਕਿ ਓਲਡ ਇਸ ਗੋਲਡ ਹਨ ਮਨਜੀਤ ਸਿੰਘ ਸਰਾਂ। ਪਿਛੋਕੜ ਵਧੀਆ, ਸੰਘਰਸ਼ ਵਾਲਾ ਤੇ ਫਲ ਚੰਗਾ, ਅੱਜਕੱਲ੍ਹ ਉਹ ਕੈਨੇਡਾ ਪਰਿਵਾਰ ਸਮੇਤ ਹਨ। ਰਾਜਨੀਤੀ ਦੇ ਨਾਲ ਪੰਜਾਬੀ ਸਿਨੇਮਾ 'ਤੇ ਉਹ ਲਿਖਦੇ ਰਹਿੰਦੇ ਹਨ। ਮਨਜੀਤ ਸਿੰਘ ਸਰਾਂ ਨੇਕ, ਸਾਫ ਦਿਲ ਨਿਰਮਾਤਾ ਨਿਰਦੇਸ਼ਕ ਰਹੇ ਹਨ। ਉਨ੍ਹਾਂ ਰਜਿੰਦਰ ਰੂਬੀ ਤੇ ਭੁਪਿੰਦਰ ਭਿੰਦੀ ਨੂੰ ਮੌਕਾ ਦਿੱਤਾ ਤੇ ਯੋਗਰਾਜ ਸਿੰਘ ਦਾ ਕਿਰਦਾਰ ਫ਼ਿਲਮ "ਕਬਜ਼ਾ" ਵਿਚ ਸ਼ਾਨਦਾਰ ਰਚਿਆ। ਸੁਖਜਿੰਦਰ ਸ਼ੇਰਾ ਸਵਰਗੀ ਦੀ ਫ਼ਿਲਮ "ਇਸ਼ਕੇ ਦਾ ਰੋਗ ਚੰਦਰਾ" ਉਨ੍ਹਾਂ ਕੀਤੀ। ਦੱਸਦੇ ਨੇ ਕਿ ਸ਼ੇਰਾ ਵਧੀਆ ਇਨਸਾਨ ਸੀ ਤੇ ਅਭਿਨੇਤਾ ਚਾਹੇ ਉਹ ਠੀਕ-ਠਾਕ ਸੀ ਪਰ ਪੱਗ ਵਾਲਾ ਹੀਰੋ ਹੋਣ ਕਾਰਨ ਉਹ ਚਲਿਆ। ਹਾਂ ਸ਼ੇਰਾ ਕਦੇ-ਕਦੇ "ਈਗੋ" ਦਾ ਸ਼ਿਕਾਰ ਹੁੰਦਾ ਰਿਹਾ। ਗੁੱਗੂ ਗਿੱਲ ਤੇ ਰਵਿੰਦਰ ਮਾਨ ਜਦ ਧਰਮਿੰਦਰ ਹੇਮਾ ਮਾਲਿਨੀ ਪੰਜਾਬ ਦੇ ਸਨ ਤੇ ਉਸ ਵੇਲੇ "ਵਾਰਿਸ" ਉਸ ਨੇ ਇਨ੍ਹਾਂ ਨਾਲ ਕੀਤੀ। ਕੁੱਲ ਮਿਲਾ ਕਿ ਚੋਟੀ ਦੇ ਸਿਤਾਰੇ ਮਨਜੀਤ ਸਿੰਘ ਸਰਾਂ ਨਾਲ ਕੰਮ ਕਰ ਚੁੱਕੇ ਹਨ। ਜਦ ਮਨਜੀਤ ਨੇ ਦਸਤਾਵੇਜ਼ੀ ਫ਼ਿਲਮ "ਗੁਰੂ ਮਾਨਿਓ ਗ੍ਰੰਥ" ਤਿਆਰ ਕੀਤੀ, ਤਾਂ ਲੋਕਾਂ ਵਿਚ ਉਨ੍ਹਾਂ ਪ੍ਰਤੀ ਸ਼ਰਧਾ, ਸਤਿਕਾਰ ਭਾਵਨਾ ਵਧ ਗਈ। 100 ਤੋਂ ਵੱਧ ਪੰਜਾਬੀ ਵੀਡਿਓ ਗੀਤ ਕਰਨੇ ਜ਼ਾਹਿਰ ਕਿ ਉਨ੍ਹਾਂ ਦਾ ਪੂਰਾ ਨਾਮ ਬਣ ਚੁੱਕਾ ਸੀ ਤੇ ਫਿਰ ਦੂਰਦਰਸ਼ਨ 'ਤੇ 32 ਕਿਸ਼ਤਾਂ ਦਾ "ਮਿੱਟੀ ਦਾ ਮੋਹ" ਬਣਾ ਕੇ ਵਾਹ-ਵਾਹ ਖੱਟੀ। ਜਿਸ ਖੁਦ ਅੱਛੇ ਸਬਜੈਕਟ ਕੀਤੇ ਹੋਣ, ਸਲਾਹ ਓਹੀ ਦਿੰਦਾ ਹੈ ਤੇ ਵਾਰ-ਵਾਰ ਉਹ ਆਖਦੇ ਨੇ ਅਸੀਂ ਪੰਜਾਬੀ ਲੇਖਕਾਂ ਦੇ ਨਾਵਲ, ਕਹਾਣੀ ਤੇ ਸਾਹਿਤ ਨੂੰ ਵਿਸਾਰ ਕੇ ਤੁਚੀਆਂ ਜਿਹੀਆਂ ਹਾਸੇ ਵਾਲੀਆਂ ਫ਼ਿਲਮਜ਼ ਬਣਾ ਕੇ ਪੰਜਾਬੀ ਫ਼ਿਲਮਾਂ ਦਾ ਮਜ਼ਾਕ ਬਣਾ ਰਹੇ ਹਾਂ। ਹਾਂ "ਦਾਰੂ ਨਾ ਪੀਂਦਾ ਹੋਵੇ", "ਰਜਨੀ" ਅਜਿਹੀਆਂ ਫਿਲਮਾਂ ਤੇ "ਡਾਕੂਆਂ ਦਾ ਮੁੰਡਾ" ਕੁੱਝ ਹੱਦ ਤੱਕ ਤਸਦੀਕ ਕਿ ਤਸੱਲੀ ਏ ਪਰ ਮਨਜੀਤ ਆਖਦੇ ਨੇ ਕਿ ਅਜੇ ਪੰਜਾਬੀ ਫ਼ਿਲਮਾਂ ਬਹੁਤ ਪਿੱਛੇ ਹਨ। ਅਮਰ ਸਿੰਘ ਚਮਕੀਲਾ ਦਾ ਗੀਤ "ਕਬਜ਼ਾ" ਉਨ੍ਹਾਂ ਦੀ ਵਿਚ ਸੀ ਪਰ ਇਮਤਿਆਜ਼ ਅਲੀ ਨੂੰ ਉਨ੍ਹਾਂ ਨਾਲ ਸੰਪਰਕ ਕਰਨਾ ਚਾਹੀਦਾ ਸੀ। ਮਨਜੀਤ ਸਿੰਘ ਸਰਾਂ ਨੇ "ਸੁਰਮਾ ਪੰਜ ਰੱਤੀਆਂ" ਵਰਾਇਟੀ ਪ੍ਰੋਗਰਾਮ ਵੀ ਦੂਰਦਰਸ਼ਨ 'ਤੇ ਕਾਮਯਾਬੀ ਨਾਲ ਚਲਾ ਕੇ ਸਿੱਧ ਕੀਤਾ ਕਿ ਆਪ 'ਚ ਪ੍ਰਤਿਭਾ, ਸੰਬੰਧ ਤੇ ਕਲਾ ਹੋਏ, ਤਾਂ ਕੁੱਝ ਮੁਸ਼ਕਿਲ ਨਹੀਂ। ਗੱਲ ਹੋਰ ਵੀ ਲੰਬੀ ਹੀ ਹੋ ਸਕਦੀ ਕਿ ਪੰਜਾਬੀ ਫ਼ਿਲਮਾਂ ਦੇ ਨਿਰਮਾਤਾ ਨੂੰ ਮੁੜ ਅਗਲੀ ਫ਼ਿਲਮ ਬਣਾਉਣ ਜੋਗਾ ਲੋਕ ਨਹੀਂ ਛੱਡਦੇ ਪਰ ਸਾਡਾ ਮਕਸਦ ਇਥੇ ਮਨਜੀਤ ਸਿੰਘ ਸਰਾਂ ਨਾਲ ਤੁਸਾਂ ਨੂੰ ਮਿਲਾਉਣ ਦਾ ਇਹ ਕਿ ਇੱਕ ਤਾਂ ਇਹ ਕਾਮਯਾਬ ਨਿਰਦੇਸ਼ਕ ਤੇ ਮੇਕਰ ਰਹੇ ਤੇ ਦੂਜਾ ਨਿੱਜੀ ਨਿਰਮਾਤਾ ਬਣ ਦੂਰਦਰਸ਼ਨ ਤੇ ਰਿਕਾਰਡ ਕਾਇਮ ਕੀਤਾ। ਅਗਲੀ ਗੱਲ ਕਿ ਆਪਣੀ ਨਵੀਂ ਪੀੜ੍ਹੀ ਨੂੰ ਕੈਨੇਡਾ ਵਿਚ ਸਥਾਪਿਤ ਕਰ ਰੋਟੀ ਕਮਾਉਣ ਦੇ ਪੰਜਾਬ ਵਿਚ ਹਲਾਤਾਂ ਤੋਂ ਬਚਾਇਆ। ਬਾਕੀ ਪੰਜਾਬੀ ਸੋਸ਼ਲ ਮੀਡੀਆ ਤੇ ਮਨਜੀਤ ਸਿੰਘ ਸਰਾਂ ਦੇ ਪੋਸਟ 'ਤੇ ਵਿਦੇਸ਼ ਦੀਆਂ ਪੰਜਾਬੀ ਅਖ਼ਬਾਰਾਂ ਵਿਚ ਖਾਸ ਫੀਚਰ ਵੀ ਕਾਬਲ-ਏ-ਤਰੀਫ ਹੁੰਦੇ ਨੇ ਤੇ ਇੱਕ ਦਿਨ ਉਹ ਮੁੜ ਪੰਜਾਬੀ ਫਿਲਮ ਨਿਰਦੇਸ਼ਤ ਕਰ ਸਕਦੇ ਹਨ। ਸ਼ੋਰਟ ਤੇ ਯੂਟਿਊਬ ਮੀਡੀਆ ਰਾਹੀਂ ਵੀ ਉਨ੍ਹਾਂ ਤੋਂ ਪੰਜਾਬੀ ਸੰਗੀਤ, ਫ਼ਿਲਮਜ਼ ਨੂੰ ਉਮੀਦਾਂ ਹਨ।



ਮਨਜੀਤ ਸਿੰਘ ਸਰਾਂ



ਗੁੱਗੂ ਗਿੱਲ ਨਾਲ ਸਰਾਂ



ਘੁੱਲੇ ਸ਼ਾਹ ਤੇ ਚੰਨ ਨਾਲ ਮਨਜੀਤ




ਨਜੀਤ ਸਰਾਂ ਟੋਰੰਟੋ ਸਟੂਡੀਓ ਵਿੱਚ


# ‘ਦਿਲਾਂ ਦੀ ਜੂਹ’

## ਕਾਂਡ 24



-ਸ਼ਿਵਚਰਨ ਜੱਗੀ ਕੁੱਸਾ

ਪੰਜਾਬ ਮੇਲ USA




ਜਿੰਦਰ ਦਾ ਕਮਰਾ ਸ਼ੰਮੀਂ ਦੇ ਕਮਰੇ ਦੇ ਬਿਲਕੁਲ ਨਾਲ਼ ਸੀ। ਜਦ ਦਾ ਸ਼ੰਮੀਂ ਨਿਰਤੰਰ ਦਾਰੂ ਪੀਣ ਲੱਗਿਆ ਸੀ, ਉਸ ਦੇ ਘੁਰਾੜ੍ਹੇ ਜਿੰਦਰ ਨੂੰ ਸਾਰੀ-ਸਾਰੀ ਰਾਤ ਸੌਣ ਨਾ ਦਿੰਦੇ। ਸਾਰਾ-ਸਾਰਾ ਦਿਨ ਉਹ ਘਰ ਦੇ ਕੰਮ ’ਚ ਕੁੱਬੀ ਹੋਈ ਰਹਿੰਦੀ ਅਤੇ ਰਾਤ ਨੂੰ ਉਹ ਘੁਰਾੜ੍ਹਿਆਂ ਤੋਂ ਦੁਖੀ ਬੈੱਡ ’ਤੇ ਪਾਸੇ ਮਾਰਦੀ। ਸਭ ਤੋਂ ਵੱਡਾ ਦੁੱਖ ਉਸ ਨੂੰ ਇਹ ਸੀ ਕਿ ਸ਼ੰਮੀਂ ਦੇ ਕੇਸ ਦਾ ਦੋਸ਼ ਵੀ ਜਿੰਦਰ ਉਪਰ “ਮਨਹੂਸ” ਜਾਂ “ਕੁਲਿਹਣੀ” ਆਖ ਕੇ ਮੜ੍ਹਿਆ ਜਾ ਰਿਹਾ ਸੀ।

ਕਦੇ-ਕਦੇ ਜਿੰਦਰ ਦਾ ਪੁੱਛਣ ਨੂੰ ਮਨ ਕਰਦਾ ਕਿ ਜੇ ਮੈਂ ਸੱਚ ਹੀ ‘ਮਨਹੂਸ’ ਜਾਂ ‘ਕੁਲਿਹਣੀ’ ਹਾਂ, ਤਾਂ ਸਾਰਾ ਟੱਬਰ ਮੇਰਾ ਬਣਾਇਆ ਖਾਣਾ ਕਿਉਂ ਖਾਂਦਾ ਸੀ...? ਮੇਰੇ ਧੋਤੇ ਕੱਪੜੇ ਕਿਉਂ ਪਾਉਂਦਾ ਸੀ...? ਮੇਰੀ ਬਣਾਈ ਚਾਹ ਕਿਉਂ ਪੀਂਦਾ ਸੀ...? ਜੇ ਮੇਰੇ ਨਾਲ਼ ਆਹੀ ਅਣਮਨੁੱਖੀ ਵਿਵਹਾਰ ਕਰਨਾ ਸੀ, ਤਾਂ ਮੈਨੂੰ ਮੰਗਵਾਇਆ ਕਿਉਂ...? ਜੇ ਮੰਗਵਾਇਆ ਸੀ, ਤਾਂ ਹੁਣ ਮੇਰਾ ਵਿਆਹ ਕਿਉਂ ਨਹੀਂ ਕਰਦੇ...? ਪਹਿਲਾਂ ਤਾਂ ‘ਸਮਾਜ ਸੁਧਾਰਕ’ ਬਣ ਕੇ ਮੈਨੂੰ ਮੰਗਵਾ ਲਿਆ, ਅਤੇ ਹੁਣ ਨੌਕਰਾਣੀਂ ਬਣਾ ਕੇ ਘਰ ਰੱਖੀ ਬੈਠੇ ਐ..! ਇੱਕ ਪਾਸੇ ਤਾਂ ਮੇਰੇ ਮਾਂ-ਬਾਪ ਅੱਗੇ ‘ਹਮਦਰਦ’ ਅਤੇ ਉਨ੍ਹਾਂ ਦੇ ‘ਸਹਿਯੋਗੀ’ ਹੋਣ ਦਾ ‘ਢਕਵੰਜ’ ਦਿਖਾ ਕੇ ਮੈਨੂੰ ਮੰਗਵਾ ਲਿਆ ਅਤੇ ਝੂਠੀਆਂ ਚਿੱਠੀਆਂ ਲਿਖਵਾ ਕੇ ਉਨ੍ਹਾਂ ਦੇ ‘ਹੇਜਲੇ’ ਬਣ-ਬਣ ਦਿਖਾਇਆ, ਹੁਣ ਜੇ ਮੈਂ ‘ਮਨਹੂਸ’ ਹਾਂ, ਤਾਂ ਮੈਨੂੰ ਆਪਣੇ ਘਰ ਕਿਉਂ ਰੱਖੀ ਬੈਠੇ ਨੇ, ਮੈਨੂੰ ਬਲਜੀਤ ਨਾਲ਼ ਦਫ਼ਾ ਕਿਉਂ ਨਹੀਂ ਕਰਦੇ..? ਬਲਜੀਤ ਚਾਹੇ ਕਮਲ਼ਾ ਹੈ, ਚਾਹੇ ਜਿਹੋ ਜਿਹਾ ਮਰਜ਼ੀ ਹੈ, ਜਦ ਇਨ੍ਹਾਂ ਨੇ ਉਸ ਨੂੰ ਮੇਰੇ ਲਈ ਚੁਣਿਆਂ ਹੈ, ਤਾਂ ਆਪਣਾ ਕੀਤਾ ਵਾਅਦਾ ਫ਼ਰਜ਼ ਸਮਝ ਕੇ, ਮੈਨੂੰ ਉਸ ਨਾਲ਼ ਤੋਰਦੇ ਕਿਉਂ ਨਹੀਂ...??

ਜਿੰਦਰ ਨੂੰ ਰੂਸੀ ਲੇਖਕ ਲਿਓ ਟਾਲਸਟਾਏ ਦੀ ਜੀਵਨੀ ਵਿਚ ਲਿਖੀ ਇੱਕ ਘਟਨਾ ਯਾਦ ਆਈ, ਜੋ ਉਸ ਨੇ ਕਾਲਜ ਟਾਈਮ ਪੜ੍ਹੀ ਸੀ। ਲਿਓ ਟਾਲਸਟਾਏ ਕੋਲ਼ ਇੱਕ ਜੁਆਨ ਭਿਖਾਰੀ ਆਇਆ, ਜੋ ਥੱਕਿਆ-ਟੁੱਟਿਆ ਅਤੇ ਜ਼ਿੰਦਗੀ ਤੋਂ ਨਿਰਾਸ਼ ਸੀ। ਉਹ ਆਪਣੇ ਸਰੀਰ ਦੇ ਜ਼ਖ਼ਮ ਦਿਖਾ ਕੇ ਭੀਖ ਮੰਗਣ ਲੱਗਿਆ।

-“ਮੈਂ ਤੈਨੂੰ ਭੀਖ ਦੇ ਕੇ ਤੈਨੂੰ ਭਿਖਾਰੀਪੁਣੇ ’ਚ ਪ੍ਰਪੱਕ ਤਾਂ ਨਹੀਂ ਬਣਾਉਣਾ ਚਾਹੁੰਦਾ, ਪਰ ਤੇਰੇ ਕੋਲ਼ੋਂ ਕੁਛ ਖਰੀਦ ਜ਼ਰੂਰ ਸਕਦਾ ਹਾਂ..!” ਲਿਓ ਟਾਲਸਟਾਏ ਨੇ ਕਿਹਾ।

-“ਕਿਉਂ ਮਜ਼ਾਕ ਕਰਦੇ ਹੋ, ਸਰ..? ਵੇਚਣ ਲਈ ਮੇਰੇ ਕੋਲ਼ ਕੀ ਹੈ..? ਮੈਂ ਤਾਂ ਇੱਕ ਕੰਗਾਲ ਭਿਖਾਰੀ ਹਾਂ..!” ਮੰਗਤੇ ਨੇ ਕਿਹਾ।

-“ਜੇ ਵੇਚਣਾ ਚਾਹੇਂ, ਤਾਂ ਵੇਚਣ ਲਈ ਤੇਰੇ ਕੋਲ਼ ਬਥੇਰਾ ਕੁਛ ਐ..!” ਟਾਲਸਟਾਏ ਬੋਲਿਆ।

-“ਦੁਨੀਆਂ ਵਿਚ ਸਭ ਤੋਂ ਮਹਿੰਗੇ ਬੰਦੇ ਦੇ ਅੰਗ ਨੇ, ਜੇ ਤੂੰ ਮੈਨੂੰ ਆਪਣੀ ਇੱਕ ਉਂਗਲ਼ ਕੱਟ ਕੇ ਦੇ ਦੇਵੇਂ, ਤਾਂ ਮੈਂ ਤੈਨੂੰ ਤੁਰੰਤ ਹਜ਼ਾਰ ਰੂਬਲ ਦੇ ਸਕਦਾ ਹਾਂ..!”

-“.....................।” ਮੰਗਤਾ ਚੁੱਪ ਵੱਟ ਗਿਆ।

-“ਨਹੀਂ ਮਨਜ਼ੂਰ...? ਚੱਲ ਇਉਂ ਕਰ..! ਦੋ ਉਂਗਲ਼ਾਂ ਦੇ-ਦੇ, ਤਿੰਨ ਹਜ਼ਾਰ ਰੂਬਲ ਲੈ ਲੈਣਾ..!”

-“.....................।” ਮੰਗਤਾ ਨਿਰੁੱਤਰ ਸੀ।

-“ਚੱਲ ਜੇ ਇਹ ਸੌਦਾ ਵੀ ਮਨਜ਼ੂਰ ਨਹੀਂ, ਤਾਂ ਆਪਦਾ ਪੂਰਾ ਹੱਥ ਤੇ ਇੱਕ ਪੈਰ ਦੇ-ਦੇ, ਮੈਂ ਇਹ ਅੰਗ ਕਿਸੇ ਲੋੜਵੰਦ ਦੇ ਲਗਵਾ ਦਿਆਂਗਾ, ਤੇ ਤੂੰ ਪੂਰਾ ਤਿੰਨ ਲੱਖ ਰੂਬਲ ਲੈ ਲੈਣਾ, ਤੈਨੂੰ ਕਿਹੜਾ ਇਨ੍ਹਾਂ ਦੀ ਜ਼ਰੂਰਤ ਹੈ..? ਤੂੰ ਤਾਂ ਮੰਗ ਕੇ ਹੀ ਖਾਣੈਂ, ਤਿੰਨ ਲੱਖ ਰੂਬਲ ਨਾਲ਼ ਅਰਾਮ ਦੀ ਜ਼ਿੰਦਗੀ ਜੀਵੀਂ..! ਬੋਲ, ਹੁਣ ਮਨਜ਼ੂਰ ਐ...?”

-“...................।” ਮੰਗਤਾ ਟਾਲਸਟਾਏ ਨੂੰ ‘ਪਾਗਲ’ ਸਮਝ ਕੇ ਚੁੱਪ-ਚਾਪ ਤੁਰ ਚੱਲਿਆ।

-“ਗੱਲ ਤਾਂ ਸੁਣ...! ਤੂੰ ਤਾਂ ਗੁੱਸੇ ਹੋ ਗਿਆ..!” ਉਸ ਨੇ ਪਿੱਛੋਂ ਆਵਾਜ਼ ਦਿੱਤੀ ਤਾਂ ਮੰਗਤਾ ਅਗਲੀ ਤਜ਼ਵੀਜ਼ ਜਾਨਣ ਲਈ ਰੁਕ ਗਿਆ।

-“ਕੀ ਗੱਲ..? ਸੌਦਾ ਪਸੰਦ ਨੀ ਆਇਆ...? ਪੈਸੇ ਵਧਾ ਲੈਨੇ ਐਂ..!”

-“ਮੈਂ ਤੇਰਾ ਬਕਵਾਸ ਨਹੀਂ ਸੁਣਨਾ...! ਤੁਸੀਂ ਖਾਹ-ਮਖਾਹ ਬਕਵਾਸ ਕਰਨ ਲੱਗੇ ਓਂ, ਕੋਈ ਆਪਣੇ ਅੰਗ ਵੀ ਵੇਚਦਾ ਹੁੰਦੈ..?” ਮੰਗਤਾ ਗੁੱਸੇ ’ਚ ਲਾਲ ਪੀਲ਼ਾ ਹੋ ਗਿਆ।

-“ਜੇ ਤੂੰ ਤਿੰਨ ਲੱਖ ਰੂਬਲ ’ਚ ਆਪਣੇ ਹੱਥ ਪੈਰ ਨਹੀਂ ਵੇਚ ਰਿਹਾ, ਫ਼ੇਰ ਇਸ ਅਰਬਾਂ-ਖਰਬਾਂ ਦੇ ਸਰੀਰ ਤੋਂ ਭੀਖ ਕਿਉਂ ਮੰਗਵਾ ਰਿਹੈਂ..? ਕਿਉਂ ਆਪਣੇ ਜ਼ਖ਼ਮਾਂ, ਤੇ ਆਪਦੇ ਸਰੀਰਕ ਹਾਲਤ ਨੂੰ ਆਧਾਰ ਬਣਾ ਕੇ ਦੂਜਿਆਂ ਤੋਂ ਤਰਸ ਇਕੱਠਾ ਕਰ ਰਿਹੈਂ..? ਕੀ ਤੈਨੂੰ ਇਹ ਅਨਮੋਲ ਸਰੀਰ ਭੀਖ ਮੰਗਣ ਲਈ ਮਿਲ਼ਿਐ...?”

-“.......................।” ਮੰਗਤਾ ਨਮੋਸ਼ੀ ਵਿਚ ਨੀਂਵੀਂ ਪਾ ਗਿਆ।

-“ਕੁਦਰਤ ਵੱਲੋਂ ਇਹ ਮਿਲ਼ੀ ਅਮੋਲਕ ਦਾਤ ਦਾ ਤੂੰ ਘੋਰ ਨਿਰਾਦਰ ਕਰ ਰਿਹੈਂ, ਸੱਜਣਾ..! ਤੂੰ ਵਿਹਲੜ ਬਣ ਕੇ, ਤੇ ਭੀਖ ਮੰਗ ਕੇ ਉਸ ਕੁਦਰਤ ਦੇ ਮੂੰਹ ’ਤੇ ਕਿਉਂ ਥੁੱਕ ਰਿਹੈਂ, ਜਿਸ ਨੇ ਤੈਨੂੰ ਕਿੰਨਾਂ ਸੋਹਣਾ ਸਰੀਰ ਦਿੱਤੈ...?”

-“.......................।” ਮੰਗਤਾ ਖ਼ਾਮੋਸ਼ ਖੜ੍ਹਾ ਸੀ।

-“ਮੈਂ ਦੱਸਾਂ ਤੂੰ ਇਹ ਸਭ ਕੁਛ ਕਿਉਂ ਕਰਦੈਂ..?”

-“.......................।” ਚੁੱਪ ਖੜ੍ਹੇ ਭਿਖਾਰੀ ਨੇ ਅੱਖਾਂ ਉਪਰ ਚੁੱਕੀਆਂ।

-“ਇਹ ਤੂੰ ਇਸ ਲਈ ਕਰਦਾ ਹੈਂ, ਕਿਉਂਕਿ ਤੈਨੂੰ ਆਪਣੇ ਸਰੀਰ ਦੀ ਕੀਮਤ ਦਾ ਨਹੀਂ ਪਤਾ..! ਤੈਨੂੰ ਇਹ ਨਹੀਂ ਪਤਾ, ਕਿ ਤੂੰ ਹੈਂ ਕੀ...! ਤੈਨੂੰ ਇਹ ਅਹਿਸਾਸ ਨਹੀਂ ਕਿ ਤੇਰਾ ਸਰੀਰ ਕਿੰਨਾ ਮੁੱਲਵਾਨ ਐਂ..!”

-“.........................।”

-“ਓਏ ਕਮਲ਼ਿਆ...! ਤੂੰ ਇੱਕ ਤੁਰਦਾ ਫ਼ਿਰਦਾ ਬ੍ਰਹਿਮੰਡ ਐਂ..! ਓਸ ਬ੍ਰਹਿਮੰਡ ਦੀਆਂ ਸਾਰੀਆਂ ਸ਼ਕਤੀਆਂ, ਤੇ ਸਾਰੇ ਕਮਾਲ ਤੇਰੇ ਅੰਦਰ ਨੇ..! ਤੂੰ ਹੌਂਸਲੇ ਅਤੇ ਹਿੰਮਤ ਦੀ ਸ਼ਮਸ਼ੀਰ ਨਾਲ਼ ਆਪਣੇ ਹਾਲਾਤਾਂ ਨਾਲ਼ ਲੜ, ਤੇਰੀ ਤਰਸਯੋਗ ਹਾਲਤ ਖ਼ੁਸ਼ੀਆਂ ਖੇੜਿਆਂ ਵਿਚ ਬਦਲ ਜਾਵੇਗੀ...!”

-“..........................।” ਮੰਗਤੇ ਦੇ ਚਿਹਰੇ ’ਤੇ ਇੱਕ ਅਜੀਬ ਰੌਣਕ ਸੀ।

-“ਤੂੰ ਕੁਦਰਤ ਦੀ ਇੱਕ ਸ਼ਾਹਕਾਰ ਰਚਨਾ ਹੈਂ..! ਨਿਰਬਲ ਅਤੇ ਨਿਰਾਸ਼ ਹੋ ਕੇ ਤੂੰ ਕੁਦਰਤ ਦੀ ਨੀਤੀ ’ਤੇ ਪਾਣੀਂ ਕਿਉਂ ਫ਼ੇਰਦਾ ਹੈਂ..?”

-“..........................।” ਮੰਗਤਾ ਸੋਚਾਂ ਵਿਚ ਪੈ ਗਿਆ।

-“ਤੂੰ ਇਸ ਬੇਸ਼-ਕੀਮਤੀ ਜ਼ਿੰਦਗੀ ਦੀ ਸੱਚਾਈ ਜਾਣੇ ਬਗੈਰ ਹੀ ਉਦਾਸ ਤੇ ਨਿਰਾਸ਼ ਹੋਇਆ ਫ਼ਿਰਦਾ ਹੈਂ..!”

-“ਮੈਂ ਕੀ ਕਰ ਸਕਦਾ ਹਾਂ, ਮੇਰੀ ਕਿਸਮਤ ਹੀ ਐਸੀ ਹੈ, ਮੈਨੂੰ ਰੱਬ ਨੇ ਭਿਖਾਰੀ ਬਣਾਇਐ..!” ਕਾਫ਼ੀ ਦੇਰ ਬਾਅਦ ਮੰਗਤੇ ਨੇ ਜ਼ੁਬਾਨ ਖੋਲ੍ਹੀ ਸੀ।

-“ਗਲਤ...! ਸਰਾਸਰ ਗਲਤ...!! ਤੂੰ ਓਹੀ ਕੁਛ ਬਣਿਆਂ ਹੈਂ, ਜਿਸ ਤਰ੍ਹਾਂ ਦੀ ਤੇਰੀ ਸੋਚ ਸੀ..! ਜਿਸ ਤਰ੍ਹਾਂ ਦਾ ਤੇਰਾ ਆਪਣੇ ਆਪ ਪ੍ਰਤੀ ਨਜ਼ਰੀਆ ਸੀ..! ਤੂੰ ਜਨਮ-ਜ਼ਾਤ ਭਿਖਾਰੀ ਨਹੀਂ ਸੀ..! ਪਰ ਤੇਰੀ ਸੋਚ ਘਟੀਆ ਸੀ, ਜਿਸ ਤਹਿਤ ਤੂੰ ਭਿਖਾਰੀ ਬਣਨਾ ਚਾਹਿਆ..! ਆਪਣੀ ਨਕਾਰਾਤਮਕ ਸੋਚ ਬਦਲ, ਤੇਰੀ ਜ਼ਿੰਦਗੀ ਬਦਲ ਜਾਵੇਗੀ..! ਤੂੰ ਜਿਸ ਤਰ੍ਹਾਂ ਦੀ ਸੋਚ ਰੱਖੀ, ਤੂੰ ਓਸੇ ਤਰ੍ਹਾਂ ਦਾ ਹੀ ਬਣਿਆਂ ਹੈਂ..! ਇਹ ਜ਼ਿੰਦਗੀ ਸਿਰ ਚੁੱਕ ਕੇ, ਹਿੱਕ ਕੱਢ ਕੇ ਜਿਉਣ ਲਈ ਹੈ, ਹੱਥ ਅੱਡ ਕੇ ਜਿਉਣ ਲਈ ਨਹੀਂ...! ਇਹ ਜ਼ਿੰਦਗੀ ਫ਼ਖ਼ਰ ਨਾਲ਼ ਜਿਉਣ ਲਈ ਮਿਲ਼ੀ ਹੈ, ਤਰਸ ਦਾ ਪਾਤਰ ਬਣ ਕੇ ਜਿਉਣ ਲਈ ਨਹੀਂ..!”

-“.......................।”

-“ਭਿਖਾਰੀ ਬਣ ਕੇ ਤੂੰ ਦੇਖ ਲਿਆ, ਹੁਣ ਮਿਹਨਤ ਕਰ ਕੇ ਵੀ ਦੇਖ..! ਦੇਖ ਤੇਰੀ ਜ਼ਿੰਦਗੀ ਵਿਚ ਕਿਵੇਂ ਚਮਤਕਾਰ ਹੋਣਗੇ..!”

-“.......................।” ਮੰਗਤੇ ਦੀ ਸੋਚ ਨੂੰ ਪਲਟਾ ਵੱਜਿਆ। ਉਸ ਦੀ ਧਰਤੀ ’ਤੇ ਅੱਡੀਆਂ ਰਗੜਦੀ ਸੋਚ, ਹਿੰਮਤ ਅਤੇ ਹੌਂਸਲੇ ਦੇ ਸਿੰਘਾਸਣ ’ਤੇ ਆਣ ਬੈਠੀ।

-“ਬਹੁਤ ਸਾਰੇ ਲੋਕ ਆਪਣੇ ਹਾਲਾਤਾਂ ਨੂੰ ਆਪਣੇ ਉਪਰ ਹਾਵੀ ਕਰ ਕੇ ਜ਼ਿੰਦਗੀ ਦੀ ਹਾਰ ਮੰਨ ਲੈਂਦੇ ਨੇ, ਤੇ ਹਾਲਾਤਾਂ ਨਾਲ਼ ਦੋ ਹੱਥ ਕਰਨੇ ਛੱਡ ਦਿੰਦੇ ਨੇ..! ਮਾਤਮ ਮਨਾ ਕੇ ਜ਼ਿੰਦਗੀ ਨੂੰ ਸ਼ਰਮਿੰਦਾ ਨਾ ਕਰੋ..! ਹਾਲਾਤਾਂ ਦੇ ਸਮੁੰਦਰ ਨੂੰ ਹੌਂਸਲੇ ਦੀ ਬੇੜੀ, ਤੇ ਸਿਰੜ-ਹਿੰਮਤ ਦੇ ਚੱਪੂਆਂ ਨਾਲ਼ ਲਲਕਾਰੋ..!”

-“ਧੰਨਵਾਦ ਸਰ..! ਤੁਹਾਡੀਆਂ ਨਿੱਗਰ ਦਲੀਲਾਂ ਨਾਲ਼ ਮੇਰੀ ਬੰਦ ਸੋਚ ਦਾ ਦਰਵਾਜ਼ਾ ਖੁੱਲ੍ਹ ਗਿਆ, ਹੁਣ ਮੈਂ ਆਪਣੀ, ਤੇ ਆਪਣੇ ਸਰੀਰ ਦੀ ਕੀਮਤ ਜਾਣ ਚੁੱਕਿਆ ਹਾਂ, ਹੁਣ ਮੈਂ ਸੁਚੱਜੀ ਜ਼ਿੰਦਗੀ ਜਿਉਣ ਦਾ ਮਕਸਦ ਚੁਣ ਕੇ, ਮਿਹਨਤ ਅਤੇ ਤਰੱਕੀ ਦੇ ਮਾਰਗ ’ਤੇ ਠਿੱਲ੍ਹ ਪਵਾਂਗਾ..!” ਤੇ ਭਿਖਾਰੀ ਉਸ ਦੀਆਂ ਅਗਾਂਹਵਧੂ ਦਲੀਲਾਂ ਦੀ ਪੋਟਲੀ ਨੂੰ ਮਨ ਦੀ ਗਠੜੀ ਵਿਚ ਬੰਨ੍ਹ, ਇੱਕ ਵਾਰ ਫ਼ਿਰ ਲਿਓ ਟਾਲਸਟਾਏ ਦਾ ‘ਸ਼ੁਕਰੀਆ’ ਕਰ ਕੇ ਤੁਰ ਗਿਆ।.....

....ਅਚਾਨਕ ਯਾਦ ਆਈ ਇਸ ਕਹਾਣੀਂ ਨੇ ਜਿੰਦਰ ਦੀ ਬੇਰੱਸ ਜ਼ਿੰਦਗੀ ਵਿਚ ਹੌਂਸਲਾ ਭਰ ਦਿੱਤਾ। ਉਸ ਨੇ ਸੋਚਿਆ ਜੇ ਹੁਣ ਉਸ ਨਾਲ਼ ਕੋਈ ਵੀ ਵਧੀਕੀ ਹੋਈ, ਉਹ ਹਿੱਕ ਤਣ ਕੇ ਖੜ੍ਹ ਜਾਵੇਗੀ। ਹੁਣ ਉਸ ਨੇ ਪੱਕਾ ਮਨ ਬਣਾ ਲਿਆ ਸੀ ਕਿ ਬਗੈਰ ਕਿਸੇ ਕਾਰਨ, ਬਗੈਰ ਕਿਸੇ ਦੋਸ਼ ਤੋਂ ਆਪਣੀ ਬੇਇੱਜ਼ਤੀ ਨਹੀਂ ਹੋਣ ਦੇਵੇਗੀ। ਜੇ ਬਹੁਤਾ ਤੰਗ ਕਰਨਗੇ, ਤਾਂ ਮੈਂ ਖ਼ੁਦ ਬਲਜੀਤ ਕੋਲ਼ ਚਲੀ ਜਾਵਾਂਗੀ, ਅਤੇ ਸਾਰੀ ਸੱਚਾਈ ਦੱਸ ਕੇ ਉਸ ਨਾਲ਼ ਵਿਆਹ ਰਚਾ ਲਵਾਂਗੀ..!

ਕਦੇ-ਕਦਾਈਂ ਖਿੜਕੀ ਵਿਚ ਦੀ ਉਹ ਬਲਜੀਤ ਨੂੰ ਲਾਵਾਰਿਸਾਂ ਵਾਂਗ ਇਸ ਸੜਕ ’ਤੇ ਗੇੜੇ ਮਾਰਦਾ ਦੇਖਦੀ ਤਾਂ ਉਸ ਨੂੰ ਬਲਜੀਤ ਦਾ ਤਰਸ ਜਿਹਾ ਵੀ ਆ ਜਾਂਦਾ ਕਿ ਬ੍ਰਿਟਿਸ਼ ਪਾਸਪੋਰਟ ਲੈ ਕੇ, ਇੰਗਲੈਂਡ ਵਿਚ ਪੱਕਾ ਵਸਦਾ ਹੋਣ ਦੇ ਬਾਵਜੂਦ ਵੀ ਕਿਵੇਂ ਅਨਾਥਾਂ ਵਾਂਗ ਧੱਕੇ ਖਾਂਦਾ ਫ਼ਿਰਦਾ ਸੀ...? ਦਿਮਾਗ ਦਾ ਥੋਥਾ ਹੋਣ ਕਰਕੇ ਬਲਜੀਤ ਦੇ ਹੋਰ ਰਿਸ਼ਤੇਦਾਰ ਵੀ ਉਸ ਨੂੰ ਬਹੁਤਾ ਮੂੰਹ ਨਹੀਂ ਲਾਉਂਦੇ ਸਨ। ਭੂਆ ਗੁਰਮੇਲ ਕੌਰ ਅਤੇ ਉਸ ਦੇ ਬੱਚੇ ਵੀ ਬਲਜੀਤ ਨੂੰ ਦੇਹਲ਼ੀ ਨਹੀਂ ਚੜ੍ਹਨ ਦਿੰਦੇ ਸਨ। ਉਹ ਰੱਬ ਦਾ ਭਾਣਾ ਜਿਹਾ ਮੰਨ ਕੇ ਚੁੱਪ-ਚਾਪ, ਬੇਵਸਾ ਜਿਹਾ ਆਵਾਗੌਣ ਉਨ੍ਹਾਂ ਦੀ ਸੜਕ ’ਤੇ ਗੇੜੇ ਕੱਢਦਾ ਰਹਿੰਦਾ। ਜਿੰਦਰ ਨੂੰ ਪਤਾ ਸੀ ਕਿ ਉਹ ਗੇੜੇ ਸਿਰਫ਼ ਮੇਰੇ ਕਰਕੇ ਹੀ ਕੱਢਦਾ ਸੀ, ਨਹੀਂ ਉਸ ਦਾ ਇਸ ਸੁੰਨ-ਮਸੁੰਨ ਸੜਕ ’ਤੇ ਗੇੜੇ ਕੱਢਣ ਦਾ ਕੀ ਕੰਮ...?

ਅਗਲੇ ਦਿਨ ਜੋਰਾ ਸਿੰਘ, ਗੁਰਮੇਲ ਕੌਰ ਅਤੇ ਉਨ੍ਹਾਂ ਦੀ ਧੀ ਰੈਂਡੀ ਨੇ ਕਿਸੇ ਵਿਆਹ ਦੀਆਂ “ਮਾਈਆਂ” ’ਤੇ ਜਾਣਾ ਸੀ। ਰੈਂਡੀ ਨੇ ਪ੍ਰੈੱਸ ਕਰਨ ਲਈ ਕੱਪੜਿਆਂ ਦਾ ਢੇਰ ਲਿਆ ਕੇ ਜਿੰਦਰ ਅੱਗੇ ਸੁੱਟ ਦਿੱਤਾ, ਜਿਵੇਂ ਮੌਲੇ ਬਲ਼ਦ ਅੱਗੇ ਸੁੱਕੀ ਕੜਬ ਸੁੱਟੀਦੀ ਹੈ। ਜਿੰਦਰ ਨੇ ਸਮਾਈ ਰੱਖੀ, ਰੈਂਡੀ ਨੂੰ ਕੁਝ ਨਾ ਕਿਹਾ, ਸਗੋਂ ਕੱਪੜੇ ਪ੍ਰੈੱਸ ਕਰ ਦਿੱਤੇ।

-“ਅਸੀਂ ਲੇਟ ਈ ਆਵਾਂਗੇ, ਤੂੰ ਰੋਟੀ ਖਾ ਕੇ ਪੈ ਜਾਈਂ..!” ਭੂਆ ਜਿੰਦਰ ਨੂੰ ਬੜੀ ਰੁੱਖੀ ਬੋਲੀ।

-“ਠੀਕ ਐ ਭੂਆ ਜੀ..!”

-“ਜੇ ਬਲਜੀਤ ਆਇਆ, ਜੁੱਤੀ ਲਾਹ ਲਈਂ..!”

-“...............।” ਹੁਣ ਜਿੰਦਰ ਕੁਝ ਨਾ ਬੋਲੀ।

-“ਉਹਨੂੰ ਦਰਵਾਜਾ ਨੀ ਖੋਲ੍ਹਣਾ, ਚੰਗਾ..?”

-“................।” ਜਿੰਦਰ ਨੇ ਅਣਮੰਨੇਂ ਜਿਹੇ ਮਨ ਨਾਲ਼ ‘ਹਾਂ’ ਵਿਚ ਸਿਰ ਹਿਲਾ ਦਿੱਤਾ। ਉਹ ਪੁੱਛਣਾ ਚਾਹੁੰਦੀ ਸੀ, ਕਿ ਭੂਆ ਡੈਣੇਂ, ਅੱਗੇ ਮੈਂ ਬਲਜੀਤ ਨੂੰ ਕਿੰਨੇ ਕੁ ਦਰਵਾਜ਼ੇ ਖੋਲ੍ਹ ਕੇ ਗਲਵਕੜੀਆਂ ਪਾਉਂਦੀ ਹਾਂ..? ਪਰ ‘ਮਾਈਆਂ’ ’ਤੇ ਜਾਣ ਕਰਕੇ ਜਿੰਦਰ ਕੁਛ ਨਾ ਬੋਲੀ। ਉਹ ਉਨ੍ਹਾਂ ਦੀ ਖੀਰ ਵਿਚ ਸੁਆਹ ਨਹੀਂ ਪਾਉਣਾ ਚਾਹੁੰਦੀ ਸੀ।

-“ਮੂੰਹੋਂ ਬੋਲ ਪਿਆ ਕਰ..! ਮੂੰਹ ’ਚ ਮਰੂੰਡਾ ਨੀ ਪਾਇਆ..!”

-“..................।” ਜਿੰਦਰ ਫ਼ੇਰ ਵੀ ਚੁੱਪ ਰਹੀ।

-“ਸ਼ੰਮੀਂ ਨੂੰ ਰੋਟੀ ਖੁਆ ਦੇਈਂ..! ਸਾਨੂੰ ਤਾਂ ਬਾਰਾਂ ਵੱਜ ਜਾਣਗੇ...!” ਤੇ ਭੂਆ ਮੱਖੀ ਵਾਂਗ ‘ਭਿਣਨ-ਭਿਣਨ’ ਕਰਦੀ ਕਾਰ ’ਚ ਜਾ ਬੈਠੀ।

ਤੁਰਦੀ ਕਾਰ ’ਚੋਂ ਰੈਂਡੀ ਨੇ ਜਿੰਦਰ ਨੂੰ ਵਿਚਾਲੜੀ ਉਂਗਲ਼ ਕੱਢ ਕੇ ਦਿਖਾਈ।

ਜਿੰਦਰ ਦਾ ਮਨ ਭਰ ਆਇਆ ਕਿ ਕਿੰਨਾਂ ‘ਗੁਲੰਮਪੁਣਾਂ’ ਮੈਂ ਇਸ ਟੱਬਰ ਦਾ ਕਰਦੀ ਐਂ, ਪਰ ਇਹ ਟੱਬਰ ਕਿਸ ਮਿੱਟੀ ਦਾ ਬਣਿਆਂ ਹੋਇਐ, ਜਿਸ ਨੂੰ ਭੋਰਾ ਵੀ ਅਹਿਸਾਸ ਨਹੀਂ..? ਬੰਦਾ ਕਿਸੇ ਕੁੱਤੇ ਨੂੰ ਦੋ ਵਾਰੀ ਰੋਟੀ ਪਾ ਦੇਵੇ, ਕੁੱਤਾ ਪੂਛ ਮਾਰ ਕੇ ਆਪਣਾ ਸਮਝਣ ਲੱਗ ਪੈਂਦੈ, ਪਰ ਇਹ ਟੱਬਰ ਤਾਂ ਬਿਲਕੁਲ ਹੀ ‘ਨਾਸ਼ੁਕਰਾ’ ਅਤੇ ਨਖਿੱਧ ਟੱਬਰ ਐ...!

ਅੱਧੇ ਕੁ ਘੰਟੇ ਬਾਅਦ ਜਿੰਦਰ ਨੇ ਖਿੜਕੀ ਵਿਚ ਦੀ ਬਾਹਰ ਦੇਖਿਆ, ਤਾਂ ਬਲਜੀਤ ਸੜਕ ’ਤੇ ਨੀਂਵੀਂ ਪਾਈ ਤੁਰਿਆ ਜਾ ਰਿਹਾ ਸੀ। ਜਿੰਦਰ ਦਾ ਦਿਲ ਕੀਤਾ ਬਲਜੀਤ ਨੂੰ ਹਾਕ ਮਾਰ ਕੇ ਅੰਦਰ ਬੁਲਾ ਲਵੇ ਅਤੇ ਘੁੱਟ ਕੇ ਸੀਨੇ ਲਾ ਲਵੇ। ਪਰ ਸ਼ੰਮੀਂ ਆਉਣ ਦੇ ਡਰ ਕਾਰਨ ਉਹ ਇਹ ਕਰ ਨਾ ਸਕੀ। ਬਲਜੀਤ ਨੇ ਚੋਰ ਅੱਖ ਨਾਲ਼ ਘਰ ਵੱਲ ਦੇਖਿਆ, ਪਰ ਦਰਵਾਜ਼ੇ ਤੱਕ ਆਉਣ ਦੀ ਹਿੰਮਤ ਨਾ ਕਰ ਸਕਿਆ ਅਤੇ ਸਿੱਧਾ-ਸਲੋਟ ਅੱਗੇ ਲੰਘ ਗਿਆ। ਜਿੰਦਰ ਮਨ ਕਰੜਾ ਕਰੀ ਬੈਠੀ ਸੀ ਕਿ ਜੇ ਅੱਜ ਬਲਜੀਤ ਨੇ ‘ਡੋਰ-ਬੈੱਲ’ ਕੀਤੀ, ਤਾਂ ਉਹ ਬੇਝਿਜਕ ਦਰਵਾਜ਼ਾ ਖੋਲ੍ਹ ਕੇ ਬਲਜੀਤ ਨੂੰ ਅੰਦਰ ਬੁਲਾ ਲਵੇਗੀ, ਅਤੇ ਸਾਰਾ ਬਿਰਤਾਂਤ ਸੁਣਾ ਕੇ ਆਪਣੇ ਨਾਲ਼ ਲੈ ਜਾਣ ਲਈ ਆਖੇਗੀ। ਪਰ ਬਲਜੀਤ ਚੋਰੀ-ਚੋਰੀ ਝਾਕਦਾ ਸਿੱਧਾ ਹੀ ਲੰਘ ਗਿਆ। ਜਿੰਦਰ ਲੰਬਾ ਸਾਹ ਖਿੱਚ ਕੇ ਬੈਠ ਗਈ।

ਸ਼ੰਮੀਂ ਦੀ ਉਡੀਕ ਕਰਦੀ ਜਿੰਦਰ ਨੂੰ ਰਾਤ ਦੇ ਗਿਆਰਾਂ ਵੱਜ ਗਏ। ਉਹ ਸਵੇਰੇ ਛੇ ਵਜੇ ਦੀ ਉਠੀ ਹੋਈ ਸੀ ਅਤੇ ਹੁਣ ਉਸ ਦੇ ਹੱਡ-ਪੈਰ ਦਰਦ ਕਰ ਰਹੇ ਸਨ ਅਤੇ ਨੀਂਦ ਵਿਚ ਅੱਖਾਂ ਬੰਦ ਹੁੰਦੀਆਂ ਜਾ ਰਹੀਆਂ ਸਨ। ਉਹ ਸ਼ੰਮੀਂ ਨੂੰ ਉਡੀਕ-ਉਡੀਕ ਥੱਕ ਗਈ ਸੀ। ਸ਼ੰਮੀਂ ਦਾ ਕਿਤੇ ਝੌਲ਼ਾ ਵੀ ਨਹੀਂ ਪੈਂਦਾ ਸੀ।

ਉਹ ਉਠ ਕੇ ਉਪਰ ਆਪਣੇ ‘ਬੌਕਸ-ਰੂਮ’ ਵਿਚ ਚਲੀ ਗਈ ਅਤੇ ਥੱਕੀ-ਟੁੱਟੀ ਬੈੱਡ ਉੱਪਰ ਟੇਢੀ ਹੋ ਗਈ।

ਥੱਕ ਕੇ ਚਕਨਾਚੂਰ ਹੋਈ ਜਿੰਦਰ ਦੀ ਪੈਣ ਸਾਰ ਹੀ ਅੱਖ ਲੱਗ ਗਈ।

ਸੁੱਤੀ-ਸੁੱਤੀ ਪਤਾ ਨਹੀਂ ਸੁਪਨੇ ਵਿਚ ਕਦੋਂ ਉਹ ਪ੍ਰਤੀਕ ਜੀ ਦੀ ਬੁੱਕਲ਼ ਵਿਚ ਜਾ ਬਿਰਾਜੀ। ਦੋਨੋਂ ਚੁੱਪ ਸਨ। ਨਾ ਪ੍ਰਤੀਕ ਜੀ ਕੁਛ ਬੋਲ ਰਹੇ ਸਨ, ਅਤੇ ਨਾ ਹੀ ਜਿੰਦਰ। ਅਣਕਿਆਸੇ ਆਨੰਦ ਵਿਚ ਮੰਤਰ-ਮੁਗਧ ਜਿੰਦਰ ਪ੍ਰਤੀਕ ਜੀ ਦੀ ਨਿੱਘੀ ਬੁੱਕਲ਼ ਦਾ ਨਿਘਾਸ ਲੈ ਰਹੀ ਸੀ। ਪ੍ਰਤੀਕ ਜੀ ਜਿੰਦਰ ਦੇ ਵਾਲ਼ਾਂ ਵਿਚ ਉਂਗਲ਼ਾਂ ਦੀ ਕੰਘੀ ਕਰ ਰਹੇ ਸਨ।

ਅਚਾਨਕ ਜਿੰਦਰ ਨੂੰ ਆਪਣੇ ਉਪਰ ਭਾਰ ਜਿਹਾ ਡਿੱਗਿਆ ਮਹਿਸੂਸ ਹੋਇਆ। ਮੇਰੇ ਪ੍ਰਤੀਕ ਜੀ ਤਾਂ ਫ਼ੁੱਲ ਵਰਗੇ ਹੌਲ਼ੇ ਅਤੇ ਮਾਲੂਕ ਨੇ, ਅਚਾਨਕ ਇਹ ਐਨਾਂ ਬੋਝ...?

ਕਿਸੇ ਅਣਹੋਣੀਂ ਨੂੰ ਕਿਆਸ ਕੇ ਉਸ ਦੀ ‘ਪਟੱਕ’ ਅੱਖ ਖੁੱਲ੍ਹ ਗਈ।

ਉਸ ਦੇ ਤੌਰ ਉੱਡ ਗਏ, ਜਦ ਉਸ ਨੇ ਆਪਣੇ ਪ੍ਰਤੀਕ ਜੀ ਦੀ ਜਗਾਹ ਸ਼ਰਾਬੀ ਸ਼ੰਮੀਂ ਉਪਰ ਚੜ੍ਹਦਾ ਆ ਰਿਹਾ ਦੇਖਿਆ। ਸ਼ੰਮੀਂ ਦੇ ਤੱਤੇ ਸਾਹਾਂ ਵਿਚੋਂ ਬੀਅਰਾਂ ਦੀ ‘ਭੜਦਾਅ’ ਮਾਰ ਰਹੀ ਸੀ ਅਤੇ ਉਹ ਸਰਾਲ਼ ਵਾਂਗ ਜਿੰਦਰ ਦੇ ਉਪਰ ਚੜ੍ਹਦਾ ਆ ਰਿਹਾ ਸੀ।

ਜਿੰਦਰ ਨੇ ਉਸ ਨੂੰ ਪੂਰੇ ਜ਼ੋਰ ਨਾਲ਼ ਧੱਕਾ ਮਾਰਿਆ, ਤਾਂ ਉਹ ‘ਧੜੰਮ’ ਕਰ ਕੇ ਪਿੱਛੇ ਡਿੱਗਿਆ।

ਜਿੰਦਰ ਦਰਵਾਜਾ ਖੋਲ੍ਹ ਕੇ ਬਾਹਰ ਆ ਗਈ। ਉਸ ਦੀਆਂ ਅੱਖਾਂ ਅੱਗੇ ਭੂਚਾਲ਼ ਆਇਆ ਹੋਇਆ ਸੀ ਅਤੇ ਉਸ ਦਾ ਸਾਹ ਨਾਲ਼ ਸਾਹ ਨਹੀਂ ਰਲ਼ਦਾ ਸੀ। ਸ਼ਰਾਬੀ ਸ਼ੰਮੀਂ ਫ਼ਿਰ ਜਿੰਦਰ ਵੱਲ ਲਪਕਿਆ।

-“ਸ਼ੰਮੀਂ, ਹਰਾਮੀਆਂ, ਤੈਨੂੰ ਇਹ ਨਹੀਂ ਪਤਾ ਕਿ ਮੈਂ ਤੇਰੀ ਭੈਣ ਲੱਗਦੀ ਆਂ..?” ਉਸ ਨੇ ਸ਼ਰਾਬੀ ਸ਼ੰਮੀਂ ਦੇ ਵਾਲ਼ ਪੁੱਟ ਦਿੱਤੇ ਅਤੇ ਚੁਪੇੜਾਂ ਮਾਰ-ਮਾਰ ਉਸ ਨੂੰ ਕੁੱਕੜ ਵਾਂਗ ਮਧੋਲ਼ ਧਰਿਆ। ਸ਼ਰਾਬੀ ਸ਼ੰਮੀਂ ਥੱਲੇ ਪਿਆ ਦਰਦ ਹੋਣ ਵਾਲ਼ੇ ਕੱਟਰੂ ਵਾਂਗ ਧੁਰਲੀਆਂ ਜਿਹੀਆਂ ਮਾਰੀ ਜਾ ਰਿਹਾ ਸੀ।

-“ਮਾਮੇਂ ਦੀ ਕੁੜੀ ਭੈਣ ਨੀ ਹੁੰਦੀ, ਭੈਣ ਦਿਆ ਖਸਮਾਂ ਆਬਦੀ ਦਿਆ...?” ਜਿੰਦਰ ਆਪੇ ਤੋਂ ਬਾਹਰ ਸੀ। ਉਸ ਨੇ ਚੱਪਲ ਚੁੱਕ ਸ਼ੰਮੀਂ ਦੀ ‘ਭੁਗਤ ਸੁਆਰਨੀ’ ਸ਼ੁਰੂ ਕਰ ਦਿੱਤੀ। ਸਿਰ ਵਿਚ ‘ਪਟਾਕ-ਪਟਾਕ’ ਪੈਂਦੀਆਂ ਚੱਪਲਾਂ ਨੇ ਸ਼ੰਮੀਂ ਦੀ ਸੁਰਤ ਬੌਂਦਲ਼ਾ ਦਿੱਤੀ।

-“ਗੁਲਾਮ ਤਾਂ ਤੁਸੀਂ ਸਾਰੇ ਮੈਨੂੰ ਸਮਝਦੇ ਈ ਸੀ, ਹੁਣ ਤੂੰ ਮੈਨੂੰ ਕੰਜਰੀ ਵੀ ਸਮਝਣ ਲੱਗ ਪਿਆ, ਦੁਸ਼ਟਾ..?” ਪਏ ਸ਼ੰਮੀਂ ਦੇ ਮੱਥੇ ਵਿਚ ਜਿੰਦਰ ਨੇ ਕਈ ਠੁੱਡ ਮਾਰ ਦਿੱਤੇ। ਸ਼ੰਮੀਂ ਜਿੰਦਰ ਦਾ ਚੰਡੀ ਰੂਪ ਦੇਖ ਕੇ ਸਹਿਮ ਗਿਆ ਸੀ। ਉਸ ਨੂੰ ਕਦਾਚਿੱਤ ਆਸ ਨਹੀਂ ਸੀ ਕਿ ਸੀਲ ਗਊ ਵਰਗੀ ਜਿੰਦਰ, ਟੁੱਟੀ ਛੈਣੀਂ ਵਾਂਗੂੰ ਕਪਾਲ਼ ’ਚ ਵੱਜੇਗੀ...?

-“ਹੁਣ ਬੋਲਦਾ ਨੀ...? ਸਾਰੇ ਟੱਬਰ ਦੇ ਸਾਹਮਣੇ ਈ ਸੁੱਚਾ ਸੂਰਮਾਂ ਬਣਿਆਂ ਫ਼ਿਰਦਾ ਸੀ ਨ੍ਹਾਂ...? ਹੁਣ ਲਾ ਹੱਥ, ਜੇ ਪਾੜ ਕੇ ਭਰਾੜ ਨਾ ਕਰ ਦਿਆਂ..!” ਉਸ ਨੇ ਮੁੜ ਉਸ ਦੇ ਚੁਪੇੜਾਂ ਠੋਕ ਦਿੱਤੀਆਂ।

-“.................।” ਸ਼ੰਮੀਂ ਸੁੱਸਰੀ ਬਣਿਆਂ ਬੈਠਾ ਸੀ।

-“ਹਰਾਮ ਦਿਆ, ਆਪਦੇ ਆਪ ਵਿਚ ਤੂੰ ਐਨਾਂ ਅੰਨ੍ਹਾਂ ਹੋ ਗਿਆ, ਬਈ ਤੈਨੂੰ ਭੈਣ-ਭਰਾ ਦਾ ਰਿਸ਼ਤਾ ਵੀ ਦਿਸਣੋਂ ਹੱਟ ਗਿਆ..? ਹੁਣ ਕੱਢ ਕੇ ਦਿਖਾਈਂ ਸਾਹ, ਜੇ ਭੁੰਨ ਕੇ ਖਾ ਨਾ ਗਈ..!” ਉਸ ਨੇ ਸ਼ੰਮੀਂ ਦੇ ਸਿਰ ’ਚ ਅੱਡੀ ਮਾਰੀ। ਸ਼ੰਮੀਂ ਕੱਟੇ ਵਾਂਗ ਅੜਿੰਗਿਆ।

-“ਹੁਣ ਕਰੂੰਗੀ ਉਹਨੂੰ ‘ਰੰਡੀ’ ਨੂੰ ਵੀ ਲੋਟ...! ਪਾੜੂੰ ਬੱਬਰ ਹਰਾਮਦੀ ਦਾ..! ਕੀ ਕਮਲ਼ੀ ਕਰਨਾ ਲਿਐ ਜੀਓ-ਜੀਅ ਨੇ..! ਮੈਨੂੰ ਨੀ ਲੋੜ ਥੋਡੇ ਇੰਗਲੈਂਡ ਦੀ, ਜਿੱਥੇ ਰਿਸ਼ਤਿਆਂ ਦਾ ਘਾਣ ਹੋਈ ਜਾਂਦੈ..! ਜਿੱਥੇ ਪਾਨੀ ਦੀ ਜਗਾਹ ਮਜਬੂਰੀਆਂ ਦੇ ਹਾਉਕੇ ਪੀਤੇ ਜਾਂਦੇ ਐ..!” ਅੱਕੀ ਹੋਈ ਜਿੰਦਰ ਨੇ ਇੱਕ ਅੱਡੀ ਸ਼ੰਮੀਂ ਦੇ ਹੋਰ ਮਾਰੀ, ਉਹ ਪਾਣੀਂ ਵਾਂਗ ਪੀ ਗਿਆ। ਕੁਸਕਿਆ ਤੱਕ ਨਾ!

ਜਿੰਦਰ ਸੌਣ ਚਲੀ ਗਈ।

ਸ਼ੰਮੀਂ ਮਸੀਤ ਦੇ ਕੁੱਤੇ ਵਾਂਗ ਇੱਕ ਖੂੰਜੇ ਲੱਗਿਆ ਕੁੱਟਿਆ ਸਰੀਰ ਪਲ਼ੋਸ ਰਿਹਾ ਸੀ।

ਅੱਜ ਜਿੰਦਰ ਜਿਵੇਂ ਵਰ੍ਹਿਆਂ ਬਾਅਦ ਸੁਖ ਅਤੇ ਸ਼ਾਂਤੀ ਦੀ ਨੀਂਦ ਸੁੱਤੀ ਸੀ।

ਰਾਤ ਨੂੰ ਭੂਆ ਫ਼ੁੱਫ਼ੜ ਹੋਰੀਂ ਕਦੋਂ ਆਏ? ਜਿੰਦਰ ਨੂੰ ਕੋਈ ਖ਼ਬਰ ਨਹੀਂ ਸੀ। ਉਹ ਬੜੇ ਆਰਾਮ ਨਾਲ਼, ਘੋੜ੍ਹੇ ਵੇਚ ਕੇ ਸੁੱਤੀ ਸੀ।

# ਜੱਗ ਨੂੰ ਹਸਾਉਂਦਾ ਨਾਲੇ ਮਹਿਣੇ ਮਾਰਦਾ 'ਦੇਵ ਸੰਗਤਪੁਰਾ'

## ਗੀਤਾਂ ਦੇ ਵਣਜਾਰੇ

-ਸੁਰਜੀਤ ਜੱਸਲ
98146-07737
ਪੰਜਾਬ ਮੇਲ USA



ਦੇਵ ਸੰਗਤਪੁਰਾ ਇੱਕ ਅਜਿਹਾ ਗੀਤਕਾਰ ਹੈ, ਜਿਸ ਨੇ ਘੱਟ ਲਿਖਿਆ ਪਰ ਚੰਗਾ ਲਿਖਿਆ। ਉਸਦੇ ਕੁਝ ਕੁ ਰਿਕਾਰਡ ਗੀਤਾਂ ਨੇ ਹੀ ਉਸਨੂੰ ਨਾਮੀ ਗੀਤਕਾਰਾਂ ਦੀ ਕਤਾਰ ਵਿਚ ਲਿਆ ਖੜ੍ਹਾਇਆ। ਉਸਦੀ ਲਿਖਣਸ਼ੈਲੀ ਬੇਹੱਦ ਪ੍ਰਭਾਵਸ਼ਾਲੀ ਤੇ ਵਜ਼ਨਦਾਰ ਰਹੀ। ਕਈ ਸਾਲ ਪਹਿਲਾਂ ਮੁਹੰਮਦ ਸਦੀਕ ਤੇ ਰਣਜੀਤ ਕੌਰ ਦੀ ਆਵਾਜ਼ ਵਿਚ ਈ.ਪੀ. ਰਿਕਾਰਡ 'ਸੁੱਚਾ ਸੂਰਮਾਂ ਨੂੰ ਨਰੈਣ ਸਿੰਘ ਦੀ ਚਿੱਠੀ' ਬਹੁਤ ਹਰਮਨ ਪਿਆਰਾ ਹੋਇਆ ਸੀ। ਉਸ ਵਿਚ 'ਨਰੈਣ ਸਿੰਘ ਦੀ ਚਿੱਠੀ ਦੇ ਜੁਆਬ ਵਿਚ ਬੀਰੋ ਤੇ ਨਰੈਣੇ ਦੀ ਵਾਰਤਾਲਾਪ ਪੇਸ਼ ਕਰਦਾ ਅਗਲਾ ਗੀਤ 'ਤੂੰ ਭਾਵੇਂ ਮਾਰ ਦੇ ਨਿਸੰਗ ਪਤੀ ਜੀ -ਘੂਰੇ ਨਾ ਤਲੰਗਾਂ ਜਾ' ਪੰਜਾਬੀ ਸੰਗੀਤ 'ਚ ਮੀਲ ਪੱਧਰ ਸਾਬਤ ਹੋਇਆ। ਇਸ ਗੀਤ ਦੀ ਚੜ੍ਹਤ ਨਾਲ ਦੇਵ ਦੀ ਕਲਮ ਦੀ ਚਰਚਾ ਹੱਟੀ-ਭੱਠੀ ਹੋਣ ਲੱਗੀ ਪਰ ਸੰਗਤਪੁਰਾ ਪਿੰਡ ਦਾ ਹੋਣ ਕਰਕੇ ਇਸ ਗੀਤ ਨੂੰ ਬਹੁਤੇ ਸਰੋਤੇ ਗੁਰਨਾਮ ਗਾਮੀ ਸੰਗਤਪੁਰਾ (ਸਮਰਾਲਾ) ਦਾ ਹੀ ਸਮਝਦੇ ਰਹੇ। ਦੇਵ ਦੇ ਸਰੋਤਿਆਂ 'ਚ ਇਹ ਭੁਲੇਖਾ ਅੱਜ ਵੀ ਹੋਵੇਗਾ, ਜੋ ਇਹ ਲੇਖ ਪੜ੍ਹਦਿਆਂ ਦੂਰ ਹੋ ਜਾਵੇਗਾ।

ਮੋਗਾ ਜ਼ਿਲ੍ਹਾ ਦੇ ਪਿੰਡ ਸੰਗਤਪੁਰਾ (ਨੇੜੇ ਭਗਤਾ ਭਾਈਕਾ) ਵਿਚ ਪਿਤਾ ਗੁਰਨਾਮ ਸਿੰਘ ਤੇ ਮਾਤਾ ਹਰ ਕੌਰ ਦੇ ਘਰ 6 ਜਨਵਰੀ, 1955 ਨੂੰ ਜਨਮੇ ਸੁਖਦੇਵ ਸਿੰਘ ਨੂੰ ਨਿੱਕੇ ਹੁੰਦਿਆਂ ਗੀਤ ਸੁਣਨ ਦਾ ਬਹੁਤ ਸ਼ੌਂਕ ਸੀ। ਜਦ ਵੀ ਪਿੰਡ 'ਚ ਕਿਸੇ ਵਿਆਹ 'ਤੇ ਸਪੀਕਰ ਵਾਲਾ ਆਉਂਦਾ, ਤਾਂ ਉਹ ਸਾਰਾ-ਸਾਰਾ ਦਿਨ ਜੰਝ ਘਰ ਵਿਚ ਉਸਦੇ ਕੋਲ ਬੈਠਾ ਰਹਿੰਦਾ। ਇਸੇ ਸ਼ੌਂਕ ਸਦਕਾ ਉਹ ਸਕੂਲ ਕਾਲਜ ਦੇ ਦਿਨਾਂ ਵਿਚ ਗੀਤ ਲਿਖਣ ਲੱਗ ਪਿਆ। ਹਰੇਕ ਨਵੀਂ ਲਿਖੀ ਰਚਨਾ ਉਹ ਆਪਣੇ ਯਾਰਾਂ ਦੋਸਤਾਂ ਨੂੰ ਸੁਣਾਉਂਦਾ ਤਾਂ ਉਹ ਕਿਸੇ ਗਾਇਕ ਤੋਂ ਰਿਕਾਰਡ ਕਰਾਉਣ ਦੀ ਸਲਾਹ ਦਿੰਦੇ। ਫ਼ਿਰ ਉਸਦਾ ਸੰਪਰਕ ਨੇੜਲੇ ਪਿੰਡ ਥਰਾਜ ਦੇ ਗੁਰਜੰਟ ਵਿਰਕ ਨਾਲ ਹੋ ਗਿਆ। ਗੁਰਜੰਟ ਨੂੰ ਗਾਉਂਣ ਦਾ ਸ਼ੌਂਕ ਹੁੰਦਾ ਸੀ ਤੇ ਦੇਵ ਨੂੰ ਲਿਖਣ ਦਾ। ਗੁਰਜੰਟ ਦੀ ਕਈ ਨਾਮੀ ਗਾਇਕਾਂ ਤੱਕ ਪਹੁੰਚ ਸੀ। ਕੁਲਦੀਪ ਮਾਣਕ ਨਾਲ ਤਾਂ ਉਸਦਾ ਭਰਾਵਾਂ ਵਰਗਾ ਨਾਤਾ ਸੀ। ਗੁਰਜੰਟ ਨੇ ਦੇਵ ਦੇ ਲਿਖੇ ਕਈ ਗੀਤ ਸਟੇਜਾਂ 'ਤੇ ਵੀ ਗਾਏ। ਮੁਹੰਮਦ ਸਦੀਕ ਦੀ ਆਵਾਜ਼ 'ਚ ਰਿਕਾਰਡ ਚਰਚਿਤ ਗੀਤ 'ਸੁੱਚਾ ਸਿੰਘ ਨੂੰ ਨਰੈਣ ਸਿੰਘ ਦੀ ਚਿੱਠੀ' ਪਹਿਲਾਂ ਗੁਰਜੰਟ ਵਿਰਕ ਅਕਸਰ ਹੀ ਸਟੇਜਾਂ 'ਤੇ ਗਾਉਂਦਾ ਹੁੰਦਾ ਸੀ। ਇਹ ਗੀਤ



ਗੁਰਜੰਟ ਤੇ ਦੇਵ ਨੇ ਰਲ ਕੇ ਲਿਖਿਆ ਸੀ। ਇਹ ਗੀਤ ਬਹੁਤ ਹਰਮਨ ਪਿਆਰਾ ਹੋਇਆ। ਇਸ ਗੀਤ ਨਾਲ ਹੀ ਉਸਦੇ ਦੋ ਹੋਰ ਗੀਤ 'ਨੀਂ ਸੁਣ ਬੱਕੀਏ.....(ਮੁਹੰਮਦ ਸਦੀਕ)' ਅਤੇ 'ਗੋਡੇ ਮੁੱਢ ਬੈਠ ਕੇ ਨਰੈਣ ਸਿੰਘ ਦੇ ਬੀਰੋ ਲਾਵੇ ਲੂਤੀਆਂ...' (ਰਣਜੀਤ ਕੌਰ) ਵੀ ਰਿਕਾਰਡ ਹੋਇਆ। ਇਸ ਗੀਤ ਨੇ ਦੇਵ ਦੀ ਪਛਾਣ ਬਣਾ ਦਿੱਤੀ। ਉਸਨੂੰ ਲਿਖਣ ਦੀ ਹੋਰ ਹੱਲਾਸ਼ੇਰੀ ਮਿਲੀ ਪਰ ਦੇਵ ਦਾ ਗੀਤਕਾਰੀ ਵੱਲ ਝੁਕਾਓ ਬਹੁਤੀ ਦੇਰ ਨਾ ਰਿਹਾ, ਜਦ ਉਹ ਪੰਜਾਬ ਪੁਲਿਸ ਵਿਚ



ਭਰਤੀ ਹੋਇਆ, ਤਾਂ ਉਸਦੀ ਜ਼ਿੰਦਗੀ ਰੁਝੇਵਿਆਂ ਭਰੀ ਹੋ ਗਈ ਪਰ ਸਮਾਂ ਮਿਲਣ 'ਤੇ ਉਹ ਆਪਣੇ ਮਨ ਦੇ ਵਲਵਲੇ ਕਲਮ ਹਵਾਲੇ ਕਰਦਾ ਰਿਹਾ ਪਰ ਗਾਇਕ ਕਲਾਕਾਰਾਂ ਨਾਲ ਉਸਦੀ ਦੂਰੀ ਬਣਦੀ ਗਈ, ਜਦ ਉਸਦੀ ਡਿਊਟੀ ਫਰੀਦਕੋਟ ਸੀ, ਤਾਂ ਉਸਨੇ ਆਪਣੇ ਕੁਝ ਗੀਤ ਕਰਤਾਰ ਰਮਲਾ ਨੂੰ ਵਿਖਾਏ, ਤਾਂ ਉਸਨੇ ਗੀਤਾਂ ਦੀ ਤਾਰੀਫ਼ ਕਰਦਿਆਂ ਉਸਦੀ ਗਾਉਣ-ਸ਼ੈਲੀ ਮੁਤਾਬਕ ਲਿਖਣ ਨੂੰ ਕਿਹਾ, ਤਾਂ ਉਸਨੇ ਕੁਝ ਹੀ ਦਿਨਾਂ ਮਗਰੋਂ ਬਿਲਕੁੱਲ ਨਵੇਂ ਵਿਸ਼ੇ 'ਤੇ ਦੋਗਾਣਾ 'ਅੱਜ ਬਣ ਜੇ ਭਾਵੇਂ ਕੱਲ ਬਣਜੇ' ਲਿਖਕੇ ਦਿੱਤਾ, ਜੋ ਰਿਕਾਰਡ ਹੋਣ 'ਤੇ ਬਹੁਤ ਮਕਬੂਲ ਹੋਇਆ। ਇਸ ਤੋਂ ਬਾਅਦ ਇੱਕ ਹੋਰ ਗੀਤ 'ਮੈਂ ਹਰਖਾਂ ਦੀ ਪੱਟੀ' ਵੀ ਵੱਡੇ ਤਵੇ 'ਤੇ ਰਿਕਾਰਡ ਹੋਇਆ।

ਦੇਵ ਖੇਤੀਬਾੜੀ ਕਰਨ ਵਾਲੇ ਪਰਿਵਾਰ 'ਚੋ ਸੀ, ਜਿਸ ਕਰਕੇ ਉਹ ਪਿੰਡਾਂ ਦੇ ਕਲਚਰ, ਮਾਹੌਲ ਅਤੇ ਲੋਕਾਂ ਨਾਲ ਜੁੜਿਆ ਹੋਇਆ ਲਿਖਾਰੀ ਸੀ। ਉਸਦੇ ਨੇੜਲੇ ਮਿੱਤਰ ਦੱਸਦੇ ਹਨ ਕਿ ਦੇਵ ਨੂੰ ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਂਕ ਸੀ। ਉਸਨੇ ਹੀਰ ਰਾਂਝਾ, ਸੱਸੀ, ਸੋਹਣੀ, ਬੇਗੋ ਨਾਰ, ਹਰਫੂਲ ਡਾਕੂ, ਸੁੱਚਾ ਸੂਰਮਾ ਆਦਿ ਦੇ ਪੁਰਾਣੇ 'ਚਿੱਠੇ' ਪੜ੍ਹੇ ਹੋਏ ਸੀ, ਜਿਸ ਕਰਕੇ ਉਹ ਗੀਤ ਜੋੜਨ ਦੀ ਕਲਾ 'ਚ ਪੂਰਾ ਮਾਹਰ ਹੋ ਗਿਆ।

ਗੀਤਕਾਰ ਸੁਖਦੇਵ ਸਿੰਘ ਸੰਗਤਪੁਰਾ ਹੁਣ ਇਸ ਦੁਨੀਆਂ 'ਚ ਨਹੀਂ ਹੈ। ਕਈ ਸਾਲ ਪਹਿਲਾਂ ਮਾਮੂਲੀ ਬਿਮਾਰ ਹੋਣ ਮਗਰੋਂ ਉਹ ਆਪਣੇ ਪਿੱਛੇ ਪਤਨੀ ਅਮਰਜੀਤ ਕੌਰ ਤੇ ਦੋ ਬੇਟੀਆਂ ਨੂੰ ਛੱਡ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ। ਉਸਦੀ ਵੱਡੀ ਬੇਟੀ ਰਮਨਦੀਪ ਕੌਰ ਆਪਣੇ ਪਿਤਾ ਜੀ ਵਾਂਗ ਪੰਜਾਬ ਪੁਲਿਸ ਦੀ ਮੁਲਾਜ਼ਮ ਹੈ ਤੇ ਛੋਟੀ ਸੰਦੀਪ ਕੌਰ ਮੈਰਿਜ ਤੋਂ ਬਾਅਦ ਕੈਨੇਡਾ ਰਹਿ ਰਹੀ ਹੈ। ਦੇਵ ਹੁਣ ਇਸ ਦੁਨੀਆਂ ਵਿਚ ਨਹੀਂ ਹੈ ਪਰ ਉਸਦੇ ਗੀਤ ਅੱਜ ਵੀ ਸੁਣੇ ਜਾਂਦੇ ਹਨ। ਇਨ੍ਹਾਂ ਗੀਤਾਂ ਨੇ ਦੇਵ ਨੂੰ ਸੰਗੀਤ ਇਤਿਹਾਸ ਵਿਚ ਅਮਰ ਕਰ ਦਿੱਤਾ ਹੈ।

# ਨਸ਼ਾ ਸਰਕਾਰਾਂ ਅਤੇ ਮਾਪੇ

ਜਸਵੰਤ ਸਿੰਘ ਜੋਗਾ
62396-43306
ਪੰਜਾਬ ਮੇਲ USA



ਭਾਰਤ ਦੇ ਸਾਰੇ ਰਾਜਾਂ ਵਿਚ ਨਸ਼ਾ ਵਿਕਦਾ ਤੇ ਵੇਚਿਆ ਜਾਂਦਾ ਹੈ। ਉਹ ਚਾਹੇ ਸਰਕਾਰਾਂ ਤੇ ਵੱਡੇ ਲੋਕਾਂ ਦੇ ਸ਼ਹਿ 'ਤੇ ਹੋਵੇ। ਪਰ ਸਭ ਤੋਂ ਜ਼ਿਆਦਾ ਰੌਲਾ ਨਸ਼ਿਆਂ ਦੇ ਨਾਮ 'ਤੇ ਪੰਜਾਬ ਵਿਚ ਪਾਇਆ ਜਾਂਦਾ ਤੇ ਪਾਇਆ ਜਾ ਰਿਹਾ ਹੈ। ਕਦੇ ਕੈਪਟਨ ਨੇ ਸੌਂਹ ਖਾਧੀ ਸੀ ਕਿ ਮੈਂ ਪੰਜਾਬ 'ਚੋਂ ਨਸ਼ਾ ਖਤਮ ਕਰੂ, ਉਨ੍ਹਾਂ ਤੋਂ ਵੀ ਸਰਕਾਰ ਰਹਿੰਦਿਆਂ ਕੁਝ ਨੀਂ ਹੋਇਆ, ਫੇਰ ਵਾਰੀ ਆਈ ਹੁਣ ਆਲੀ ਸਰਕਾਰ ਦੀ ਜਿਹੜੀ ਬਦਲਾਅ ਦਾ ਨਾਅਰਾ ਲਾ ਕੇ ਸਰਕਾਰ 'ਚ ਆਈ, ਇਸ ਤੋਂ ਵੀ ਕੁਝ ਜ਼ਿਆਦਾ ਕੁਝ ਨੀ ਹੋ ਰਿਹਾ। ਸਰਕਾਰਾਂ ਚਾਹੁਣ ਤਾਂ ਸਭ ਕੁਝ ਕਰ ਸਕਦੀਆਂ ਪਰ ਜਿਹੜੇ ਸ਼ਰਾਬ ਨੂੰ ਨਸ਼ਾ ਹੀ ਨਾ ਮੰਨਦੇ ਹੋਣ, ਉਨ੍ਹਾਂ ਤੋਂ ਤੁਸੀਂ ਕਿਹੜੀ ਆਸ ਰੱਖਦੇ ਹੋ। ਸਰਕਾਰ ਦੀ ਮਹੀਨਿਆਂਬੱਧੀ ਇੱਕਲੀ ਸਰਕਾਰ ਤੋਂ ਆਮਦਨ ਕਰੋੜਾਂ ਵਿਚ ਹੁੰਦੀ ਹੈ, ਕੀ ਉਹ ਇਸਨੂੰ ਬੰਦ ਕਰਨਗੇ। ਅੱਜ ਸਰਕਾਰਾਂ ਲੋਕਾਂ ਦੇ ਪੁੱਤ ਮਰਨ ਤੋਂ ਬਾਦ ਕਹਿੰਦੀਆਂ ਨੇ, ਕਲਾਕਾਰ ਹਥਿਆਰਾਂ ਆਲੇ ਗੀਤ ਨਾ ਗਾਉਣ, ਕਦੇ ਇਹੀ ਸਰਕਾਰਾਂ ਕਹਿਣਗੀਆਂ ਕਿ ਨਸ਼ਿਆਂ 'ਤੇ ਗੀਤ ਗਾਉਣੇ ਬੰਦ ਕਰੋ।

ਸੋਚਣ ਵਾਲੀ ਗੱਲ ਹੈ ਕਿ ਪੁਲਿਸ ਦੁਆਰਾ ਫੜਿਆ ਨਸ਼ਾ ਆਖਰ ਕਿੱਥੇ ਆ। ਵੱਡਿਆ ਸ਼ਹਿਰਾਂ ਤੋਂ ਛੋਟਿਆ ਪਿੰਡਾਂ ਦੇ ਕੁਝ ਥਾਵਾਂ 'ਤੇ ਸ਼ਰੇਆਮ ਨਸ਼ਾ ਆਖਿਰ ਵਿਕਦੀ ਕਿਸਦੀ ਸ਼ਹਿ 'ਤੇ ਆ। ਪੁਲਿਸ ਦੀ ਸ਼ਹਿ 'ਤੇ ਵਿਕਦਾ ਤਾਂ ਇਹ ਬੰਦ ਕਿਉਂ ਨੀ



ਕੀਤਾ ਜਾ ਰਿਹਾ। ਕਿੰਨੇ ਹੀ ਲੋਕਾਂ ਦੇ ਸਵਾਲ ਹੋਣਗੇ ਪਰ ਜਵਾਬ ਕਿਸੇ ਨਾ ਦੇਣਾ, ਨਾ ਕਿਸੇ ਨੇ ਦਿੱਤਾ? ਅੱਜ ਨਹੀਂ ਤਾਂ ਕੱਲ੍ਹ ਸਾਨੂੰ ਆਸ ਛੱਡ ਦੇਣੀ ਚਾਹੀਦੀ ਹੈ ਕਿ ਸਰਕਾਰਾਂ ਕਦੇ ਨਸ਼ੇ ਬੰਦ ਕਰਨਗੀਆਂ।

ਨਸ਼ਿਆਂ ਤੋਂ ਆਪਣੇ ਬੱਚਿਆਂ ਨੂੰ ਬਚਾਉਣਾ ਹੈ, ਤਾਂ ਉਹ ਕਰੋ, ਜੋ ਮੇਰੇ ਬਾਪੂ ਨੇ ਕਰਿਆ ਸੀ। ਮੇਰਾ ਬਾਪੂ ਕੁਝ ਸਮਾਂ ਸ਼ਰਾਬ ਦਾ ਨਾਜਾਇਜ਼ ਆਦੀ ਰਿਹਾ, ਬਾਦ ਵਿਚ ਇੱਕਦਮ ਸੋਫੀ ਬਣਿਆ। ਮੈਂ ਉਦੋਂ ਪੰਜਵੀਂ ਜਮਾਤ 'ਚ ਪੜ੍ਹਦਾ ਸੀ, ਜਦੋਂ ਮੇਰਾ ਇੱਕ ਦੋਸਤ ਛੋਟੀ ਉਮਰੇ ਨਸ਼ਿਆਂ 'ਚ ਪੈਣਾ ਸ਼ੁਰੂ ਹੋ ਗਿਆ ਸੀ। ਮੇਰਾ ਬਾਪੂ ਮੇਰੇ ਉਦੋਂ ਹੀ ਕੁਟਾਪਾ ਚਾੜ੍ਹ ਦਿੰਦਾ, ਜਦੋਂ ਵੀ ਮੈਨੂੰ ਉਸ ਨਾਲ ਵੇਖਦਾ। ਮੈਂ ਆਪਣੇ ਬਾਪੂ ਜੀ ਨੂੰ ਬੜਾ ਕਹਿੰਦਾ ਕਿ ਬਾਪੂ ਫਿਕਰ ਨਾ ਕਰ ਤੇਰਾ ਪੁੱਤ ਨਸ਼ਿਆਂ 'ਚ ਨੀਂ ਪੈਂਦਾ ਪਰ ਬਾਪੂ ਨੇ ਸਭ ਹੰਢਾਇਆ ਹੋਇਆ ਸੀ। ਫੇਰ ਵੀ ਮੇਰੇ 'ਤੇ ਪੈਨੀ ਨਜ਼ਰ ਰੱਖਦਾ ਸੀ। ਮੇਰੇ ਬਾਪੂ ਜੀ ਦਾ ਮੇਰੇ 'ਤੇ ਇੰਨਾ ਡਰ ਸੀ ਕਿ ਮੈਂ ਉਸਦੇ ਕੰਮ ਤੋਂ ਘਰੇ ਆਉਣ ਤੋਂ ਪਹਿਲਾਂ-ਪਹਿਲਾਂ ਘਰ ਹੁੰਦਾ ਸੀ। ਇੱਕ ਦਿਨ ਅਜਿਹਾ ਆਇਆ ਇੰਨੇ ਡਰ ਦੇ ਬਾਵਜੂਦ ਵੀ ਮੈਂ ਇੱਕ ਦਿਨ ਉਸ ਦੋਸਤ ਲਈ ਸਿਗਰਟਾਂ ਲੈ ਕੇ ਉਸ ਕੋਲ ਗਿਆ। ਕਿਸੇ ਨੇ ਮੇਰੇ ਤਾਇਆ ਜੀ ਕੋਲ ਸੂਹ ਦਿੱਤੀ, ਵੀ ਤੇਰਾ ਭਤੀਜਾ ਸਿਗਰਟਾਂ ਪੀ ਰਿਹਾ ਸੀ, ਤਾਇਆ ਚਾਹੇ ਰੋਜ਼ਾਨਾਂ ਬੀੜੀਆਂ ਪੀਣ ਦਾ ਆਦੀ ਸੀ ਪਰ ਮੈਨੂੰ ਉਸਨੇ ਉਹ ਕੁਟਾਪਾ ਚਾੜ੍ਹਿਆ, ਜੋ ਮੈਂ ਅੱਜ ਤੱਕ ਨੀ ਭੁੱਲਿਆ। ਉਹ ਦਿਨ ਦੂਰ ਮੈਂ ਅੱਜ ਤੱਕ ਤਾਏ ਦੀ ਉਸ ਕੁੱਟ ਦੇ ਸਦਕਾ ਅੱਜ ਤੱਕ ਕਿਸੇ ਨਸ਼ੇ ਨੂੰ ਹੱਥ ਨੀ ਲਾਇਆ। ਉਸ ਦੇ ਉਲਟ ਮੇਰਾ ਦੋਸਤ ਅੱਜ ਨਸ਼ਿਆਂ ਦਾ ਆਦੀ ਹੋ ਗਿਆ। ਪਹਿਲਾਂ ਸਿਗਰਟਾਂ ਨਾਲ ਸੁਲਫਾ, ਫੇਰ ਸ਼ਰਾਬ, ਕਰੈਕਸ, ਫੇਰ ਚਿੱਟਾ ਹੋਰ ਪਤਾ ਨੀ ਕੀ-ਕੀ। ਮੈਂ ਇਹ ਸਭ ਦਾ ਜ਼ਿਕਰ ਇਸ ਲਈ ਕੀਤਾ ਕਿ ਸਰਕਾਰਾਂ ਨਸ਼ੇ ਸਾਡੇ ਧੀਆਂ ਪੁੱਤਾਂ ਦੇ ਮੂੰਹ ਵਿਚ ਨੀਂ ਪਾਉਂਦੀਆਂ। ਮੰਨਿਆ ਕਿ ਸਰਕਾਰਾਂ ਨਸ਼ੇ ਵਿਕਾਉਂਦੀਆਂ ਨੇ, ਨਾ ਖਰੀਦੋ, ਖਰੀਦਣ ਦਾ ਲੋੜ ਤੁਹਾਨੂੰ ਹੈ ਤੇ ਖਰੀਦ ਰਹੇ ਹੋ।

ਫਰਜ਼ ਕਰੋ, ਤੁਸੀਂ ਠੇਕੇ ਅੱਗੇ ਖੜ੍ਹੇ ਹੋ, ਤੁਸੀ ਠੇਕੇ 'ਤੇ ਤਾਂ ਹੀ ਸ਼ਰਾਬ ਖਰੀਦੋਗੇ, ਜੇ ਤੁਹਾਨੂੰ ਸ਼ਰਾਬ ਦੀ ਲੋੜ ਹੈ। ਮੈਨੂੰ ਕੋਈ ਫਰੀ ਵਿਚ ਸ਼ਰਾਬ ਦੇਵੇ ਮੈਂ ਕਿਉਂ ਲਉ ਕਿਉਂਕਿ ਮੈਨੂੰ ਲੋੜ ਹੀ ਨਹੀਂ। ਮੇਰੇ ਸਾਹਮਣੇ ਨਸ਼ਿਆਂ ਦਾ ਢੇਰ ਲੱਗਿਆ ਹੋਵੇ, ਮੈਂ ਨਸ਼ਾਂ ਫੇਰ ਹੀ ਚੁੱਕੂ, ਜੇ ਮੈਨੂੰ ਲੋੜ ਹੋਉ।

ਮਾਪਿਆਂ ਨੂੰ ਚਾਹੀਦਾ ਕਿ ਆਪਣੇ ਬੱਚਿਆਂ ਨੂੰ ਬਚਪਨ ਵਿਚ ਹੀ ਚੰਗੀ ਸਿੱਖਿਆ ਦਿਓ, ਉਨ੍ਹਾਂ ਵਿਚ ਘੱਟੋ-ਘੱਟ ਤੁਹਾਡਾ ਸਤਿਕਾਰ ਹੋਵੇ, ਗੱਲ ਡਰਾ ਕੇ ਰੱਖਣ ਦੀ ਨਹੀਂ, ਗੱਲ ਤੁਹਾਡੀ ਭਾਵਨਾ ਨੂੰ ਸਮਝਣ ਦੀ ਹੈ ਕਿ ਬੱਚੇ ਕੋਈ ਨਸ਼ਾ ਕਰਨ ਤੋਂ ਪਹਿਲਾਂ ਸੌ ਵਾਰੀ ਸੋਚਣ ਕਿ ਮੇਰੇ ਬਾਪੂ ਜੀ ਨੇ ਮੈਨੂੰ ਇਸ ਕੰਮ ਤੋਂ ਰੁਕਣ ਲਈ ਕਿਹਾ, ਤਾਂ ਮੈਨੂੰ ਰੁਕਣਾ ਚਾਹੀਦਾ। ਜਦੋਂ ਅਜਿਹਾ ਨਹੀਂ ਹੁੰਦਾ, ਤਾਂ ਇਹੀ ਵਿਗੜੀ ਹੋਈ ਸੋਚ ਚੰਗੀਆਂ ਭਲੀਆਂ ਮੈਡੀਕਲ ਦਵਾਈਆਂ ਨੂੰ ਵੀ ਨਸ਼ਾ ਬਣਾ ਦਿੰਦੀ ਹੈ। ਕੀ ਇਹ ਕੁਝ ਕਰਨ ਲਈ ਸਰਕਾਰਾਂ ਕਹਿੰਦੀਆਂ ਨੇ। ਨਹੀਂ, ਇਸ ਵਿਚ ਕਸੂਰ ਸਾਡਾ ਆਪਣਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਚੰਗੀ ਸੋਚ ਨੀਂ ਦੇ ਰਹੇ, ਉਸਦੇ ਚੰਗੇ ਮਾੜੇ ਦੀ ਫਿਕਰ ਨੀਂ ਕਰਦੇ। ਇੱਥੇ ਹੁਣ ਇੱਕ ਗੱਲ ਸੁਭਾਵਿਕ ਹੈ ਕਿ ਜੇ ਤਾਂ ਪਿਉ ਨਸ਼ਿਆਂ ਤੋਂ ਰਹਿਤ ਹੋਊ, ਤਾਂਹੀ ਬੱਚੇ ਨਸ਼ਿਆਂ ਤੋਂ ਰਹਿਤ ਹੋਣਗੇ। ਸੋ ਪਹਿਲਾਂ ਖੁਦ ਬਦਲੋ, ਫਿਰ ਦੂਸਰਿਆਂ ਨੂੰ ਬਦਲੋ। ਸਰਕਾਰ 'ਤੇ ਆਸ ਨਾ ਰੱਖੋ ਕਿ ਨਸ਼ਾ ਬੰਦ ਕਰਨਗੀਆਂ। "ਤੁਸੀਂ ਵਿਕਦੇ ਨਸ਼ਿਆਂ ਤੋਂ ਆਪਣੇ ਪੁੱਤਾਂ ਧੀਆਂ ਨੂੰ ਜਾਗ੍ਰਿਤ ਕਰਕੇ ਉਨ੍ਹਾਂ ਦੇ ਗ੍ਰਾਹਕ ਬਣਨ 'ਤੇ ਰੋਕ ਲਾਵੋ। ਕਿਉਂਕਿ ਜਿਸ ਦੁਕਾਨ ਦੇ ਗ੍ਰਾਹਕ ਨਾ ਹੋਣ, ਉਹ ਆਪੇ ਬੰਦ ਹੋ ਜਾਂਦੀਆਂ ਨੇ।

# ਲਿੰਗਕ ਅਸਮਾਨਤਾ ਦਾ ਹੱਲ ਆਰਥਿਕ ਆਜ਼ਾਦੀ !

-ਰਾਜਿੰਦਰ ਕੌਰ ਚੋਹਕਾ
91-98725-44738
001-403-285-4208
ਪੰਜਾਬ ਮੇਲUSA



"ਜਦੋਂ ਤੱਕ ਇਸਤਰੀਆਂ ਨੂੰ ਆਮ ਤੌਰ 'ਤੇ ਨਾ, ਕੇਵਲ ਰਾਜਸੀ ਜ਼ਿੰਦਗੀ ਵਿਚ, ਸਗੋਂ ਤੇ ਨਿੱਤ ਦਿਹਾੜੀ ਦਾ ਅਤੇ ਆਮ ਜਨਤਕ ਸੇਵਾਵਾਂ ਵਿਚ ਸੁਤੰਤਰ ਤੌਰ 'ਤੇ ਹਿੱਸਾ ਲੈਣ ਲਈ ਨਹੀਂ ਲਿਆਂਦਾ ਜਾਂਦਾ, ਤਾਂ ਉਸ ਸਮੇਂ ਤੱਕ ਸੋਸ਼ਲਿਜ਼ਮ ਤਾਂ ਕੀ, ਸਗੋਂ ਤੇ ਸੰਪੂਰਨ ਤੇ ਹੰਢਣਸਾਰ ਜਨਵਾਦ ਦੀ ਗੱਲ ਕਰਨ ਦਾ ਕੋਈ ਲਾਭ ਨਹੀਂ ਹੈ।" (ਵੀ.ਆਈ. ਲੈਨਿਨ)

ਇਸਤਰੀਆਂ ਪ੍ਰਤੀ ਇਹੋ ਜਿਹੀ ਸੋਚ ਅਤੇ ਸਮਝ ਨੂੰ ਭਾਵੇਂ ਸਾਰੇ ਦੇਸ਼ਾਂ ਦੇ ਨਵੀਨ ਨੀਤੀਵਾਨ ਤੇ ਵਿਦਵਾਨ ਠੀਕ ਮੰਨ ਰਹੇ ਹਨ, ਪਰ ਅਜੇ ਤੱਕ ਵੀ ਨਾ ਤਾਂ ਵਿਕਾਸਸ਼ੀਲ ਦੇਸ਼ਾਂ 'ਤੇ, ਨਾ ਹੀ ਵਿਕਸਤ ਦੇਸ਼ਾਂ ਵਿਚ ਇਸਤਰੀਆਂ ਨੂੰ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤੌਰ 'ਤੇ ਪੂਰੀ ਆਜ਼ਾਦੀ ਮਿਲੀ ਹੈ। ਉਸ ਨੂੰ ਅਜੇ ਤੱਕ ਵੀ ਆਪਣੇ ਹੱਕ ਲੈਣ ਲਈ ਲੰਬੇ ਸੰਘਰਸ਼ ਕਰਨੇ ਪੈਣਗੇ।

ਭਾਵੇਂ ਅੱਜ ਅਸੀਂ 21ਵੀਂ ਸਦੀ ਦੀ ਆਰਥਿਕਤਾ ਦੇ ਮੁਕਾਬਲੇ ਅੰਦਰ ਦਾਖਲ ਹੋਣ ਦੀਆ ਡੀਗਾਂ ਤਾਂ ਮਾਰ ਰਹੇ ਹਾਂ, ਇਹ ਵੀ ਕਹਿ ਰਹੇ ਹਾਂ ਕਿ ਇਸਤਰੀ ਜੋ ਸਮਾਜ ਦੀ ਸਿਰਜਕ ਅਤੇ ਜਨਨੀ ਹੈ, ਨੇ ਦੇਸ਼ ਅੰਦਰ ਕਈ ਖੇਤਰਾਂ 'ਚ ਪ੍ਰਾਪਤੀਆਂ ਕੀਤੀਆਂ ਹਨ। ਭਾਵੇਂ ਉਹ ਵਿਅਕਤੀਗਤ ਪ੍ਰਾਪਤੀਆਂ ਹੀ ਸਨ ? ਪਰ ਉਹ ਪ੍ਰਾਪਤੀਆਂ ਸਮੁੱਚੇ ਦੇਸ਼ ਅੰਦਰ ਇਸਤਰੀ ਵਰਗ ਦੇ ਆਰਥਿਕ ਆਜ਼ਾਦੀ, ਸਿੱਖਿਆ, ਸਿਹਤ, ਰੁਜ਼ਗਾਰ ਅਤੇ ਸਮਾਜਿਕ ਬਰਾਬਰਤਾ ਦੇ ਪਿੜ ਅੰਦਰ ਅਜੇ ਵੀ ਤੁੱਛ ਹਨ। ਉਸ ਨੂੰ ਅਜੇ ਹੋਰ ਲੰਬਾ ਸੰਘਰਸ਼ ਕਰਨਾ ਪੈਣਾ ਹੈ। ਕਿਉਂਕਿ ਉਸ ਦੀਆਂ ਪ੍ਰਾਪਤੀਆਂ ਦੇ ਮੁਕਾਬਲੇ, ਉਸ ਦੀਆਂ ਦੁਸ਼ਵਾਰੀਆਂ ਘਟਣ ਦੀ ਬਜਾਏ ਹੋਰ ਵੱਧ ਰਹੀਆਂ ਹਨ। "ਸੰਸਾਰ ਆਰਥਿਕ ਸੋਚ" 2024 ਦੀ ਰਿਪੋਰਟ 'ਇਸਤਰੀ ਲਿੰਗਕ ਅਸਮਾਨਤਾ' ਦੇ ਮਾਮਲੇ ਵਿਚ ਭਾਰਤ 146 ਦੇਸ਼ਾਂ ਦੀ ਸੂਚੀ 'ਚ 129ਵੇਂ ਸਥਾਨ 'ਤੇ ਸੀ। ਹੁਣ ਉਹ ਹੋਰ ਹੇਠਾਂ ਚਲਾ ਗਿਆ ਹੈ। ਦੇਸ਼ ਦੇ ਸੰਵਿਧਾਨ ਦੀ ਧਾਰਾ 14 ਤੋਂ ਲੈ ਕੇ 18 ਤੱਕ ਸਮਾਨਤਾ ਦੇ ਅਧਿਕਾਰਾਂ ਤਹਿਤ, ਹਰ ਤਰ੍ਹਾਂ ਦੇ ਲਿੰਗਕ-ਤੌਰ 'ਤੇ ਭੇਦ-ਭਾਵ ਨਾ ਕਰਨ ਦੀ ਪ੍ਰੋੜਤਾ ਕੀਤੀ ਗਈ ਹੈ। ਸੰਵਿਧਾਨ ਦੇ ਮੌਲਿਕ ਅਧਿਕਾਰਾਂ ਅਤੇ ਨੀਤੀ ਨਿਰਦੇਸ਼ਾਂ ਵਿਚ ਇਸਤਰੀਆਂ ਦੀ ਸੁਰੱਖਿਆ, ਉਨ੍ਹਾਂ ਦਾ ਸਨਮਾਨ, ਵਿਕਾਸ ਤੇ ਭੇਦ-ਭਾਵ ਨਾ ਕਰਨ ਦੇ ਨਿਰਦੇਸ਼ ਦਿੱਤੇ ਹਨ।



ਭਾਰਤ ਦੇ ਸੰਵਿਧਾਨ ਅੰਦਰ ਇਸਤਰੀਆਂ ਅਤੇ ਬੱਚੀਆਂ ਲਈ ਬਰਾਬਰਤਾ ਦੇ ਮੌਕੇ, ਅਧਿਕਾਰ ਅਤੇ ਸੁਰੱਖਿਆ ਦੇਣ ਲਈ ਕਿਹਾ ਗਿਆ ਹੈ। ਸਾਰੇ ਹੀ ਖੇਤਰਾਂ ਅੰਦਰ ਇਸਤਰੀਆਂ ਨਾਲ ਰਾਜਾਂ ਅੰਦਰ ਵੀ ਬਰਾਬਰਤਾ ਦੇ ਮੌਕੇ ਪ੍ਰਦਾਨ ਕਰਨ ਲਈ ਕਿਹਾ ਗਿਆ ਹੈ। ਪਰ ਇਸ ਸੰਵਿਧਾਨ ਦੇ ਲਾਗੂ ਹੋਣ ਦੇ 75 ਸਾਲਾਂ ਬਾਦ ਵੀ ਇਸਤਰੀ ਵਰਗ ਦੇਸ਼ ਅੰਦਰ ਲਿੰਗਕ-ਬਰਾਬਰਤਾ ਦੇ ਖੇਤਰ ਵਿਚ ਹਰ ਤਰ੍ਹਾਂ ਦੇ ਵਿਤਕਿਰਿਆਂ ਦੀ ਸ਼ਿਕਾਰ ਹੈ। ਉਪਰੋਕਤ ਲਿੰਗਕ ਅਸਮਾਨਤਾ 2024 ਦੀ ਰਿਪੋਰਟ ਇਨ੍ਹਾਂ ਵਿਤਕਿਰਿਆਂ ਦੀ ਪ੍ਰੋੜਤਾ ਕਰਦੀ ਹੈ ਕਿ ਦੇਸ਼ ਅੰਦਰ ਇਸਤਰੀਆਂ ਨਾਲ, ਹਰ ਖੇਤਰ ਵਿਚ ਅਸਮਾਨਤਾ ਵੱਧੀ ਹੈ। "ਦੱਖਣੀ ਏਸ਼ੀਆ ਵਿਚ ਭਾਰਤ ਸੰਸਾਰ ਲਿੰਗਕ ਅਸਮਾਨਤਾ ਦੇ ਸੂਚਕ ਅੰਕ-2024" ਅੰਦਰ ਬੰਗਲਾਦੇਸ਼, ਨੇਪਾਲ, ਸ਼੍ਰੀਲੰਕਾ ਅਤੇ ਭੂਟਾਨ ਗੁਆਂਢੀ ਦੇਸ਼ਾਂ ਦੇ ਮੁਕਾਬਲੇ ਪੰਜਵੇਂ ਸਥਾਨ 'ਤੇ ਹੈ। ਇਸ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ ਨੇ ਆਪਣਾ ਪ੍ਰਾਪਤੀ ਅੰਕ ਪਿਛਲੇ ਸਾਲਾਂ ਨਾਲੋਂ 64.1-ਫੀਸਦੀ ਦੇ ਅੰਤਰ ਨਾਲ ਘੱਟ ਕਰ ਲਿਆ ਹੈ। ਪਰ ਫਿਰ ਵੀ ਅਸੀਂ ਹੇਠਾਂ ਹੀ ਹਾਂ ਅਤੇ ਸਾਨੂੰ 2012 ਦੇ ਸਕੋਰ ਵਾਲੇ 46 ਫੀਸਦੀ ਦੀ ਸਤ੍ਹਾ ਦਰ 'ਤੇ ਮੁੜ ਵਾਪਸ ਆਉਣ ਲਈ 6.2 ਫੀਸਦੀ ਅੰਕ ਵਧਾਉਣ ਦੀ ਲੋੜ ਹੈ। ਭਾਵ ਦੇਸ਼ ਅੰਦਰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਖੇਤਰ ਅੰਦਰ ਦੇਸ਼ ਦਾ ਵੱਡਾ ਹਿੱਸਾ, ਖਾਸ ਕਰਕੇ ਇਸਤਰੀ ਵਰਗ ਹਰ ਤਰ੍ਹਾਂ ਦੀਆਂ ਦੁਸ਼ਵਾਰੀਆਂ ਦੀ ਸ਼ਿਕਾਰ ਹੋਈ ਹੈ। ਇਸ ਲਈ ਇਸ ਵਰਗ ਵੱਲ ਉਚੇਚਾ ਧਿਆਨ ਦੇਣਾ ਪਏਗਾ।

"ਸੰਸਾਰ ਆਰਥਿਕ ਮੰਚ" ਦੀ ਸਾਲ 2024 ਦੀ ਲਿੰਗਕ ਅੰਤਰ ਸੂਚਕ ਅੰਕ ਦੀ ਰਿਪੋਰਟ ਵਿਚ ਭਾਰਤ ਦੋ ਅੰਕ ਘੱਟ ਕੇ 129ਵੇਂ ਸਥਾਨ 'ਤੇ ਆ ਗਿਆ ਹੈ। ਭਾਵੇਂ ਸਰਕਾਰ ਨੇ ਇਸਤਰੀਆਂ ਦੇ ਵਿਕਾਸ ਲਈ ਕਈ ਨੀਤੀਆਂ ਅਪਣਾਈਆਂ ਹਨ। ਪ੍ਰੰਤੂ ਸਿੱਖਿਆ, ਸਿਹਤ, ਆਮਦਨ, ਸਮਾਜਿਕ ਤੇ ਰਾਜਨੀਤਿਕ ਹਿੱਸੇਦਾਰੀ ਅੰਦਰ ਬਰਾਬਰਤਾ ਲਈ ਕਈ ਸਵਾਲ ਉਠ ਰਹੇ ਹਨ। ਭਾਵੇਂ ਸਿੱਖਿਆ ਦੇ ਮਾਮਲੇ ਵਿਚ ਭਾਰਤ ਨੇ ਮਰਦ ਅਤੇ ਇਸਤਰੀ ਵਿਚਕਾਰ ਕਾਰਗੁਜ਼ਾਰੀ ਚੰਗੀ ਦਿਖਾਈ ਹੈ। ਫਿਰ ਵੀ ਇਸਤਰੀਆਂ ਦੇ ਸ਼ਸ਼ਕਤੀਕਰਨ 'ਚ ਭਾਰਤ 65ਵੇਂ ਸਥਾਨ 'ਤੇ ਹੈ। ਪਿਛਲੇ ਬੀਤੇ 50 ਸਾਲਾਂ ਵਿਚ ਇਸਤਰੀਆਂ ਤੇ ਮਰਦਾਂ ਦੇ ਨਾਲ ਸਮਾਨਤਾ ਦੇ ਮਾਮਲੇ ਵਿਚ 10ਵੇਂ ਸਥਾਨ 'ਤੇ ਸੀ। ਭਾਵੇਂ ਅਵਾਮ ਵਿਚ ਤਬਦੀਲੀ ਆ ਰਹੀ ਹੈ। ਪ੍ਰੰਤੂ ਪੂੰਜੀਵਾਦੀ ਪ੍ਰਭਾਵਿਤ ਮਰਦ-ਪ੍ਰਧਾਨ ਦੀ ਮਾਨਸਿਕਤਾ ਅਜੇ ਤੱਕ ਪੂਰੀ ਤਰ੍ਹਾਂ ਖਤਮ ਨਹੀਂ ਹੋਈ ਹੈ ਤੇ ਪਿਤਰੀ ਰੋਹਬ ਵੀ ਅਜੇ ਪ੍ਰਬਲ ਹੀ ਰਿਹਾ ਹੈ। ਸਗੋਂ ਤੇ ਪਿਤਰੀ ਸੱਤਾ ਦੀਆਂ ਜੜ੍ਹਾਂ ਹੋਰ ਮਜ਼ਬੂਤ ਹੋ ਰਹੀਆਂ ਹਨ। ਮੌਜੂਦਾ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਦੀ ਇਸਤਰੀਆਂ ਪ੍ਰਤੀ ਜੋ ਵਿਵਹਾਰ ਹਨ, ਉਸ ਵਿਚ ਤਬਦੀਲੀ ਆਉਣ ਵਿਚ ਪਤਾ ਨਹੀਂ ਕਿੰਨ੍ਹਾਂ ਕੁ ਹੋਰ ਸਮਾਂ ਲੱਗੇਗਾ। ਪਰ ਸਾਨੂੰ ਇਹ ਵੀ ਯਾਦ ਰੱਖਣਾ ਪਏਗਾ ਕਿ ਕੋਈ ਵੀ ਦੇਸ਼ ਤਰੱਕੀ ਨਹੀਂ ਕਰ ਸਕਦਾ, ਜਦੋਂ ਤੱਕ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਨਹੀਂ ਦਿੱਤੇ ਜਾਂਦੇ। ਇਸ ਸਥਿਤੀ ਵਿਚ ਤਬਦੀਲੀ ਲਿਆਉਣ ਲਈ ਸਮਾਜਿਕ, ਆਰਥਿਕ ਤੇ ਰਾਜਨੀਤਿਕ ਆਜ਼ਾਦੀ ਅਤੇ ਉਸ ਦੇ ਜਥੇਬੰਦਕ ਸੰਘਰਸ਼ਾਂ ਰਾਹੀਂ ਹੀ ਇਸ ਵਰਗ ਵਲੋਂ ਬਰਾਬਰਤਾ ਦੀ ਪ੍ਰਾਪਤੀ ਵੱਲ ਪੁੱਜਣ ਦੀ ਆਸ ਰੱਖੀ ਜਾ ਸਕਦੀ ਹੈ।

ਦੁਨੀਆਂ ਭਰ ਵਿਚ ਬਹੁਤ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਨੇ ਲਿੰਗਕ ਸਮਾਨਤਾਂ ਵਿਚ ਪ੍ਰਾਪਤੀ ਕੀਤੀ ਹੈ, ਉਨ੍ਹਾਂ ਨੇ ਅਨੇਕਾਂ ਸਾਰਥਿਕ ਨੀਤੀਆਂ ਇਸਤਰੀਆਂ ਲਈ ਬਣਾਈਆਂ ਹਨ। ਪਰ ਅਜੇ ਤੱਕ ਬਹੁਤਿਆਂ ਦੇਸ਼ਾਂ ਵਿਚ ਜਿਥੇ ਇਹ ਸਾਰਥਿਕ ਨੀਤੀਆਂ ਨਹੀਂ ਹਨ, ਇਹ ਬਰਾਬਰਤਾ ਘੱਟੀ ਹੀ ਨਹੀਂ ਹੈ, ਸਗੋਂ ਤੇ ਵਧੀ ਹੈ। ਸੰਸਾਰ ਆਰਥਿਕ ਮੰਚ ਦੀ ਰਿਪੋਰਟ ਵਿਚ ਇਹ ਸਪੱਸ਼ਟ ਤੌਰ 'ਤੇ ਕਿਹਾ ਕਿਹਾ ਗਿਆ ਹੈ ਕਿ ਭਾਰਤ ਵਿਚ ਇਹੋ ਜਿਹੀਆਂ ਇਸਤਰੀਆਂ ਪ੍ਰਤੀ ਬਣਾਈਆਂ ਗਈਆਂ ਨੀਤੀਆਂ ਸਿਰਫ਼ ਫਾਈਲਾਂ ਵਿਚ ਤੇ ਐਲਾਨਨਾਮਿਆਂ ਤੱਕ ਹੀ ਸੀਮਤ ਰਹਿ ਗਈਆਂ ਹਨ। ਉਹ ਵੀ ਫਿਰਕੂ ਅਤੇ ਮਰਦ ਪ੍ਰਧਾਨ ਪ੍ਰਭਾਵ ਵਾਲੀਆਂ ਹੋਣ ਦੇ ਕਾਰਨ। ਇਸੇ ਰਿਪੋਰਟ ਮੁਤਾਬਿਕ ਭਾਰਤ ਦਾ ਇਸ ਨਾਲ ਦੋ ਰੈਂਕ ਘੱਟ ਕੇ 129ਵੇਂ ਸਥਾਨ 'ਤੇ ਆਉਣ ਦਾ ਕਾਰਨ ਸਿੱਖਿਆ ਪ੍ਰਾਪਤੀ, ਆਰਥਿਕ ਆਜ਼ਾਦੀ ਅਤੇ ਰਾਜਨੀਤਿਕ ਮਾਪਦੰਡ ਵਿਚ ਆਈ ਗਿਰਾਵਟ ਹੈ। ਇਹ ਸਥਿਤੀ ਭਾਰਤ ਵਿਚ ਉਸ ਸਮੇਂ ਦੀ ਹੈ, ਜਦੋਂ ਅਤਿ ਦੀ ਫਿਰਕੂ ਕਾਰਪੋਰੇਟੀ ਅਤੇ ਪੂੰਜੀਵਾਦੀ ਮੋਦੀ ਸਰਕਾਰ ਨੇ ਇਸਤਰੀਆਂ ਲਈ 33 ਫੀਸਦੀ ਰਾਖਵਾਂਕਰਨ ਸੰਸਦ ਅਤੇ ਵਿਧਾਨ ਸਭਾਵਾਂ ਵਿਚ ਦੇਣ ਦਾ ਬਿੱਲ ਵੀ ਪਾਸ ਕਰ ਦਿੱਤਾ ਹੈ। ਪਰ ਦੇਸ਼ ਵਿਚ ਮੋਦੀ ਸਰਕਾਰ ਨੇ ਇਸਤਰੀਆਂ ਲਈ ਬਿਲ ਤਾਂ ਪਾਸ ਕਰ ਦਿੱਤਾ ਹੈ। ਪਰ ਇਸਤਰੀਆਂ ਦੀ ਦੇਸ਼ ਭਰ ਵਿਚ ਆਬਾਦੀ ਮੁਤਾਬਿਕ ਸੰਸਦ ਅਤੇ ਵਿਧਾਨ ਸਭਾਵਾਂ ਵਿਚ ਰਾਜਨੀਤਿਕ ਅਸਥਾਨ ਨਹੀਂ ਦਿੱਤਾ ਜਾ ਰਿਹਾ ਹੈ।

ਇਹ 33 ਫੀਸਦੀ ਵਿਧਾਨ ਸਭਾ ਤੇ ਸੰਸਦ ਵਿਚ ਇਸਤਰੀਆਂ ਦੀ ਨੁਮਾਇੰਦਗੀ ਦਾ ਭਾਵੇਂ ਬਿਲ 17ਵੀਂ ਲੋਕ ਸਭਾ 'ਚ ਮੋਦੀ ਸਰਕਾਰ ਨੇ ਪਾਸ ਕਰ ਦਿੱਤਾ ਸੀ। ਪਰ ਇਸ ਕਾਨੂੰਨ ਵਿਚ (ਕਾਨੂੰਨੀ ਮਾਹਿਰਾਂ ਮੁਤਾਬਿਕ) ਅਜੇ ਤੱਕ ਵੀ ਕੁਝ ਅਜਿਹੀਆਂ ਕਾਨੂੰਨੀ ਸ਼ਰਤਾਂ ਹਨ। ਜਿੰਨੀ ਦੇਰ ਉਹ ਸ਼ਰਤਾਂ ਪੂਰੀਆਂ ਨਹੀਂ ਹੁੰਦੀਆਂ, ਤਾਂ ਇਹ ਬਿੱਲ ਕਾਨੂੰਨੀ ਤੌਰ 'ਤੇ ਸੰਪੂਰਨ ਨਹੀਂ ਹੋ ਸਕਦਾ ਹੈ। ਇਕ ਤਾਂ ਇਸ ਦੀ ਸ਼ਰਤ ਹੈ ਕਿ ਕਾਨੂੰਨ ਬਣਾਉਣ ਤੋਂ ਪਹਿਲਾਂ ਦੇਸ਼ ਵਿਚ ਜਨਗਣਨਾ ਹੋਈ ਹੈ। 2011 ਤੋਂ ਬਾਦ ਦੇਸ਼ ਵਿਚ ਜਨਗਣਨਾ ਨਹੀਂ ਹੋਈ ਹੈ। ਜਦਕਿ ਹਰ ਦਸ ਸਾਲ ਬਾਦ ਦੇਸ਼ ਦੀ ਜਨਗਣਨਾ ਕਰਵਾਈ ਜਾਂਦੀ ਹੈ। 2021 ਵਿਚ ਕਰੋਨਾ ਮਹਾਂਮਾਰੀ ਕਾਰਨ ਇਹ ਜਨਗਣਨਾ ਨਹੀਂ ਹੋ ਸਕੀ ਹੈ। ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਜੋ ਇਸ ਦਾ ਡਰਾਫਟ ਬਣਾਇਆ ਗਿਆ ਹੈ, ਉਹ ਬਹੁਤ ਹੀ ਪੇਚੀਦਾ ਹੈ। ਜਨਗਣਨਾ 'ਤੇ ਇਕ ਹੋਰ ਸ਼ਰਤ ਲਾਈ ਗਈ ਹੈ, ਉਹ ਬਹੁਤ ਹੀ ਖਤਰਨਾਕ ਹੈ। ਮਾਹਿਰਾ ਦਾ ਕਹਿਣਾ ਹੈ, "ਕਿ ਇਹ ਕਾਨੂੰਨ 2029 ਤੱਕ ਵੀ ਲਾਗੂ ਨਹੀਂ ਹੋ ਸਕਦਾ ਹੈ। ਤਾਂ ਹੀ ਹੋ ਸਕਦਾ ਹੈ 2039 ਤੱਕ ਜਾ ਕੇ ਜੇਕਰ ਪੂਰੀ ਤਰ੍ਹਾਂ ਮੁਕੰਮਲ ਹੋਵੇ।"

2014 ਵਿਚ ਬੀ.ਜੇ.ਪੀ. ਮੋਦੀ ਸਰਕਾਰ ਜਿੱਤ ਕੇ ਸੰਸਦ ਵਿਚ ਪਹੁੰਚੀ ਸੀ। ਜਦਕਿ 16ਵੀਂ ਲੋਕ ਸਭਾ ਵਿਚ 544 ਸੰਸਦ ਮੈਂਬਰਾਂ ਵਿਚੋਂ 66 ਸੰਸਦ ਮੈਂਬਰ ਇਸਤਰੀਆਂ ਹੀ ਸਦਨ ਵਿਚ ਪਹੁੰਚੀਆਂ ਅਤੇ 2019 ਵਿਚ 17ਵੀਂ ਲੋਕ ਸਭਾ ਦੇ 542 ਸੰਸਦ ਮੈਂਬਰਾਂ ਵਿਚੋਂ 78 ਇਸਤਰੀਆਂ ਹੀ ਸੰਸਦ ਵਿਚ ਚੁਣੀਆਂ ਗਈਆਂ। ਹੁਣ 2024 ਵਿਚ ਐੱਨ.ਡੀ.ਏ. ਦੀ ਮੋਦੀ ਸਰਕਾਰ ਅੰਦਰ 18ਵੀਆਂ ਸੰਸਦੀ ਚੋਣਾਂ ਵਿਚ 543 ਮੈਂਬਰੀ ਸੰਸਦ ਵਿਚ ਇਸਤਰੀ ਸੰਸਦ ਮੈਂਬਰਾਂ ਦੀ ਗਿਣਤੀ ਕੇਵਲ "74" ਹੀ ਹੈ, ਜੋ ਸੰਸਦ ਦੀ ਪੌੜੀ ਚੜ੍ਹੀਆਂ ਹਨ। ਸੰਸਦ ਨੇ ਦੇਸ਼ ਦੇ ਲਈ ਕਾਨੂੰਨ ਘੜਨੇ ਹੁੰਦੇ ਹਨ, ਦੇਸ਼ ਦੀ ਅੱਧੀ ਆਬਾਦੀ ਵਿਚੋਂ ਇਸਤਰੀਆਂ ਸਿਰਫ 74 ਹੀ 543 ਸੰਸਦ ਮੈਂਬਰਾਂ ਵਿਚੋਂ ਚੁਣੀਆਂ ਜਾਣ, ਤਾਂ ਉਹ ਦੇਸ਼ ਕਿੰਨਾ ਕੁ ਤਰੱਕੀ ਕਰ ਸਕੇਗਾ। ਇਹ ਸਾਡੇ ਸਾਹਮਣੇ ਇਕ ਸਵਾਲ, ਉਭਰ ਕੇ ਆ ਰਿਹਾ ਹੈ, ਜੋ ਕਿ ਸਭਾ 'ਤੇ ਬੈਠੀਆਂ ਰਾਜਨੀਤਿਕ ਪਾਰਟੀਆਂ ਲਈ ਵੀ ਇਕ ਚਿੰਤਾ ਹੋਣੀ ਚਾਹੀਦੀ ਹੈ ?

ਜੇਕਰ ਅਸੀਂ ਦੁਨੀਆਂ ਦੀ ਗੱਲ ਕਰੀਏ ਤਾਂ "ਹਿਊਮਨ ਡਿਵੈਲਪਮੈਂਟ ਇੰਡੈਕਸ ਰੈਂਕਿੰਗ ਅੰਦਰ ਵਿਕਸਿਤ ਦੇਸ਼ਾਂ ਵਿਚ ਇਸਤਰੀਆਂ ਦੀ ਸੰਸਦ ਵਿਚ ਪ੍ਰਤੀਨਿਧਤਾ ਜ਼ਿਆਦਾ ਹੈ। ਨਿਊਜ਼ੀਲੈਂਡ ਵਿਚ ਇਸਤਰੀਆਂ ਦੀ ਸ਼ਮੂਲੀਅਤ 50 ਫੀਸਦੀ ਤੋਂ ਵੀ ਵੱਧ ਹੈ। ਇਸੇ ਤਰ੍ਹਾਂ ਸਪੇਨ, ਫਰਾਂਸ, ਜਰਮਨੀ, ਯੂ.ਕੇ. ਤੇ ਇਟਲੀ ਦੀ ਸੰਸਦ ਵਿਚ 30 ਫੀਸਦੀ ਤੋਂ ਵੀ ਜ਼ਿਆਦਾ ਨੁਮਾਇੰਦਗੀ ਹੈ। ਭਾਰਤ ਇਸ ਮਾਮਲੇ ਵਿਚ ਆਪਣੇ ਪੜੋਸੀ- ਨੇਪਾਲ, ਬੰਗਲਾਦੇਸ਼ ਤੇ ਪਾਕਿਸਤਾਨ ਤੋਂ ਵੀ ਪਿੱਛੇ ਹੈ। ਨੇਪਾਲ 'ਚ 33%-ਫੀਸਦੀ, ਬੰਗਲਾਦੇਸ਼ 'ਚ 20.9 ਫੀਸਦੀ ਤੇ ਪਾਕਿਸਤਾਨ ਵਿਚ 20.5 ਫੀਸਦੀ ਸੰਸਦ ਮੈਂਬਰ ਇਸਤਰੀਆਂ ਹਨ। ਭਾਰਤ ਵਿਚ 18ਵੀਂ ਸੰਸਦ ਦੀ ਚੋਣ ਵਿਚ ਇਸਤਰੀਆਂ ਦੀ ਵੋਟ 48 ਫੀਸਦੀ ਰਹੀ। ਫਿਰ ਇਸਤਰੀਆਂ ਦੀ ਸੰਸਦੀ ਸੀਟਾਂ ਦੀ ਗਿਣਤੀ ਸਿਰਫ 14 ਫੀਸਦੀ ਹੀ ਕਿਉਂ ਹੈ ? ਇਹ ਸਵਾਲ ਸਾਡੇ ਸਾਹਮਣੇ ਉਭਰ ਕੇ ਆ ਰਿਹਾ ਹੈ, ਜੋ ਸਾਰੇ ਦੇਸ਼ ਲਈ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ।

ਜੇਕਰ ਦੇਖਿਆ ਜਾਵੇ ਤਾਂ ਸਮਾਜਿਕ ਅੱਤਿਆਚਾਰ ਦੇ ਗ੍ਰਾਫ ਅੰਦਰ ਇਸਤਰੀ ਦੀ ਹਾਲਤ ਹੋਰ ਵੀ ਮਾੜੀ ਹੈ, ਜੋ ਸਾਡੇ ਸਾਹਮਣੇ ਆ ਰਹੀ ਹੈ। "ਕੌਮੀ ਇਸਤਰੀ ਕਮਿਸ਼ਨਰ" ਕੋਲ ਹੁਣ ਤੱਕ (2024) ਸਭ ਤੋਂ ਵੱਧ ਹਿੰਸਾ ਦੀਆਂ ਵਾਰਦਾਤਾਂ ਸੰਬੰਧੀ 12,600 ਸ਼ਿਕਾਇਤਾਂ ਮਿਲੀਆਂ ਹਨ, ਜਿਸ ਵਿਚ ਸਭ ਤੋਂ ਵੱਧ ਸ਼ਿਕਾਇਤਾਂ ਉੱਤਰ ਪ੍ਰਦੇਸ਼ ਵਿਚੋਂ ਆਈਆਂ ਹਨ ਅਤੇ ਉਹ ਵੀ ਸਭ ਤੋਂ ਵੱਧ ਘਰੇਲੂ ਹਿੰਸਾ ਤੇ ਉਤਪੀੜਤ ਦੀਆਂ ਹਨ। "ਐੱਨ.ਸੀ.ਡਬਲਯੂ" ਦੇ ਅੰਕੜਿਆਂ ਦੇ ਮੁਤਾਬਿਕ ਇਸਤਰੀਆਂ ਨਾਲ ਸਬੰਧਿਤ ਹਿੰਸਾ ਤੇ ਉਤਪੀੜਤ ਦੀਆਂ 3107 ਸ਼ਿਕਾਇਤਾਂ ਮਿਲੀਆਂ ਹਨ। ਯੂ.ਪੀ. ਤੋਂ ਬਾਅਦ ਦੂਸਰਾ ਨੰਬਰ ਦਿੱਲੀ ਤੇ ਮਹਾਂਰਾਸ਼ਟਰ ਦਾ ਹੈ, ਜਿਥੇ ਇਸਤਰੀਆਂ ਨਾਲ ਹਿੰਸਾ ਸੰਬੰਧੀ ਖਬਰਾਂ ਮਿਲੀਆਂ ਹਨ। ਦੇਖੋ ਵਿੰਡਬਨਾ! ਜਦੋਂਕਿ ਦੇਸ਼ ਵਿਚ ਪਿਛਲੇ ਇਕ ਸਾਲ ਦੇ ਵੱਧ ਸਮੇਂ ਤੋਂ ਹਿੰਸਾ ਨਾਲ ਜੂਝ ਰਹੇ ਮਨੀਪੁਰ ਵਿਚ ਇਸਤਰੀਆਂ ਸੰਬੰਧੀ ਆਯੋਗ ਦੇ ਕੋਲ 59 ਕੇਸ ਆਏ ਤੇ ਸਿਰਫ 5 ਕੇਸ ਹੀ ਇਸਤਰੀਆਂ 'ਤੇ ਹੋ ਰਹੇ ਅਪਰਾਧਾਂ ਵਾਰੇ ਸੀ.ਬੀ.ਆਈ. ਨੂੰ ਦਿੱਤੇ ਗਏ ਹਨ! ਜਦਕਿ ਮਨੀਪੁਰ ਵਿਚ ਇਸਤਰੀਆਂ ਦੀ ਬੇਪਤੀ, ਰੇਪ ਤੇ ਜਿਸਮਾਨੀ ਅੱਤਿਆਚਾਰ ਦੀਆਂ ਵੀਡੀਓ ਜੱਗ ਜ਼ਾਹਿਰ ਹੋ ਚੁੱਕੀਆਂ ਹਨ। ਪਰ ਜਦ ਕਿ ਦੇਸ਼ ਦੇ ਪ੍ਰਧਾਨ ਮੰਤਰੀ ਜੀ ਅਤੇ ਉਨ੍ਹਾਂ ਦੀ ਸਰਕਾਰ ਵੀ ਅੱਜ ਤੱਕ ਮੂੰਹ ਬੰਦ ਕਰਕੇ ਬੈਠੀ ਰਹੀ ਤੇ ਹੁਣ ਵੀ ਚੁੱਪ ਹੈ। ਕਿੱਡੀ ਬੇ-ਇਨਸਾਫੀ ਹੈ ਹਾਕਮਾਂ ਦੀ, ਮਨੀਪੁਰ ਦੀਆਂ ਇਸਤਰੀਆਂ ਨਾਲ।

ਅਸੀਂ 21ਵੀਂ ਸਦੀ ਵਿਚ ਪਹੁੰਚ ਗਏ ਹਾਂ। ਪਰ ਭਾਰਤ ਵਿਚ ਇਸਤਰੀਆਂ ਆਪਣੇ ਆਪ ਨੂੰ ਸੁੱਰਖਿਅਤ ਨਹੀਂ ਸਮਝ ਰਹੀਆਂ ਹਨ। ਜੀ.ਆਈ.ਡਬਲਯੂ.ਪੀ.ਐੱਸ. 2023 ਦੇ ਅਨੁਸਾਰ ਭਾਰਤ ਵਿਚ 15 ਸਾਲ ਅਤੇ ਉਸ ਤੋਂ ਵੱਧ ਉਮਰ ਦੀਆਂ ਇਸਤਰੀਆਂ ਵਿਚ ਆਪਣੇ ਆਪ ਦੀਆਂ ਸੁਰੱਖਿਆਂ ਦੀਆਂ ਭਾਵਨਾਵਾਂ ਘੱਟ ਗਈਆਂ ਹਨ। ਜਦਕਿ 2017 ਵਿਚ 65.5 ਫੀਸਦੀ ਇਸਤਰੀਆਂ ਨੇ ਆਪਣੇ ਆਪ ਨੂੰ ਸੁਰੱਖਿਅਤ ਹੋਣ ਦੀਆਂ ਭਾਵਨਾਵਾਂ ਪ੍ਰਗਟ ਕੀਤੀਆਂ ਸਨ। ਪਰ, 2023 ਵਿਚ ਇਹ ਅੰਕੜਾ 58 ਫੀਸਦੀ ਘੱਟ ਕੇ ਹੇਠਾਂ ਆ ਗਿਆ ਹੈ। ਇਸ ਇੰਡੈਕਸ ਨੂੰ ਇਸ ਦੇ ਉੱਤੇ ਤਿਆਰ ਕੀਤਾ ਜਾਂਦਾ ਹੈ ਕਿ ਕੀ ਇਸਤਰੀਆਂ ਆਪਣੇ ਹਲਕੇ, ਸ਼ਹਿਰ, ਜਾਂ ਪਿੰਡ ਵਿਚ ਰਾਤ ਨੂੰ ਬਾਹਰ ਜਾਣ ਸਮੇਂ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰਦੀਆਂ ਹਨ, ਜਾਂ ਨਹੀਂ।

ਭਾਰਤ ਦੇਸ਼ ਦੀ ਜੇ ਦੂਸਰੇ ਵਿਕਸਿਤ 'ਤੇ ਵਿਕਾਸਸ਼ੀਲ ਦੇਸ਼ਾਂ ਨਾਲ ਤੁਲਨਾ ਕੀਤੀ ਜਾਵੇ, ਤਾਂ ਉਹ ਦੇਸ਼ ਸਾਡੇ ਨਾਲੋਂ ਬਿਹਤਰ ਹਨ। ਚੀਨ ਵਿਚ 97 ਫੀਸਦੀ ਇਸਤਰੀਆਂ ਆਪਣੇ ਆਪ ਨੂੰ ਸੁਰੱਖਿਅਤ ਮੰਨ ਰਹੀਆਂ ਹਨ। ਜਦਕਿ ਯੂਨਾਈਟਿਡ ਕਿੰਗਡਮ ਤੇ ਅਮਰੀਕਾ ਵਿਚ ਇਹ ਅੰਕੜਾ ਕ੍ਰਮਵਾਰ 74 ਫੀਸਦੀ ਤੇ 61 ਫੀਸਦੀ ਹੈ। ਰੂਸ ਵਿਚ 50 ਫੀਸਦੀ ਤੇ ਦੱਖਣੀ ਅਫ਼ਰੀਕਾ ਵਿਚ ਕੇਵਲ 27 ਫੀਸਦੀ ਇਸਤਰੀਆਂ ਹੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੀਆਂ ਹਨ।

ਦੇਸ਼ ਅੰਦਰ ਮੋਦੀ ਸਰਕਾਰ ਦੀਆਂ ਫਿਰਕੂ, ਕਾਰਪੋਰੇਟ-ਪੱਖੀ ਪੂੰਜੀਵਾਦੀ ਆਰਥਿਕ ਨੀਤੀਆਂ ਤੇ ਉਦਾਰਵਾਦੀ ਆਰਥਿਕ ਸੁਧਾਰਾਂ ਕਾਰਨ ਦੇਸ਼ ਦੀ ਆਰਥਿਕ ਪ੍ਰਭੂਸਤਾ ਕਮਜ਼ੋਰ ਹੋ ਰਹੀ ਹੈ। ਆਰਥਿਕਤਾ ਨੂੰ ਸਥਾਈ ਮੰਦੀ ਅਤੇ ਸੰਕਟ ਵੱਲ ਧੱਕਿਆ ਜਾ ਰਿਹਾ ਹੈ। ਬੇਰੁਜ਼ਗਾਰੀ ਵਿਚ ਚਿੰਤਾਜਨਕ ਵਾਧਾ, ਵੱਧ ਰਹੀ ਗਰੀਬੀ ਤੇ ਆਰਥਿਕ ਅਸਮਾਨਤਾ 'ਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਜਿਸ ਦਾ ਪ੍ਰਭਾਵ ਆਮ ਲੋਕਾਂ 'ਤੇ ਪੈ ਰਿਹਾ ਹੈ, ਉਥੇ ਖਾਸ ਕਰਕੇ ਇਸਤਰੀ ਵਰਗ 'ਤੇ ਇਸ ਦਾ ਸਭ ਤੋਂ ਮਾੜਾ ਪ੍ਰਭਾਵ ਪੈ ਰਿਹਾ ਹੈ। ਇਸਤਰੀਆਂ ਦਾ ਰੁਜ਼ਗਾਰ, ਉਜਰਤਾਂ ਅਤੇ ਆਰਥਿਕ ਅਜ਼ਾਦੀ ਇਸ ਵੇਲੇ ਡਾਵਾਂਡੋਲ ਹੈ। ਇਸ ਦਾ ਸਿੱਧਾ ਪ੍ਰਭਾਵ ਇਸਤਰੀਆਂ ਦੇ ਲਿੰਗਕ-ਅਨੁਪਾਤ ਵਿਚ ਪਾੜਾ, ਪਿਤਰੀ-ਸੱਤਾ ਕਾਰਨ ਸ਼ੁਰੂ ਤੋਂ ਹੀ ਗੈਰ ਬਰਾਬਰਤਾ ਵਾਲੀ ਸੋਚ, ਵਿਦਿਅਕ-ਲਿੰਗਕ ਅਸਮਾਨਤਾ, ਜਿਨਸੀ ਸ਼ੋਸ਼ਣ, ਹਿੰਸਾ ਆਦਿ ਹੀ ਇਸਤਰੀਆਂ ਦੀ ਲਿੰਗਕ ਅਸਮਾਨਤਾ ਦਾ ਮੁੱਖ ਕਾਰਨ ਹਨ। ਇਹ ਸਾਰੇ ਮੁੱਦੇ ਇਸਤਰੀ ਦੇ ਸਮਾਜਿਕ-ਆਰਥਿਕ ਮੁਕਤੀ ਨਾਲ ਹੀ ਜੁੜੇ ਹੋਏ ਹਨ! ਕਿਉਂਕਿ ਇਸਤਰੀ ਵਰਗ ਵੀ ਦੇਸ਼ ਦੀ ਕਿਰਤੀ ਜਮਾਤ ਦਾ ਇਕ ਹਿੱਸਾ ਹੈ ਅਤੇ ਦੇਸ਼ ਵਿਚ ਸਮਾਜਿਕ ਪ੍ਰੀਵਰਤਨ ਕਿਰਤੀ ਜਮਾਤ ਦੀ ਅਗਵਾਈ ਵਿਚ ਹੀ ਆਵੇਗਾ। ਇਸ ਲਈ ਇਸਤਰੀ ਵਰਗ ਨੂੰ ਵੀ ਆਪਣੀ ਮੁਕਤੀ ਲਈ ਕਿਰਤੀ ਜਮਾਤ ਦਾ ਹਿੱਸਾ ਬਣ ਕੇ ਹੀ ਸੰਘਰਸ਼ 'ਚ ਕੁੱਦਣਾ ਪਏਗਾ। ਇਸ ਤੋਂ ਬਿਨਾ ਮੁਕਤੀ ਸੰਭਵ ਨਹੀਂ ਹੈ।

'ਸਮਾਜਿਕ ਚਿੰਤਕ ਤੇ ਵਿਗਿਆਨੀ' ਚਾਰਲਸ ਫੋਰੀਅਰ ਨੇ ਕਿਹਾ ਹੈ ਕਿ "ਕਿਸੇ ਦੇਸ਼ ਦੀ ਜਮਹੂਰੀਅਤ ਨੂੰ ਨਾਪਣ ਲਈ ਇਹ ਵੇਖੋ ਕਿ ਉਸ ਦੇਸ਼ ਵਿਚ ਇਸਤਰੀਆਂ ਦੀ ਹਾਲਤ ਕੀ ਹੈ ?"

# ਅੱਛੇ-ਅੱਛੇ

ਦਵਿੰਦਰ ਸਿੰਘ ਸੇਖੋਂ
ਫੀਨਿਕਸ
ਪੰਜਾਬ ਮੇਲUSA



ਇੱਕ ਦਿਨ ਨੇੜੇ ਦੇ ਪੰਜਾਬੀ ਸਟੋਰ ਤੋਂ ਸਬਜ਼ੀਆਂ ਲੈਣ ਗਿਆ, ਤਾਂ ਦੇਖਿਆ ਕਿ ਜਿੱਥੇ ਸਬਜ਼ੀਆਂ ਪਈਆਂ ਸਨ, ਉੱਥੇ ਚਾਰ-ਪੰਜ ਜਣਿਆਂ ਦੀ ਲੰਬੀ ਲਾਈਨ ਲੱਗੀ ਹੋਈ ਸੀ। ਜਦੋਂ ਧਿਆਨ ਨਾਲ ਪਾਸੇ ਤੋਂ ਦੀ ਦੇਖਿਆ, ਤਾਂ ਪਤਾ ਲੱਗਿਆ ਕਿ ਇੱਕ ਬੀਬੀ ਬਹੁਤ ਹੀ ਆਰਾਮ ਨਾਲ ਨਰਮ-ਨਰਮ ਭਿੰਡੀਆਂ ਛਾਂਟ ਕੇ ਪਾ ਰਹੀ ਸੀ। ਲੈਣੀਆਂ ਤਾਂ ਭਾਵੇਂ ਉਹਨੇ ਪਾਈਆ ਕੁ ਹੀ ਮਸਾਂ ਹੋਣਗੀਆਂ ਪਰ ਲੱਗਦਾ ਸੀ ਕਿ ਸਾਰੀ ਢੇਰੀ ਵਿਚੋਂ ਸਭ ਤੋਂ ਅੱਵਲ ਦਰਜੇ ਦੀਆਂ ਉਸ ਨੇ ਹੀ ਲੈ ਕੇ ਜਾਣੀਆਂ ਸਨ। ਉਹਦੇ ਇੰਨਾ ਸਮਾਂ ਲਾਉਣ ਤੋਂ ਲਗਭਗ ਸਾਰੇ ਹੀ ਦੁਖੀ ਖੜ੍ਹੇ ਸਨ।

ਮੈਂ ਸਮਾਂ ਬਚਾਉਣ ਦੇ ਮਾਰੇ ਨੇ ਪਾਸੇ ਤੋਂ ਦੀ ਹੋ ਕੇ ਆਪਣੀ ਰੇੜ੍ਹੀ ਬਤਾਊਆਂ ਦੀ ਢੇਰੀ ਕੋਲੇ ਜਾ ਲਾਈ। ਪਰ ਉੱਥੇ ਵੀ ਇੱਕ ਹੋਰ ਬੀਬੀ ਖੜ੍ਹੀ ਸੀ। ਉਸ ਲਾਈਨ ਵਿਚ ਭਾਵੇਂ ਸੀ ਤਾਂ ਉਹ ਇਕੱਲੀ ਹੀ ਪਰ ਉਹ ਵੀ ਬੜੇ ਆਰਾਮ ਨਾਲ ਇੱਕ-ਇੱਕ ਬਤਾਊਂ ਦੇਖ ਕੇ ਲਿਫਾਫੇ ਵਿਚ ਪਾ ਰਹੀ ਸੀ। ਉਸ ਬੀਬੀ ਨਾਲ ਇੱਕ ਬੱਚਾ ਵੀ ਸੀ। ਬੱਚੇ ਨੇ ਵੀ ਕੁਝ ਬਤਾਊਂ ਚੁੱਕ ਕੇ ਉਹਦੇ ਲਿਫਾਫੇ ਵਿਚ ਪਾ ਦਿੱਤੇ। ਪਰ ਬੀਬੀ ਨੇ ਝੱਟ ਦੇ ਕੇ ਉਹ ਬਤਾਊ ਬਾਹਰ ਕੱਢ ਦਿੱਤੇ ਅਤੇ ਕਿਹਾ "ਬੇਟਾ ਅੱਛੇ-ਅੱਛੇ ਦੇਖ ਕਰ ਪਾਓ"।

ਮੈਂ ਉਹਦੇ ਪਾਸੇ ਹੋਣ ਦੀ ਅਜੇ ਉਡੀਕ ਕਰ ਹੀ ਰਿਹਾ ਸੀ ਕਿ ਫੋਨ ਨੇ ਲਗਾਤਾਰ ਕਈ ਵਾਰ ਟੂੰ-ਟੂੰ ਅਤੇ ਹਿੱਲਣ ਦੀ ਆਵਾਜ਼ ਕੀਤੀ। ਉਸ ਬੀਬੀ ਨੂੰ ਪਾਸੇ ਨਾ ਹੁੰਦੀ ਦੇਖ ਕੇ ਮੈ ਸਮਾਂ ਕੱਢਣ ਦੇ ਮਾਰੇ ਨੇ ਜਦੋਂ ਫੋਨ ਕੱਢ ਕੇ ਦੇਖਿਆ, ਤਾਂ ਇੱਕ ਭਲੇ ਮਾਣਸ ਨੇ ਪੰਜ-ਸੱਤ ਇਕੱਠੇ ਹੀ ਮੈਸੇਜ ਇੱਕ ਗਰੁੱਪ ਵਿਚ ਪਾਏ ਹੋਏ ਸੀ। ਥੋੜਾ-ਥੋੜਾ ਦੇਖਣ 'ਤੇ ਹੀ ਪਤਾ ਲੱਗਿਆ ਕਿ ਉਨ੍ਹਾਂ 'ਚੋਂ ਕੋਈ ਵੀ ਵੀਡੀਓ ਨਾ ਤਾਂ ਸੰਬੰਧਤ ਗਰੁੱਪ ਨਾਲ ਹੀ ਕੋਈ ਮੇਲ ਖਾਂਦੀ ਸੀ ਤੇ ਨਾ ਹੀ ਉਨ੍ਹਾਂ ਵਿਚ ਕੋਈ ਵਧੀਆ ਜਾਣਕਾਰੀ ਵਾਲੀ ਗੱਲ ਸੀ।

ਉਹ ਬੀਬੀ ਦਾ ਬਤਾਊਂ ਲੈ ਕੇ ਅਗਲੀ ਢੇਰੀ ਵੱਲ ਨੂੰ ਹੋ ਗਈ, ਪਰ ਮੇਰੇ ਦਿਮਾਗ ਵਿਚ ਕਦੇ ਉਸ ਦੀ ਕਹੀ ਗੱਲ ਕਿ "ਬੇਟਾ ਅੱਛੇ-ਅੱਛੇ ਦੇਖ ਕਰ ਪਾਓ" ਅਤੇ ਕਦੇ ਉਸ ਭਲੇ ਮਾਣਸ ਦੇ ਪਾਏ ਹੋਏ ਮੈਸੇਜ ਦਿਮਾਗ ਵਿਚ ਘੁੰਮ ਰਹੇ ਸੀ।

ਅਸੀਂ ਸਬਜ਼ੀ ਲੈਣ ਲੱਗੇ, ਤਾਂ ਚੰਗੀ ਤਰ੍ਹਾਂ ਦੇਖ-ਚਾਖ ਕੇ, ਤਸੱਲੀ ਕਰਕੇ ਲਿਫਾਫੇ ਵਿਚ ਪਾਉਂਦੇ ਆਂ, ਪਰ ਮਨ ਅਤੇ ਦਿਮਾਗ ਵਿਚ ਜੋ ਵੀ ਦੁਨੀਆਂ ਭਰ ਦਾ ਗੰਦ-ਮੰਦ ਮਿਲਦਾ ਏ, ਬਿਨਾਂ ਦੇਖੇ ਸੁੱਟੀ ਜਾਂਦੇ ਆਂ। ਕੋਈ ਕਿੰਨਾ ਵੀ ਘਟੀਆ ਮੈਸੇਜ, ਵੀਡੀਓ ਜਾਂ ਕੋਈ ਫੋਟੋ ਕਿਉਂ ਨਾ ਹੋਵੇ, ਅਸੀਂ ਕਿਸੇ ਗਰੁੱਪ ਵਿਚ ਪਾਉਣ ਲੱਗੇ ਜਾਂ ਕਿਸੇ ਨੂੰ ਭੇਜਣ ਲੱਗੇ ਭੋਰਾ ਜਿੰਨਾ ਵੀ ਨਹੀਂ ਸੋਚਦੇ। ਤਨ ਦੀ ਖ਼ੁਰਾਕ ਲਈ ਤਾਂ ਸਾਨੂੰ ਥੋੜੀ ਬਹੁਤੀ ਸੂਝ-ਬੂਝ ਆ ਗਈ ਏ, ਪਰ ਮਨ ਦੀ ਖ਼ੁਰਾਕ ਲਈ ਤਾਂ ਭੋਰਾ ਜਿੰਨਾ ਵੀ ਨਹੀਂ ਸੋਚਦੇ। ਇਸੇ ਕਰਕੇ ਮਾਨਸਿਕ ਰੋਗੀਆਂ ਦੀ ਗਿਣਤੀ ਤਨ ਦੇ ਰੋਗੀਆਂ ਤੋਂ ਕਿਤੇ ਜ਼ਿਆਦਾ ਹੈ।

ਸਾਰੇ ਧੜਾ-ਧੜ ਮੈਸੇਜ ਸੁੱਟਣ ਵਾਲਿਆਂ ਦੇ ਨਾਮ।

## ਰੱਖੜੀ

ਰੱਖੜੀ ਦਾ ਤਿਉਹਾਰ ਨਿਆਰਾ
ਕਦੀ ਮਿਠਾ ਤੇ ਕਦੀ ਹੈ ਖਾਰਾ।
ਭੈਣਾਂ ਲਈ ਨੇ ਭਾਈ ਉਮੀਦਾਂ
ਵਾਰਨ ਉਹੋ ਤਨ ਮਨ ਸਾਰਾ।
ਮਾਪਿਆਂ ਲਈ ਮੰਗਣ ਦੁਆਵਾਂ
ਭਾਈ ਹੁੰਦਾ ਜਗ ਤੋਂ ਨਿਆਰਾ।
ਭੜੋਲੇ ਕੋਠੀਆਂ ਭਰਦੇ ਜਾਵਣ
ਭਤੀਜਿਆਂ ਤਾਈਂ ਨਾ ਲੱਗੇ ਕਸਾਰਾ।
ਭਾਬੀਆਂ ਹੱਸਣ ਖੇਡਣ ਨੱਚਣ
ਖੁਸ਼ੀਆਂ ਨਾਲ ਭਰੇ ਘਰ ਸਾਰਾ।
ਜਗ ਤੇ ਹੋਵੇ ਉੱਚਾ ਨਾਮ
ਭਾਈ ਭੈਣਾਂ ਦਾ ਬਣਨ ਸਹਾਰਾ।
ਯੁੱਗ ਤਬਦੀਲੀ ਆਈ ਜਾਵੇ
ਭਾਈ ਕਦੇ ਨਾ ਲਾਉਂਦੇ ਲਾਰਾ।
ਸੂਤਰ ਦਾ ਇਹ ਕੱਚਾ ਧਾਗਾ
ਰਿਸ਼ਤਾ ਪਾਕ ਪਵਿੱਤਰ ਸਾਰਾ।
ਗੁੱਟ 'ਤੇ ਬੰਨਕੇ ਰੱਖੜੀ ਵੀਰੇ
ਚਮਕੇ ਕਿਸਮਤ ਦਾ ਸਿਤਾਰਾ।
ਗੁੰਦਿਆ ਹੈ ਪਿਆਰ ਭੈਣ ਦਾ
ਮਿਲੇ ਨਾ ਜੋ ਕਿਤੋਂ ਉਧਾਰਾ।
ਲਾਲਚ ਕਦੇ ਨਾ ਆਵੇ ਨੇੜੇ
ਨਾ ਬਣੇ ਇਹ ਰਿਸ਼ਤਾ ਖਾਰਾ।
ਚਾਵ੍ਹਾਂ ਨਾਲ ਨਿਭਾਈਏ ਰਿਸ਼ਤੇ
'ਮਾਨ' ਭੈਣਾਂ ਦਾ ਚੰਦ ਸਿਤਾਰਾ



-ਬਲਜਿੰਦਰ ਮਾਨ
98150-18947
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)

ਪੰਜਾਬ ਮੇਲ USA

## ਜਾਨ ਤੋਂ ਵੱਧ

ਜਾਨ ਤੋਂ ਵੀ ਵੱਧ ਤੈਨੂੰ ਕਰਾਂ ਮੈਂ ਪਿਆਰ ਵੇ।
ਤੇਰੇ ਨਾਲ ਮੈਨੂੰ ਮੇਰਾ ਸੋਹਦਾ ਸੰਸਾਰ ਵੇ।

ਧਰਤੀ ਦੇ ਉੱਤੇ ਮੇਰੇ ਲੱਗਦੇ ਨਾ ਪੈਰ ਸੀ,
ਜਦੋਂ ਤੂੰ ਪਿਆਰ ਦਾ ਸੀ ਕੀਤਾ ਇਜ਼ਹਾਰ ਵੇ।

ਮਿੱਠੇ-ਮਿੱਠੇ ਬੋਲ ਤੇਰੇ ਘੋਲਦੇ ਨੇ ਕੰਨੀਂ ਰਸ,
ਦਿਲ ਵਿਚ ਫੁੱਟਦੇ ਨੇ ਖੁਸ਼ੀ ਦੇ ਫੁਹਾਰ ਵੇ।

ਹੱਦ ਬੰਨ੍ਹੇ ਟੱਪ ਜਾਂਦੀ ਖੁਸ਼ੀਆਂ ਦੇ ਖੁਸ਼ੀ ਮੇਰੀ,
ਜਦੋਂ ਕਦੇ ਮੈਨੂੰ ਤੇਰਾ ਹੁੰਦਾ ਏ ਦੀਦਾਰ ਵੇ।

ਆਪਣੀ ਹੀ ਚਾਨਣੀ ਤੇ ਚੰਨ ਸ਼ਰਮਿੰਦਾ ਹੋਵੇ,
ਜਦੋਂ ਵੇਖ ਲਵੇ ਤੇਰੇ ਮੁੱਖ ਦੀ ਨੁਹਾਰ ਵੇ।

ਰੰਗ-ਰੂਪ, ਸੁਹਜ ਤੇ ਸਲੀਕਾ ਤੈਨੂੰ ਰੱਬ ਦਿੱਤਾ,
'ਨਾਗਰਾ' ਜ਼ਮਾਨਾ ਖਾਵੇ ਤੇਰੇ ਨਾਲ ਖਾਰ ਵੇ।



ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'
ਯੂਬਾ ਸਿਟੀ, ਕੈਲੀਫੋਰਨੀਆ
(ਅਮਰੀਕਾ)
ਫੋਨ: +1-360-448-1989

ਪੰਜਾਬ ਮੇਲ USA

## ਪਛਤਾਵਾ ਗੋਸ਼ਟੀ

ਕਿਹੜੇ ਕਿਹੜੇ ਪੰਥਕ ਮਸਲੇ,
ਕਿਹੜੀ ਕਿਹੜੀ ਵਿਚਾਰ ਗੋਸ਼ਟੀ ?
ਕੌਣ ਤੁਹਾਡੇ ਨਾਲ ਕਰੇਗਾ,
ਬੇ ਅਕਲੇ ਕਾਲੀਓ ਹੁਣ ਦੋਸਤੀ ?
ਕਿਹੜਾ ਪੰਥ ਹੈ ਤੁਹਾਡੇ ਪਿੱਛੇ,
ਕਿਹੜੀ ਮਰਿਯਾਦਾ ਦੀਆਂ ਗੱਲਾਂ,
ਤੁਹਾਨੂੰ ਹੁਣ ਤੇ ਡੋਬ ਦੇਣਗੀਆਂ,
ਵਿਰੋਧ ਵਾਲੀਆਂ ਮਾਰੂ ਛੱਲਾਂ।
ਕਾਲੀਓ ਪਾਣੀ ਸਿਰਾਂ ਤੋਂ ਲੰਘ ਗਿਆ !
ਵਕਤ ਤੁਹਾਡੇ ਹੱਥ ਨੀਂ ਆਣਾ,
ਹੁਣ 'ਤੇ ਤੁਹਾਡੇ ਪੱਲੇ ਰਹਿ ਗਿਆ,
ਪਿੱਟਣਾ ਅਤੇ ਰੋਣਾ ਕੁਰਲਾਣਾ।
ਕਰਤੂਤਾਂ ਕਾਲੀਆਂ ਕਾਲੇ ਹਿਰਦੇ,
ਚਿੱਟੇ ਕੱਪੜੇ ਕੀ ਕਰਨਗੇ ?
ਤੁਹਾਡੀਆਂ ਕੀਤੀਆਂ ਦਾ ਡੰਨ ਹੁਣ,
ਤੁਹਾਡੇ ਬੱਚੇ ਭਰਦੇ ਮਰਨਗੇ।
ਜਿੱਥੇ ਮਰਜ਼ੀ ਜਾ ਨੱਕ ਰਗੜੋ,
ਭੁੱਲਾਂ ਹੁਣ ਬਖਸ਼ਾ ਨਹੀਂ ਹੋਣੀਆਂ,
ਪਲੀਤ ਹੋਈਆਂ ਹੁਣ ਤੁਹਾਡੀਆਂ ਰੂਹਾਂ,
ਗੋਸ਼ਟੀਆਂ ਨਾਲ ਵੀ ਧੋ ਨਹੀਂ ਹੋਣੀਆਂ।
ਅੰਮ੍ਰਿਤਸਰ ਵੀ ਰੁੱਸ ਗਿਆ ਹੈ,
ਨਾ ਆਨੰਦਪੁਰ ਹੁਣ ਤੁਹਾਡੇ ਪੱਲੇ,
ਨੱਠ ਲਓ ਜਿੱਥੇ ਤੱਕ ਨੱਠਣਾ,
ਬਹਿ ਨਹੀਂ ਸਕੋਗੇ ਹੁਣ ਨਿਚਲੇ।
ਤਰਕ ਤੁਹਾਨੂੰ ਦੁਰਕਾਰ ਰਿਹਾ ਹੈ,
ਅਸੂਲਾਂ ਦੀ ਤਾਂ ਗੱਲ ਹੀ ਛੱਡੋ,
ਧਰਮ ਨੂੰ ਧੁਰਾ ਬਣਾਉਣ ਲਈ ਹੁਣ,
ਜਿਹੜਾ ਮਰਜ਼ੀ ਸੱਪ ਤੁਸੀਂ ਕੱਢੋ।

ਆਪਣੇ ਧਰਮ ਨੂੰ ਦਾਅ 'ਤੇ ਲਾ ਕੇ,
ਸਿਰਸੇ ਜਾ ਕੇ ਗੋਡੇ ਟੇਕੇ,
ਕੁਰਸੀਆਂ ਖਾਤਰ ਸਾਰੇ ਪਾਸੇ,
ਵਿੰਗੇ ਟੇਢੇ ਕੀਤੇ ਕਈ ਠੇਕੇ।

ਜਥੇਦਾਰਾਂ ਦੇ ਵੱਡੇ ਸ਼ਮਲੇ,
ਕਦੀ ਹੁੰਦੇ ਸੀ ਸ਼ਾਨਾਂਮੱਤੇ,
ਘੋਨ-ਮੋਨ ਜਿਹੇ ਕਾਕੇ ਬਿੱਟੂ,
ਨਿੱਤ ਲੱਗਦੇ ਨੇ ਸਾਡੇ ਮੱਥੇ।

ਅਕਾਲ ਦਾ ਐੜਾ ਉਡ ਗਿਆ ਹੈ,
ਕਾਲ ਹੁਣ ਸਿਰ ਤੁਹਾਡੇ ਕੂਕੇ,
ਕਾਲਖ ਦਾ ਨ੍ਹੇਰਾ ਤੁਹਾਡੇ ਦੁਆਲੇ,
ਉਮੀਦ ਦੀ ਚਿੜੀ ਕਿਤੇ ਨਾ ਚੂਕੇ।



-ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ.ਕੇ.

ਪੰਜਾਬ ਮੇਲ USA

## ਰਾਵਲਪਿੰਡੀ

***ਤਕਸੀਮ ਹਿੰਦ 'ਤੇ ਵਿਸ਼ੇਸ਼ : ਉਰਦੂ ਗ਼ਜ਼ਲ***

ਸਾਨ੍ਹ ਯਹ ਮਿਰੀ ਜ਼ਿੰਦਗੀ ਸਹਿ ਗਈ
ਮੈਂ ਯਹਾਂ ਆ ਗਯਾ ਵੁਹ ਵਹਾਂ ਰਹ ਗਈ

ਕੁਛ ਮੈਂ ਨਾ ਕਰ ਸਕਾ ਦੇਖਤਾ ਰਹ ਗਯਾ
ਕੁਛ ਨਾ ਵੁਹ ਕਰ ਸਕੀ ਦੇਖਤੀ ਰਹ ਗਈ


ਲੋਗ ਕਹਿਤੇ ਹੈਂ ਤਕਸੀਮ ਸਬ ਹੋ ਗਯਾ
ਜੋ ਨਹੀਂ ਬਟ ਸਕੀ ਚੀਜ਼ ਵੁਹ ਰਹ ਗਈ

ਰਾਸਤੋਂ ਮੇਂ ਖੜ੍ਹੀ ਹੋ ਗਈ ਸਰਹੱਦੇਂ
ਸਰਹੱਦੋਂ ਮੇਂ ਖੜ੍ਹੀ ਬੇਵਸੀ ਰਹ ਗਈ

ਯਾਦ ਪਿੰਡੀ ਕੀ ਆਤੀ ਹੈ ਅਬ ਕਿਸ ਲੀਏ
ਮੇਰੀ ਮਿੱਟੀ ਥੀ ਜਿਹਲਮ ਮੇਂ ਵੁਹ ਬਹ ਗਈ

ਉਨ੍ਹ ਜ਼ਮੀਨੋਂ ਨੇ ਕਿਤਨਾ ਲਹੂ ਪੀ ਲੀਯਾ
ਯਹ ਖ਼ਬਰ ਅਸਮਾਨੋਂ ਤਲਕ ਰਹ ਗਈ

ਦੇ ਗਈ ਘਰ ਗਲੀ ਸ਼ਹਿਰ ਮੇਰਾ ਕਿਸੇ
ਕਯਾ ਪਤਾ ਕਿਸ ਸੇ 'ਬਖ਼ਸ਼ੀ' ਵੁਹ ਕਯਾ ਕਹ ਗਈ



ਲੇਖਕ: ਆਨੰਦ ਬਖ਼ਸ਼ੀ ਬੰਬਈ
(ਫ਼ਿਲਮੀ ਗੀਤਾਂ ਦਾ ਮਸ਼ਹੂਰ ਲੇਖਕ)
ਲਿਪੀਅੰਤਰ: ਸਤਵੀਰ ਸਿੰਘ ਚਾਨੀਆਂ
92569-73526
(ਐਵਾਨਿ ਉਰਦੂ, ਅਪ੍ਰੈਲ 1999 ਚੋਂ, ਧੰਨਵਾਦ ਸਹਿਤ)

ਪੰਜਾਬ ਮੇਲ USA

## ਕਿੱਦਾਂ ਦੀ ਆਜ਼ਾਦੀ ਆ

ਪੈਰ ਬੰਨ੍ਹੇ ਹੋਏ ਆ
ਗੋਡੇ ਭੰਨੇ ਹੋਏ ਆ
ਹੱਥੀਂ ਹੱਥਕੜੀਆਂ
ਨਬਜ਼ਾਂ ਨੇ ਠਰੀਆਂ
ਬੁੱਲ੍ਹ ਸੀਤੇ ਪਏ ਆ
ਬੰਦ ਕੀਤੇ ਪਏ ਆ
ਜੀਭਾਂ ਉੱਤੇ ਜਿੰਦੇ ਆ
ਬੋਲਣ ਨਾ ਦਿੰਦੇ ਆ
ਅੱਖਾਂ ਮੂਹਰੇ ਨੇਹਰ ਆ
ਮੂੰਹਾਂ 'ਤੇ ਚਪੇੜ ਆ
ਸਿਰ ਝੁਕੇ ਹੋਏ ਆ
ਸਾਹ ਰੁਕੇ ਹੋਏ ਆ
ਓਹਨੂੰ ਅੱਤਵਾਦੀ ਕਹਿੰਦੇ ਜਿਹੜਾ ਬੰਦਾ ਬਾਗੀ ਆ
ਸਮਝ ਨੀ ਆਈ ਇਹੋ ਕਿੱਦਾਂ ਦੀ ਆਜ਼ਾਦੀ ਆ

ਹੱਕਾਂ 'ਤੇ ਪਬੰਦੀ ਆ, ਸਿੰਘ ਸੂਰੇ ਬੰਦੀ ਆ
ਜੇਹਲਾਂ ਵਿਚ ਡੱਕੇ ਆ, ਸ਼ਰੇਆਮ ਧੱਕੇ ਆ
ਧੱਕੇ ਨਾਲ ਰੱਖੇ ਆ ਐਸੇ ਖੇਡੇ ਪੱਤੇ ਆ
ਮੁੱਕੀਆਂ ਸਜ਼ਾਵਾਂ ਨੇ, ਤੁਰ ਗਈਆਂ ਮਾਵਾਂ ਨੇ
ਗੂੰਗੀਆਂ ਅਦਾਲਤਾਂ, ਚੁੱਪ ਨੇ ਵਕਾਲਤਾਂ
ਨਾ ਚੱਲਦੀ ਦਲੀਲ ਆ, ਨਾ ਸੁਣਦਾ ਅਪੀਲ ਆ
ਸਾਧਾਂ ਲਈ ਬੇਲਾਂ ਨੇ, ਸਿੰਘਾਂ ਲਈ ਜੇਹਲਾਂ ਨੇ
ਵੋਟਾਂ ਦਾ ਸਵਾਲ ਏ, ਨੋਟਾਂ ਦਾ ਕਮਾਲ ਏ
ਸੱਚਿਆਂ ਨੂੰ ਹਾਰਾਂ ਅਤੇ ਚੋਰਾਂ ਹੱਥ ਬਾਜ਼ੀ ਆ
ਫੇਰ ਦੱਸੋ ਯਾਰੋ ਇਹੋ, ਕਿੱਦਾਂ ਦੀ ਆਜ਼ਾਦੀ ਆ

ਅੰਨਦਾਤਾ ਭੁੱਖਾ ਏ, ਸੜਕਾਂ 'ਤੇ ਸੁੱਤਾ ਏ
ਬੈਰੀਕੇਟ ਲੱਗੇ ਆ, ਮੌਤ ਖੜ੍ਹੀ ਅੱਗੇ ਆ
ਪੈਰਾਂ ਵਿਚ ਕੰਡੇ ਆ ਸਿਰਾਂ ਉੱਤੇ ਡੰਡੇ ਆ
ਤੰਗ ਬੜੇ ਬੰਦੇ ਆ ਗਲਾਂ ਵਿਚ ਫ਼ੰਦੇ ਆ
ਰੁੱਖਾਂ ਉੱਤੇ ਟੰਗੇ ਆ, ਬੱਚੇ ਭੁੱਖੇ ਨੰਗੇ ਆ
ਗਰੀਬੀਆਂ ਦੇ ਝੰਬੇ ਆ
ਜ਼ਮੀਨ ਸਾਰੀ ਵੇਚਤੀ, ਜਵਾਨੀ ਬਾਹਰ ਭੇਜਤੀ
ਆਪੇ ਪੈਰ ਵੱਢ ਲੇ, ਭਈਆਂ ਖੇਤ ਦੱਬ ਲੇ
ਵੈਰੀ ਚਾਲ ਚੱਲਗੇ, ਪੰਜਾਬ ਸਾਡਾ ਮੱਲਗੇ
ਸੌਹਾਂ ਖਾ ਕੇ ਲੀਡਰਾਂ ਨੇ ਜਾਨ ਸਾਡੀ ਖਾਧੀ ਆ
ਵੈਰੀ ਨੇ ਸਾਹੋਤੇਆ, ਖੇਡੀ ਚਾਲ ਡਾਹਢੀ ਆ
ਹਰ ਪਾਸੇ ਯਾਰੋ ਗਿਆ, ਮਾਰਿਆ ਪੰਜਾਬੀ ਆ
ਸਮਝ ਆਉਂਦੀ ਮੈਨੂੰ ਕਿੱਦਾਂ ਦੀ ਆਜ਼ਾਦੀ ਆ



ਕੁਲਵੀਰ ਸਿੰਘ ਡਾਨਸੀਵਾਲ, ਸਰੀ,
ਬੀ.ਸੀ. ਕੈਨੇਡਾ
778-863-2472

ਪੰਜਾਬ ਮੇਲ USA

## ਦੋਹੇ

ਸਤਲੁਜ ਰਾਵੀ ਕੂਕਦੇ ਕਿੱਧਰ ਗਿਆ ਚਨਾਬ
ਜਿਹਲਮ ਬਾਝੋਂ ਦੋਸਤੋ ਕਿੰਝ ਕਹਾਂ ਪੰਜਾਬ

ਰੱਬਾ ਸੁਣ ਲੈ ਬੇਨਤੀ ਕਰ ਦੇ ਸਭ ਕੁਝ ਠੀਕ
ਝਟਕੇ ਦੇ ਵਿਚ ਮੇਟਦੇ ਵਾਹਗੇ ਵਾਲੀ ਲੀਕ

ਨਸ਼ਿਆਂ ਢਾਹੇ ਗੱਭਰੂ ਘਰ-ਘਰ ਵੜੀ ਸ਼ਰਾਬ
ਗਾਮੇ ਦਾਰੇ ਵਾਂਗਰਾਂ ਜਿੱਤਣ ਕਿੰਝ ਖ਼ਿਤਾਬ

ਪਾਣੀ ਪੰਜਾਂ ਵਾਲੜੀ ਧਰਤੀ ਕਹਿਣ ਪੰਜਾਬ
ਬੋਤਲ ਦੇ ਵਿਚ ਕਾਸਤੋਂ ਥਾਂ-ਥਾਂ ਵਿਕਦੈ ਆਬ

ਦੇਸ਼ਾਂ ਵਿਚੋਂ ਦੇਸ਼ ਹੈ ਦੇਸ਼ ਮੇਰਾ ਪੰਜਾਬ
ਭਿੰਨੀ ਖ਼ੁਸ਼ਬੂ ਵੰਡਦਾ ਸੂਹਾ ਫੁੱਲ ਗੁਲਾਬ

ਹਾੜੇ ਕੱਢਾਂ ਦਾਤਿਆ ਅਰਜ਼ਾਂ 'ਤੇ ਕਰ ਗੌਰ
'ਕੱਠੇ ਕਰ ਦੇ ਮਾਲਕਾ ਅੰਮ੍ਰਿਤਸਰ ਲਾਹੌਰ

ਡੂੰਘਾ ਹੋਈ ਜਾਂਵਦਾ ਧਰਤੀ ਵਿਚਲਾ ਆਬ
ਉਤੋਂ ਹੋਗੇ ਗੰਧਲੇ ਕੀ ਟੋਬੇ ਕੀ ਢਾਬ

ਕਿਰਤ ਕਰਨ ਨਾ ਜਾਣਦੇ ਚੌਬਰ ਬਣੇ ਨਵਾਬ
ਮਿਹਨਤ ਬਾਝੋਂ ਨਾ ਕਦੇ ਪੂਰੇ ਹੋਵਣ ਖ਼ਾਬ

ਘੱਤ ਵਹੀਰਾਂ ਦੇਸ਼ ਤੋਂ ਨਿਕਲੇ ਬੇਰੁਜ਼ਗਾਰ
ਕੌਣ ਜਗਾਵੇ ਨੀਦ ਤੋਂ ਸੁੱਤੀ ਹੈ ਸਰਕਾਰ

ਆਟਾ ਦਾਲਾਂ ਮੰਗ ਨਾ ਜਾ ਜਾ ਕੇ ਦਰਬਾਰ
ਪੜ੍ਹ-ਲਿਖ ਮੰਗੀਂ ਨੌਕਰੀ ਜਾਂ ਪੱਕਾ ਰੁਜ਼ਗਾਰ

-ਨਿਰਮਲ ਸਿੰਘ ਰੱਤਾ।
84270-07623

ਪੰਜਾਬ ਮੇਲ USA

## ਛਲਕ ਰਹੇ ਪੈਮਾਨੇ ਆਂ

1. ਅਸੀਂ ਕਲਗੀਧਰ ਦੀ ਸਿੱਖੀ ਦੇ, ਕੁੱਝ ਛਲਕ ਰਹੇ ਪੈਮਾਨੇ ਆਂ।
ਅਸੀਂ ਆਣ ਦੇ ਪਿੱਛੇ ਮਰਨੇ ਲਈ, ਅਣ ਆਈ ਮੌਤ ਬੁਲਾਨੇ ਆਂ।
ਅਸੀਂ ਸੀਸ ਤਲੀ 'ਤੇ ਧਰਦੇ ਹਾਂ, ਜਦ ਗਲੀ ਯਾਰ ਦੀ ਜਾਨੇ ਆਂ।
ਸਾਡੀ ਸਮਾਂ ਸ਼ਹੀਦੀ ਦੱਸਦੀ ਐ, ਜ਼ਿਦੇ ਆਸ਼ਕ ਅਸੀਂ ਪੁਰਾਨੇ ਆਂ।
ਸਾਡੇ ਸਾਜ਼ ਦਿਲਾਂ ਦੇ ਟੁੱਟੇ ਨੇ, ਪਰ ਫਿਰ ਵੀ ਇਹੋ ਚ੍ਹਾਨੇ ਆਂ।
ਆਜ਼ਾਦ ਦੇਸ਼ ਦੇ ਅੰਦਰ ਇਕ, ਆਜ਼ਾਦ ਹੈਸੀਅਤ ਚ੍ਹਾਨੇ ਆਂ।
2. ਜੇ ਰਾਜ ਲਿਆ ਭਾਰਤ ਨੇ, ਹੋਈ ਕੁਰਬਾਨੀ ਸਾਂਝੀ ਏ।
ਤੁਸੀਂ ਮੰਨੋ ਭਾਵੇਂ ਨਾ ਮੰਨੋ, ਇਹ ਰਾਮ ਕਹਾਨੀ ਸਾਂਝੀ ਏ।
ਜੋ ਆਪਣੀ ਆਪਣੀ ਸਾਂਝੀ ਏ, ਜੇ ਜਾਣੀ ਜਾਣੀ ਸਾਂਝੀ ਏ।
ਸਾਂਝੀ ਨੂੰ ਸਾਂਝੀ ਰਹਿਣ ਦਿਓ, ਤੁਸੀਂ ਅਕਲਮੰਦ ਅਸੀਂ ਦਾਨੇ ਆਂ।
ਆਜ਼ਾਦ ਦੇਸ਼ ਦੇ ਅੰਦਰ ਇਕ... ....।
3. ਤੁਸੀਂ ਵੱਡੇ ਹੋ ਕੇ ਛੋਟਿਆਂ ਤੋਂ, ਜੇ ਕਦਰ ਕਰਾਣਾ ਚਾਂਹਦੇ ਹੋ।
ਤੁਸੀਂ ਨੈਣ ਹੋ ਸਾਡੇ ਨੈਣਾਂ ਦੇ, ਜੇ ਕੱਲ੍ਹ ਬਚਾਅ ਲਉ ਚੰਗਾ ਹਊ।
ਤੁਸੀਂ ਭਾਈਆਂ ਨਾਲ ਝਗੜੇ ਨਾ, ਦਿਲ ਨੂੰ ਸਮਝਾ ਲਉ ਚੰਗਾ ਹਊ।
ਤੁਸੀਂ ਨਾਲ ਪਿਆਰ ਦੇ ਸਮੇਂ ਤੋਂ, ਪਾਣੀ ਭਰਵਾ ਲਉ ਚੰਗਾ ਹਊ।
ਮਿਲ-ਮਿਲ ਕੇ ਰਹਿਣਾ ਚ੍ਹਾਨੇ ਆਂ ਅਤੇ ਪਿਆਰ ਨਾਲ ਸਮਝਾਨੇ ਆਂ।
ਆਜ਼ਾਦ ਦੇਸ਼ ਦੇ ਅੰਦਰ ਇਕ... ....।
4. ਅਸੀਂ ਹੜ੍ਹ ਆਂ ਪੰਜ ਦਰਿਆਵਾਂ ਦੇ, ਜੋ ਝਾੜ ਫੂਸ ਤੋਂ ਰੁਕਦੇ ਨਈਂ।
ਕਈ ਡੱਡੀਆਂ ਮੱਛੀਆਂ ਪੀਣ ਪਾਣੀ, ਇਹ ਸੋਮੇਂ ਕਦੇ ਵੀ ਸੁੱਕਦੇ ਨਈਂ।
ਕੱਟ ਜਾਣ ਅਸਾਂ ਦੇ ਸਿਰ ਭਾਵੇਂ, ਪਰ ਕਿਸੇ ਦੇ ਅੱਗੇ ਝੁਕਦੇ ਨਈਂ।
ਅਸੀਂ ਟੈਂਕਾਂ, ਤੋਪਾਂ, ਗੋਲੀਆਂ, ਬੰਬਾਂ, ਸੰਗੀਨਾਂ ਤੋਂ ਡਰਦੇ ਨਈਂ।
ਕੀ ਜੇਲ੍ਹ ਜ਼ੰਜੀਰਾਂ ਦੱਸਦੇ ਹੋ, ਇਹ ਟੱਟੇ ਰੋਜ਼ ਮੁਕਾਨੇ ਆਂ।
ਆਜ਼ਾਦ ਦੇਸ਼ ਦੇ ਅੰਦਰ ਇਕ... ....।



ਲੇਖਕ: ਦੀਵਾਨ ਸਿੰਘ ਮਹਿਰਮ
ਬਾ ਜ਼ਰੀਆ: ਸਤਵੀਰ ਸਿੰਘ ਚਾਨੀਆਂ
92569-73526

ਪੰਜਾਬ ਮੇਲ USA


REALTY ONE GROUP
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com